**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV






**ਅੰਦਰਲੀ ਖ਼ਬਰ**
ਫ਼ਲਾਵਰ ਸਿਟੀ ਫ਼ਰੈਂਡਜ਼ ਸੀਨੀਅਰਜ਼ ਕਲੱਬ ਨੇ 'ਫ਼ਾਦਰਜ਼ ਡੇਅ' ਹੈਮਿਲਟਨ ਵਿਖੇ ਝੀਲ ਕਿਨਾਰੇ ਖ਼ੂਬਸੂਰਤ ਬੀਚ 'ਤੇ ਮਨਾਇਆ
05

**ਅੰਦਰਲੀ ਖ਼ਬਰ**
ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ ਨੇ 'ਮਿੰਨੀ-ਸੈਮੀਨਾਰ' ਦਾ ਰੂਪ ਧਾਰਿਆ
07



ਪੰਨਾ ਨੰ.:6 **ਲੇਖ**
ਬਿਨ ਤਰਿਆਂ ਦਰਿਆ ਪਾਰ ਨਹੀਂ ਹੁੰਦਾ!





PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
19 ਜੂਨ ਤੋਂ 25 ਜੂਨ, 2025
Email :- editor@punjabstar.com, Vo. 20. Issue:1190


# ਕੈਨੇਡਾ -ਅਮਰੀਕਾ 'ਚ ਜਲਦ ਵਪਾਰਕ ਸਮਝੌਤਾ ਕਰਨ 'ਤੇ ਬਣੀ ਸਹਿਮਤੀ

## ਕੈਨੇਡਾ -ਭਾਰਤ ਡਿਪਲੋਮੈਟ ਰਿਸ਼ਤੇ ਆਮ ਕਰਨ ਲਈ ਹੋਏ ਸਹਿਮਤ ਅਤੇ ਇਜ਼ਰਾਈਲ ਦੇ ਸਵੈ ਰੱਖਿਆ ਦੇ ਅਧਿਕਾਰ ਦਾ ਹੋਇਆ ਸਮਰਥਨ




ਕੁਲਤਰਨ ਸਿੰਘ ਪਧਿਆਣਾ

ਕੈਨੇਡਾ ਦੇ ਕਨਾਸਕਿਸ ਹਿੱਲ ਟਾਊਨ 'ਚ ਕਰਵਾਏ ਗਏ ਗਰੇਟ ਸੱਤ ਦੇਸ਼ਾਂ ਦੇ 51 ਵੇਂ ਸੰਮੇਲਨ ਦੀ ਬੀਤੇ ਦਿਨੀਂ ਸ਼ੁਰੂਆਤ ਹੋਈ ਜਿਸ 'ਚ ਸਾਰੇ ਗਰੇਟ -7 ਦੇਸ਼ਾਂ ਦੇ ਮੁੱਖੀ ਸ਼ਾਮਿਲ ਹੋਏ। ਇਸ ਤੋਂ ਇਲਾਵਾ ਜੀ-20 ਦੇਸ਼ਾਂ ਦੇ ਮੁਖੀ ਵੀ ਜਿਆਦਾਤਰ ਸ਼ਾਮਿਲ ਹੋਏ ਜਿਨ੍ਹਾਂ 'ਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਕੈਨੇਡਾ ਪਹੁੰਚੇ ਹਨ । ਉਨ੍ਹਾਂ ਦੀ ਆਮਦ 'ਤੇ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਪ੍ਰਦਰਸ਼ਨ ਵੀ ਕੀਤੇ ਗਏ ਹਨ।

ਅਲਬਰਟਾ ਵਿੱਚ G7 ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਹੋਈ ਮੁਲਾਕਾਤ ਤੋਂ ਬਾਅਦ ਕੈਨੇਡਾ ਅਤੇ ਭਾਰਤ ਨਵੇਂ ਹਾਈ ਕਮਿਸ਼ਨਰ ਨਿਯੁਕਤ ਕਰਨ ਅਤੇ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਲਈ ਨਿਯਮਤ ਕੂਟਨੀਤਕ ਸੇਵਾਵਾਂ ਬਹਾਲ ਕਰਨ ਲਈ ਵੀ ਸਹਿਮਤ ਹੋਏ ਹਨ। ਦੋਵਾਂ ਮੁਲਕਾਂ ਵੱਲੋਂ ਪਿਛਲੇ ਸਾਲ ਇੱਕ ਦੂਜੇ ਦੇ ਹਾਈ ਕਮਿਸ਼ਨਰ ਅਤੇ ਹੋਰਨਾਂ ਡਿਪਲੋਮੈਟ ਅਧਿਕਾਰੀਆਂ ਨੂੰ ਕਢਿਆ ਗਿਆ ਸੀ।

ਇਸ ਸੰਮੇਲਨ 'ਚ ਜਿਥੇ ਵੱਖ ਵੱਖ ਦੇਸ਼ਾਂ ਦੇ ਮੁੱਖੀਆਂ ਵਿੱਚ ਦੁਪਾਸੜ ਮੁਲਾਕਾਤਾਂ ਵੀ ਹੋਈਆਂ ਅਤੇ ਇੱਕ ਸਾਂਝੀ ਕਾਨਫਰੰਸ ਵੀ ਕੀਤੀ ਗਈ।

ਸੰਮੇਲਨ ਦੇ ਪਹਿਲੇ ਦਿਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਰਮਿਆਨ ਇੱਕ * ਬਾਕੀ ਸਫਾ 2 'ਤੇ

## ਕੈਨੇਡਾ-ਭਾਰਤ G7 ਸੰਮੇਲਨ ਵਿਖੇ ਨਵੇਂ ਹਾਈ ਕਮਿਸ਼ਨਰਾਂ ਦੇ ਨਾਵਾਂ, ਕੂਟਨੀਤਕ ਸਬੰਧਾਂ ਨੂੰ ਬਹਾਲ ਕਰਨ ਲਈ ਸਹਿਮਤ

### ਪ੍ਰਧਾਨ ਮੰਤਰੀ ਕਾਰਨੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ

ਟੋਰਾਂਟੋ (ਬਲਜਿੰਦਰ ਸੇਖਾ) ਕੈਨੇਡਾ ਦੇ ਸੂਬੇ ਅਲਬਰਟਾ ਵਿੱਚ ਅੱਜ, ਕੈਨੇਡਾ ਦੇ ਪ੍ਰਧਾਨ ਮੰਤਰੀ, ਮਾਰਕ ਕਾਰਨੀ ਨੇ, ਅਲਬਰਟਾ ਦੇ ਕਾਨਾਨਾਸਕਿਸ ਸ਼ਹਿਰ ਵਿੱਚ G7 ਲੀਡਰਸ ਸੰਮੇਲਨ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ, ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਕਾਰਨੀ ਅਤੇ ਪ੍ਰਧਾਨ ਮੰਤਰੀ ਮੋਦੀ ਨੇ ਆਪਸੀ ਸਤਿਕਾਰ, ਕਾਨੂੰਨ ਦੇ ਰਾਜ ਅਤੇ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੇ ਸਿਧਾਂਤ ਪ੍ਰਤੀ ਵਚਨਬੱਧਤਾ 'ਤੇ ਅਧਾਰਤ ਕੈਨੇਡਾ-ਭਾਰਤ ਸਬੰਧਾਂ ਦੀ ਮਹੱਤਤਾ ਦੀ ਪੁਸ਼ਟੀ ਕੀਤੀ। ਦੋਵੇਂ ਆਗੂ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਅਤੇ ਕਾਰੋਬਾਰਾਂ ਨੂੰ ਨਿਯਮਤ ਸੇਵਾਵਾਂ 'ਤੇ ਵਾਪਸ ਆਉਣ ਦੇ ਉਦੇਸ਼ ਨਾਲ ਨਵੇਂ ਹਾਈ ਕਮਿਸ਼ਨਰ ਨਿਯੁਕਤ ਕਰਨ 'ਤੇ ਸਹਿਮਤ ਹੋਏ।



ਉਨ੍ਹਾਂ ਨੇ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਮਜ਼ਬੂਤ ਅਤੇ ਇਤਿਹਾਸਕ ਸਬੰਧਾਂ, ਇੰਡੋ-ਪੈਸੀਫਿਕ ਵਿੱਚ ਸਾਂਝੇਦਾਰੀ, ਅਤੇ ਕੈਨੇਡਾ ਅਤੇ ਭਾਰਤ ਵਿਚਕਾਰ ਮਹੱਤਵਪੂਰਨ ਵਪਾਰਕ ਸਬੰਧਾਂ 'ਤੇ ਚਰਚਾ ਕੀਤੀ-ਜਿਸ ਵਿੱਚ ਆਰਥਿਕ ਵਿਕਾਸ, ਸਪਲਾਈ ਚੇਨ ਅਤੇ ਊਰਜਾ ਪਰਿਵਰਤਨ ਵਿੱਚ ਸਾਂਝੇਦਾਰੀ ਸ਼ਾਮਲ ਹੈ। ਪ੍ਰਧਾਨ ਮੰਤਰੀ ਕਾਰਨੀ ਨੇ G7 ਏਜੰਡੇ 'ਤੇ ਤਰਜੀਹਾਂ ਨੂੰ ਉਭਾਰਿਆ, ਜਿਸ ਵਿੱਚ ਅੰਤਰ-ਰਾਸ਼ਟਰੀ ਅਪਰਾਧ ਅਤੇ ਦਮਨ, ਸੁਰੱਖਿਆ ਅਤੇ ਨਿਯਮ-ਅਧਾਰਤ ਵਿਵਸਥਾ ਸ਼ਾਮਲ ਹੈ।

ਆਗੂਆਂ ਨੇ ਤਕਨਾਲੋਜੀ, ਡਿਜੀਟਲ ਤਬਦੀਲੀ, ਖੁਰਾਕ ਸੁਰੱਖਿਆ ਅਤੇ ਮਹੱਤਵਪੂਰਨ ਖਣਿਜ ਵਰਗੇ ਖੇਤਰਾਂ ਵਿੱਚ ਸ਼ਮੂਲੀਅਤ ਨੂੰ ਡੂੰਘਾ ਕਰਨ ਦੇ ਮੌਕਿਆਂ 'ਤੇ ਵੀ ਚਰਚਾ ਕੀਤੀ। ਕੈਨੇਡਾ, ਭਾਰਤ ਵੱਲੋਂ G7 ਵਿਖੇ ਨਵੇਂ ਹਾਈ ਕਮਿਸ਼ਨਰਾਂ ਦੇ ਨਾਵਾਂ, ਕੂਟਨੀਤਕ ਸਬੰਧਾਂ ਨੂੰ ਬਹਾਲ ਕਰਨ ਲਈ ਸਹਿਮਤ ਦਿੱਤੀ। ਜਿਸ ਨਾਲ ਲੱਗ ਰਿਹਾ ਕਿ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿੱਚ ਸੁਧਾਰ ਹੋਵੇਗਾ।

## G7 ਸੰਮੇਲਨ 'ਚ PM ਮੋਦੀ ਬੋਲੇ- 'ਅੱਤਵਾਦ ਮਨੁੱਖਤਾ ਦਾ ਦੁਸ਼ਮਣ ਹੈ, ਸਮਰਥਨ ਦੇਣ ਵਾਲਿਆਂ ਨੂੰ ਚੁਕਾਉਣੀ ਹੋਵੇਗੀ ਕੀਮਤ'



(ਪੰਜਾਬ ਸਟਾਰ ਬਿਊਰੋ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-7 ਸਿਖਰ ਸੰਮੇਲਨ ਵਿਚ ਅੱਤਵਾਦ ਖਿਲਾਫ ਆਪਣਾ ਸਖਤ ਰੁਖ ਜ਼ਾਹਿਰ ਕੀਤਾ ਹੈ। ਪੀਐੱਮ ਮੋਦੀ ਨੇ ਜੀ-7 ਦੇ ਨੇਤਾਵਾਂ ਨੂੰ ਅੱਤਵਾਦ ਖਿਲਾਫ ਕਾਰਵਾਈ ਤੇਜ਼ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਤਵਾਦ ਨੂੰ 'ਬੜ੍ਹਾਵਾ ਤੇ ਸਮਰਥਨ' ਦੇਣ ਵਾਲਿਆਂ ਖਿਲਾਫ ਸਖਤ ਕਦਮ ਚੁੱਕੇ ਜਾਣ ਦੀ ਲੋੜ ਹੈ। ਉਨ੍ਹਾਂ ਨੇ ਅੱਤਵਾਦ ਖਿਲਾਫ ਭਾਰਤ ਦੇ ਵਿਜ਼ਨ ਦੀ ਕਰਦਿਆਂ ਸਖਤ ਰੁਖ ਅਪਣਾਇਆ। * ਬਾਕੀ ਸਫਾ 2 'ਤੇ

## ਇਜ਼ਰਾਈਲ ਨੇ ਹਮਲੇ ਕੀਤੇ ਤੇਜ਼

### ਈਰਾਨ 'ਚ ਲਗਭਗ 600 ਲੋਕਾਂ ਦੀ ਮੌਤ ਤੇ 1300 ਤੋਂ ਵਧੇਰੇ ਜ਼ਖਮੀ



ਦੁਬਈ : ਈਰਾਨ ਅਤੇ ਇਜ਼ਰਾਈਲ ਵਿਚ ਟਕਰਾਅ ਭਿਆਨਕ ਜੰਗ ਵਿਚ ਤਬਦੀਲ ਹੋ ਗਿਆ ਹੈ। ਦੋਵੇਂ ਦੇਸ਼ ਲਗਾਤਾਰ ਇਕ-ਦੂਜੇ 'ਤੇ ਹਮਲੇ ਕਰ ਰਹੇ ਹਨ। ਇਜ਼ਰਾਈਲੀ ਹਮਲਿਆਂ ਵਿੱਚ ਈਰਾਨ ਭਰ ਵਿੱਚ ਘੱਟੋ-ਘੱਟ 585 ਲੋਕ ਮਾਰੇ ਗਏ ਹਨ ਅਤੇ 1,326 ਹੋਰ ਜ਼ਖਮੀ ਹੋਏ ਹਨ। ਇੱਕ ਮਨੁੱਖੀ ਅਧਿਕਾਰ ਸਮੂਹ ਨੇ ਬੁੱਧਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ।

ਵਾਸ਼ਿੰਗਟਨ ਸਥਿਤ ਸਮੂਹ ਹਿਊਮਨ ਰਾਈਟਸ ਐਕਟੀਵਿਸਟਸ ਨੇ ਕਿਹਾ ਕਿ ਉਸਨੇ ਮ੍ਰਿਤਕਾਂ * ਬਾਕੀ ਸਫਾ 2 'ਤੇ

## ਅਮਰੀਕਾ ਤੋਂ ਸੈਲਫ਼ ਡਿਪੋਰਟ ਹੋਏ 10 ਲੱਖ ਪ੍ਰਵਾਸੀ

### ਕਿਰਤੀਆਂ ਦੀ ਉਜਰਤ ਦਰ ਵਿੱਚ ਹੋਇਆ ਵਾਧਾ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਅਮਰੀਕਾ ਤੋਂ ਸੈਲਫ਼ ਡਿਪੋਰਟ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ 10 ਲੱਖ ਤੋਂ ਟੱਪ ਚੁੱਕੀ ਹੈ ਅਤੇ ਇਸ ਦਾ ਸਿੱਧਾ ਫਾਇਦਾ ਸਥਾਨਕ ਕਿਰਤੀਆਂ ਨੂੰ ਹੋਇਆ ਹੈ ਜਿਨ੍ਹਾਂ ਦੀਆਂ ਉਜਰਤਾਂ ਦਰਾਂ ਵਿਚ ਵਾਧਾ ਦਰਜ ਕੀਤਾ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਵਿਦੇਸ਼ਾਂ ਵਿਚ ਜੰਮੇ ਕਿਰਤੀਆਂ ਦੀ ਗਿਣਤੀ ਵਿਚ 7 ਲੱਖ 73 ਹਜ਼ਾਰ ਤੋਂ 10 ਲੱਖ ਤੱਕ ਦੀ ਕਮੀ ਆਉਣ ਦੇ ਸੰਕੇਤ ਮਿਲ ਰਹੇ ਹਨ ਜਦਕਿ ਵਾਸ਼ਿੰਗਟਨ ਪੋਸਟ ਦੀ ਰਿਪੋਰਟ ਵਿਚ ਸਾਫ਼ ਤੌਰ 'ਤੇ ਦੱਸਿਆ ਗਿਆ ਹੈ ਕਿ ਮਾਰਚ ਮਹੀਨੇ ਮਗਰੋਂ 10 ਲੱਖ ਵਿਦੇਸ਼ੀ ਕਾਮੇ ਅਮਰੀਕਾ ਛੱਡ ਕੇ ਜਾ ਚੁੱਕੇ ਹਨ ਅਤੇ ਇਸ ਦਾ ਅਸਰ ਕਿਰਤੀ ਬਾਜ਼ਾਰ 'ਤੇ ਪੈ ਰਿਹਾ ਹੈ।

ਮਈ ਮਹੀਨੇ ਦੌਰਾਨ ਔਸਤਨ ਪ੍ਰਤੀ ਘੰਟਾ ਉਜਰਤ ਦਰ 36.24 ਡਾਲਰ ਦਰਜੀ ਕੀਤੀ ਗਈ ਜੋ ਅਪ੍ਰੈਲ ਦੇ ਮੁਕਾਬਲੇ ਵੱਧ ਬਣਦੀ ਹੈ। ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਟਰੰਪ ਸਰਕਾਰ ਵੱਲੋਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਦਿਆਂ ਉਨ੍ਹਾਂ ਦੇ ਜੱਦੀ ਮੁਲਕ ਦਾ ਖਿਆਲ ਨਹੀਂ * ਬਾਕੀ ਸਫਾ 2 'ਤੇ

## ਜੀ-7 ਨੇਤਾਵਾਂ ਨੇ ਇਜ਼ਰਾਈਲ ਅਤੇ ਇਰਾਨ ਵਿਚਕਾਰ ਤਣਾਅ ਘਟਾਉਣ ਦੀ ਕੀਤੀ ਅਪੀਲ



ਕਨਾਨਾਸਕੀਸ (ਪੰਜਾਬ ਸਟਾਰ ਬਿਊਰੋ): ਕੈਨੇਡਾ 'ਚ ਹੋਈ ਜੀ-7 ਦੇਸ਼ਾਂ ਦੀ ਬੈਠਕ ਦੇ ਨੇਤਾਵਾਂ ਨੇ ਇਕ ਸਾਂਝੇ ਬਿਆਨ ਉਤੇ ਹਸਤਾਖਰ ਕੀਤੇ, ਜਿਸ 'ਚ ਇਜ਼ਰਾਈਲ ਅਤੇ ਈਰਾਨ ਵਿਚਾਲੇ ਤਣਾਅ ਨੂੰ ਘੱਟ ਕਰਨ ਦੀ ਮੰਗ ਕੀਤੀ ਗਈ ਅਤੇ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਈਰਾਨ ਨੂੰ ਪ੍ਰਮਾਣੂ ਬੰਬ ਰੱਖਣ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ। ਬਿਆਨ 'ਚ ਕਿਹਾ ਗਿਆ ਹੈ, 'ਅਸੀਂ ਜੀ-7 ਦੇ ਨੇਤਾ ਮੱਧ ਪੂਰਬ 'ਚ ਸ਼ਾਂਤੀ ਅਤੇ ਸਥਿਰਤਾ ਲਈ ਅਪਣੀ ਵਚਨਬੱਧਤਾ ਦੁਹਰਾਉਂਦੇ ਹਾਂ। ਇਸ ਸੰਦਰਭ 'ਚ, ਅਸੀਂ ਪੁਸ਼ਟੀ ਕਰਦੇ ਹਾਂ ਕਿ ਇਜ਼ਰਾਈਲ ਨੂੰ * ਬਾਕੀ ਸਫਾ 2 'ਤੇ

## ਕੈਨੇਡਾ 'ਚ ਅਬਾਦੀ ਵਾਧੇ ਨੂੰ ਲੱਗੀਆਂ ਬਰੇਕਾਂ, ਕੱਚਿਆਂ ਦੀ ਗਿਣਤੀ ਵੀ ਘਟਣ ਲੱਗੀ

### ਚਾਲੂ ਵਰ੍ਹੇ ਦੀ ਪਹਿਲੀ ਤਿਮਾਹੀ ਦੇ ਅੰਕੜੇ ਜਾਰੀ



ਵੈਨਕੂਵਰ (ਪੰਜਾਬ ਸਟਾਰ ਬਿਊਰੋ): ਅੰਕੜਾ ਵਿਭਾਗ ਵਲੋਂ ਆਬਾਦੀ ਸਬੰਧੀ ਇਸ ਸਾਲ ਦੀ ਪਹਿਲੀ ਤਿਮਾਹੀ ਦੇ ਜਾਰੀ ਕੀਤੇ ਅੰਕੜਿਆਂ ਤੋਂ ਬਾਅਦ ਆਬਾਦੀ ਵਾਧੇ ਨੂੰ ਬਰੇਕ ਲੱਗਦੀ ਨਜ਼ਰ ਆਈ ਹੈ। ਰਿਪੋਰਟ ਅਨੁਸਾਰ 31 ਮਾਰਚ ਤੱਕ ਕੈਨੇਡਾ ਆਬਾਦੀ 41,548,787 ਹੋ ਗਈ ਹੈ। * ਬਾਕੀ ਸਫਾ 2 'ਤੇ

## ਜਬਰੀ ਵਸੂਲੀ ਤੇ ਟੋਇੰਗ ਉਦਯੋਗ ਨਾਲ ਜੁੜੇ ਅਪਰਾਧਿਕ ਨੈੱਟਵਰਕ ਦਾ ਪਰਦਾਫ਼ਾਸ਼, 18 ਲੋਕ ਗ੍ਰਿਫ਼ਤਾਰ




(ਪੰਜਾਬ ਸਟਾਰ ਬਿਊਰੋ) ਟੋਇੰਗ ਉਦਯੋਗ ਨਾਲ ਜੁੜੇ ਬਰੈਂਪਟਨ-ਅਧਾਰਤ ਸੰਗਠਿਤ ਅਪਰਾਧਕ ਨੈੱਟਵਰਕ ਦਾ ਪਰਦਾਫ਼ਾਸ਼ ਕਰਦੇ ਹੋਏ ਪੀਲ ਪੁਲਿਸ ਨੇ 18 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਇਨ੍ਹਾਂ ਦੀ 4.2 ਮਿਲੀਅਨ ਡਾਲਰ ਤੋਂ ਵੱਧ ਦੀ ਜਾਇਦਾਦ ਜ਼ਬਤ ਕੀਤੀ ਹੈ। ਜਾਂਚਕਰਤਾਵਾਂ ਨੇ ਸੋਮਵਾਰ ਨੂੰ ਇੱਕ ਅਪਰਾਧਿਕ ਸੰਗਠਨ ਬਾਰੇ ਚੱਲ ਰਹੀ ਜਾਂਚ ਦੇ ਵੇਰਵੇ ਜਾਰੀ ਕੀਤੇ, ਜਿਸ ਬਾਰੇ ਮੰਨਿਆ ਜਾ ਰਿਹਾ ਹੈ ਉਹ ਖੇਤਰ 'ਚ ਵੱਡੀ ਗਿਣਤੀ 'ਚ ਜਬਰੀ ਵਸੂਲੀ ਦੀਆਂ ਘਟਨਾਵਾਂ ਅਤੇ ਸਬੰਧਤ ਹਿੰਸਾ ਨੂੰ ਅੰਜਾਮ ਦਿੰਦੇ ਸਨ। ਪੀਲ ਰੀਜਨਲ ਪੁਲਿਸ ਮੁਖੀ ਨਿਸ਼ਾਨ ਦੁਰਈਅੱਪਾ ਨੇ ਕਿਹਾ ਕਿ 11 ਮਹੀਨਿਆਂ ਤਕ ਚੱਲੀ ਜਾਂਚ ਖ਼ਾਸ ਤੌਰ 'ਤੇ ਦੱਖਣੀ ਏਸ਼ੀਆਈ ਭਾਈਚਾਰੇ ਅਤੇ ਕਾਰੋਬਾਰੀ ਮਾਲਕਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਹਿੰਸਕ ਜਬਰੀ ਵਸੂਲੀ ਦੀਆਂ ਧਮਕੀਆਂ ਵਿੱਚ ਵਾਧੇ ਦੇ ਜਵਾਬ ਵਿੱਚ ਸ਼ੁਰੂ ਕੀਤੀ ਗਈ ਸੀ।

ਦੁਰਈਅੱਪਾ ਨੇ ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, ''ਜ਼ਿਆਦਾਤਰ ਜਬਰੀ ਵਸੂਲੀ ਦੇ ਮਾਮਲੇ ਜਿਨ੍ਹਾਂ ਦੀ ਅਸੀਂ ਜਾਂਚ ਕਰ ਰਹੇ ਹਾਂ, ਉਨ੍ਹਾਂ ਦਾ ਕਾਰਨ ਇਸ ਅਪਰਾਧਿਕ ਸੰਗਠਨ ਅਤੇ ਇਸ ਨਾਲ ਜੁੜੇ ਲੋਕਾਂ ਨੂੰ ਮੰਨਿਆ ਜਾ ਸਕਦਾ ਹੈ।'' ਬਰੈਂਪਟਨ ਦੇ 17 ਪੁਰਸ਼ਾ ਅਤੇ ਕਿੰਗ ਸਿਟੀ ਦੀ ਇੱਕ ਔਰਤ 'ਤੇ ਹੁਣ ਤਕ ਕੁੱਲ 97 ਦੋਸ਼ ਲੱਗੇ ਹਨ। ਜਿਸ ਵਿੱਚ ਜਬਰਦਸਤੀ ਵਸੂਲੀ, ਕਿਸੇ ਅਪਰਾਧਿਕ ਸੰਗਠਨ ਵਿੱਚ ਹਿੱਸਾ ਲੈਣਾ ਅਤੇ ਉਸ ਨੂੰ ਨਿਰਦੇਸ਼ ਦੇਣਾ ਅਤੇ ਫ਼ਰਜ਼ੀ ਟੱਕਰ ਅਪਰਾਧ ਸ਼ਾਮਲ ਹਨ।

ਪੁਲਿਸ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਕਈ ਮੁਲਜ਼ਮ ਸਰਟੀਫ਼ਾਈਡ ਰੋਡਸਾਈਡ ਅਤੇ ਹੰਬਲ ਰੋਡਸਾਈਡ ਦੇ ਨਾਵਾਂ ਹੇਠ ਕੰਮ ਕਰਨ ਵਾਲੀਆਂ ਟੋਇੰਗ ਕੰਪਨੀਆਂ ਨਾਲ ਜੁੜੇ ਹੋਏ ਪਾਏ ਗਏ ਹਨ। ਜਾਂਚਕਰਤਾਵਾਂ * ਬਾਕੀ ਸਫਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਟਰੰਪ G7 ਸੰਮੇਲਨ ਛੱਡ ਕੇ ਅਮਰੀਕਾ ਲਈ ਰਵਾਨਾ

## ਕਿਹਾ- "ਮੈਂ ਜੰਗਬੰਦੀ ਲਈ ਵਾਪਸ ਨਹੀਂ ਆ ਰਿਹਾ"



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਬਾਰੇ ਕਿਹਾ ਹੈ ਕਿ ਉਹ ਹਮੇਸ਼ਾ ਗਲਤ ਗੱਲ ਕਰਦੇ ਹਨ। ਟਰੰਪ ਨੇ ਮੈਕਰੋਨ ਦੇ ਹੰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਫਰਾਂਸ ਦੇ ਰਾਸ਼ਟਰਪਤੀ ਹਮੇਸ਼ਾ ਪਬਲਿਸਿਟੀ ਚਾਹੁੰਦੇ ਹਨ। ਦਰਅਸਲ, ਰਾਸ਼ਟਰਪਤੀ ਮੈਕਰੋਨ ਨੇ ਦਾਅਵਾ ਕੀਤਾ ਸੀ ਕਿ ਟਰੰਪ ਕੈਨੇਡਾ ਵਿੱਚ ਆਯੋਜਿਤ G-7 ਸੰਮੇਲਨ ਨੂੰ ਜਲਦੀ ਛੱਡ ਗਏ ਕਿਉਂਕਿ ਉਹ ਇਜ਼ਰਾਈਲ-ਈਰਾਨ ਜੰਗਬੰਦੀ 'ਤੇ ਕੰਮ ਕਰ ਰਹੇ ਹਨ।

ਟਰੰਪ ਨੇ ਮੈਕਰੋਨ ਦੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਅਤੇ ਕਿਹਾ, 'ਪਬਲਿਸਿਟੀ ਦੇ ਭੁੱਖੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਗਲਤੀ ਨਾਲ ਕਿਹਾ ਕਿ ਮੈਂ ਕੈਨੇਡਾ ਵਿੱਚ G7 ਸੰਮੇਲਨ ਛੱਡ ਕੇ ਵਾਸ਼ਿੰਗਟਨ ਵਾਪਸ ਜਾ ਰਿਹਾ ਹਾਂ ਤਾਂ ਜੋ ਮੈਂ ਇਜ਼ਰਾਈਲ ਅਤੇ ਈਰਾਨ ਵਿਚਕਾਰ ਜੰਗਬੰਦੀ 'ਤੇ ਕੰਮ ਕਰ ਸਕਾਂ। ਗਲਤ! ਉਹ ਨਹੀਂ ਜਾਣਦਾ ਕਿ ਮੈਂ ਹੁਣ ਵਾਸ਼ਿੰਗਟਨ ਕਿਉਂ ਜਾ ਰਿਹਾ ਹਾਂ, ਪਰ ਇਸ ਦਾ ਜੰਗਬੰਦੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਇਸ ਤੋਂ ਕਿਤੇ ਵੱਡਾ ਹੈ। ਜਾਣਬੁੱਝ ਕੇ ਜਾਂ ਅਣਜਾਣੇ ਵਿੱਚ, ਇਮੈਨੁਅਲ ਹਮੇਸ਼ਾ ਗਲਤ ਗੱਲ ਬੋਲਦੇ ਹਨ।'

### ਫਰਾਂਸ ਦੇ ਰਾਸ਼ਟਰਪਤੀ ਨੇ ਕੀ ਕਿਹਾ?

ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ ਸੀ ਕਿ ਇਜ਼ਰਾਈਲ ਅਤੇ ਈਰਾਨ ਵਿਚਕਾਰ ਟਕਰਾਅ ਨੂੰ ਘਟਾਉਣ ਵਿੱਚ ਅਮਰੀਕਾ ਦੀ ਮਹੱਤਵਪੂਰਨ ਭੂਮਿਕਾ ਹੈ। ਉਨ੍ਹਾਂ ਕਿਹਾ, 'ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਚਰਚਾਵਾਂ ਚੱਲ ਰਹੀਆਂ ਹਨ, ਜੋ ਕਿ ਇੱਕ ਚੰਗੀ ਗੱਲ ਹੈ। ਅਤੇ ਇਸ ਲਈ, ਜੇਕਰ ਜੰਗਬੰਦੀ ਯਕੀਨੀ ਬਣਾਈ ਜਾ ਸਕਦੀ ਹੈ, ਤਾਂ ਇਹ ਬਹੁਤ ਚੰਗੀ ਗੱਲ ਹੈ ਅਤੇ ਫਰਾਂਸ ਇਸ ਦਾ ਸਮਰਥਨ ਕਰੇਗਾ। ਇਹ ਬਹੁਤ ਜ਼ਰੂਰੀ ਹੈ ਕਿ ਊਰਜਾ, ਪ੍ਰਸ਼ਾਸਕੀ ਅਤੇ ਸੱਭਿਆਚਾਰਕ ਬੁਨਿਆਦੀ ਢਾਂਚੇ ਅਤੇ ਸਭ ਤੋਂ ਵੱਧ ਦੋਵਾਂ ਪਾਸਿਆਂ ਤੋਂ ਨਾਗਰਿਕਾਂ ਵਿਰੁੱਧ ਸਾਰੇ ਹਮਲੇ ਬੰਦ ਹੋ ਜਾਣ। ਇਸ ਠੀਕ ਨਹੀਂ ਹੈ ਅਤੇ ਇਹ ਬਿਲਕੁਲ ਅਸਵੀਕਾਰਨਯੋਗ ਹੈ।'

ਮੈਕਰੋਨ ਨੇ ਅੱਗੇ ਕਿਹਾ, 'ਫਰਾਂਸ ਵੀ ਬ੍ਰਿਟੇਨ ਅਤੇ ਜਰਮਨੀ ਦੇ ਨਾਲ ਇਸ ਵਿੱਚ ਯੋਗਦਾਨ ਪਾਉਣ ਲਈ ਤਿਆਰ ਹੈ।'

### ਟਰੰਪ ਜੀ-7 ਨੂੰ ਵਿਚਕਾਰ ਛੱਡ ਕੇ ਅਮਰੀਕਾ ਵਾਪਸ ਪਰਤ ਗਏ

ਅਮਰੀਕਾ ਈਰਾਨ ਨਾਲ ਪ੍ਰਮਾਣੂ ਗੱਲਬਾਤ ਕਰ ਰਿਹਾ ਸੀ ਅਤੇ ਈਰਾਨ ਨੂੰ ਪ੍ਰਮਾਣੂ ਬੰਬ ਬਣਾਉਣ ਤੋਂ ਰੋਕਣ ਲਈ ਯੂਰੇਨੀਅਮ ਸੰਸ਼ੋਧਨ 'ਤੇ ਪਾਬੰਦੀ ਦੀ ਮੰਗ ਕਰ ਰਿਹਾ ਸੀ। ਈਰਾਨ ਦੁਆਰਾ ਯੂਰੇਨੀਅਮ ਨੂੰ ਸੰਸ਼ੋਧਨ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ, ਅਮਰੀਕਾ ਦੇ ਸਹਿਯੋਗੀ ਇਜ਼ਰਾਈਲ ਨੇ ਈਰਾਨ 'ਤੇ ਹਮਲਾ ਕੀਤਾ। ਦੋਵਾਂ ਦੇਸ਼ਾਂ ਵਿਚਕਾਰ ਹਮਲੇ ਪੰਜਵੇਂ ਦਿਨ ਵੀ ਜਾਰੀ ਹਨ ਅਤੇ ਇਸ ਦੌਰਾਨ ਟਰੰਪ ਜੀ-7 ਦੌਰਾ ਅੱਧ ਵਿਚਕਾਰ ਛੱਡ ਕੇ ਅਮਰੀਕਾ ਵਾਪਸ ਪਰਤ ਗਏ। ਵਾਪਸ ਆਉਣ ਤੋਂ ਪਹਿਲਾਂ, ਉਨ੍ਹਾਂ ਨੇ ਈਰਾਨੀਆਂ ਨੂੰ ਰਾਜਧਾਨੀ ਤਹਿਰਾਨ ਖਾਲੀ ਕਰਨ ਦੀ ਚੇਤਾਵਨੀ ਦਿੱਤੀ। ਵ੍ਹਾਈਟ ਹਾਊਸ ਨੇ ਕਿਹਾ ਕਿ ਟਰੰਪ ਮੱਧ ਪੂਰਬ ਦੀ ਸਥਿਤੀ ਨੂੰ ਦੇਖਦੇ ਹੋਏ ਆਪਣਾ ਮੱਧ ਪੂਰਬ ਦੌਰਾ ਅੱਧ ਵਿਚਕਾਰ ਖਤਮ ਕਰ ਰਹੇ ਹਨ। ਇਸ ਤੋਂ ਬਾਅਦ, ਮੈਕਰੋਨ ਨੇ ਇੱਕ ਬਿਆਨ ਵੀ ਦਿੱਤਾ ਜਿਸ ਵਿੱਚ ਉਨ੍ਹਾਂ ਨੇ ਈਰਾਨ ਅਤੇ ਇਜ਼ਰਾਈਲ ਵਿਚਕਾਰ ਜੰਗਬੰਦੀ ਦੀਆਂ ਕੋਸ਼ਿਸ਼ਾਂ ਬਾਰੇ ਗੱਲ ਕੀਤੀ, ਜਿਸ ਨੂੰ ਟਰੰਪ ਨੇ ਹੁਣ ਗਲਤ ਕਿਹਾ ਹੈ।

# ਕੈਨੇਡਾ 'ਚ ਰੀਅਲ ਅਸਟੇਟ ਬਾਜ਼ਾਰ 'ਚ ਮੁੜ ਤੇਜ਼ੀ ਸ਼ੁਰੂ!

## * ਅਪ੍ਰੈਲ ਦੇ ਮੁਕਾਬਲੇ ਮਈ ਦੌਰਾਨ ਮਕਾਨਾਂ ਦੀ ਵਿਕਰੀ 3.6 ਫੀਸਦੀ ਵਧੀ




ਟੋਰਾਂਟੋ : ਕੈਨੇਡਾ ਦੇ ਰੀਅਲ ਅਸਟੇਟ ਬਾਜ਼ਾਰ ਵਿਚ ਮਈ ਦੌਰਾਨ ਰੌਣਕਾਂ ਪਰਤਦੀਆਂ ਮਹਿਸੂਸ ਹੋਈਆਂ ਜਦੋਂ ਅਪ੍ਰੈਲ ਦੇ ਮੁਕਾਬਲੇ ਘਰਾਂ ਦੀ ਵਿਕਰੀ 3.6 ਫੀਸਦੀ ਵਧ ਗਈ ਪਰ ਸਾਲਾਨਾ ਆਧਾਰ 'ਤੇ ਦੇਖਿਆ ਜਾਵੇ ਤਾਂ ਮਕਾਨਾਂ ਦੀ ਵਿਕਰੀ ਵਿਚ 4.3 ਫੀ ਸਦੀ ਕਮੀ ਦਰਜ ਕੀਤੀ ਗਈ। ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਨੇ ਦੱਸਿਆ ਕਿ ਪਿਛਲੇ ਮਹੀਨੇ 49,423 ਰਿਹਾਇਸ਼ੀ ਜਾਇਦਾਦਾਂ ਦੀ ਮਾਲਕੀਅਤ ਵਿਚ ਤਬਦੀਲੀ ਆਈ ਜਦਕਿ ਮਈ 2024 ਵਿਚ ਇਹ ਅੰਕੜਾ 51,642 ਦਰਜ ਕੀਤਾ ਗਿਆ। ਗਰੇਟਰ ਟੋਰਾਂਟੋ ਏਰੀਆ ਦੇ ਰੀਅਲ ਅਸਟੇਟ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਫਿਲਹਾਲ ਬਾਜ਼ਾਰ ਵਿਚ ਆਈ ਤੇਜ਼ੀ ਮਾਮੂਲੀ ਹੈ ਅਤੇ ਇਸ ਨੂੰ ਵਧਾ-ਚੜ੍ਹਾ ਕੇ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ।

2024 ਦੇ ਅੰਤ ਅਤੇ 2025 ਦੇ ਸ਼ੁਰੂਆਤੀ ਮਹੀਨਿਆਂ ਦੌਰਾਨ ਰੀਅਲ ਅਸਟੇਟ ਬਾਜ਼ਾਰ ਵਿਚ ਸੰਭਾਵਤ ਖਰੀਦਾਰਾਂ ਦੀ ਵੱਡੀ ਕਮੀ ਦੇਖਣ ਨੂੰ ਮਿਲੀ ਅਤੇ ਨੇੜ ਭਵਿੱਖ ਵਿਚ ਇਹ ਸਮੱਸਿਆ ਹੱਲ ਹੋਣ ਦੇ ਆਸਾਰ ਨਹੀਂ। ਦੂਜੇ ਪਾਸੇ ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਮਈ ਮਹੀਨੇ ਦੌਰਾਨ ਨਵੇਂ ਸੂਚੀਬੱਧ ਹੋਏ ਮਕਾਨਾਂ ਦੀ ਗਿਣਤੀ ਵਿਚ 3.1 ਫੀ ਸਦੀ ਵਾਧਾ ਹੋਇਆ। ਸਾਲਾਨਾ ਆਧਾਰ 'ਤੇ ਦੇਖਿਆ ਜਾਵੇ ਤਾਂ ਮਈ ਦੇ ਅੰਤ ਤੱਕ ਪੂਰੇ ਕੈਨੇਡਾ ਵਿਚ 201,880 ਪ੍ਰੌਪਰਟੀਜ਼ ਵਿਕਣ ਵਾਸਤੇ ਸੂਚੀਬੱਧ ਹੋਈਆਂ ਅਤੇ ਪਿਛਲੇ ਸਾਲ ਦੇ ਮੁਕਾਬਲਾ ਇਹ ਅੰਕੜਾ 13.2 ਫੀ ਸਦੀ ਵੱਧ ਬਣਦਾ ਹੈ। ਰੀਅਲ ਅਸਟੇਟ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਮਹੀਨਿਆਂ ਦੌਰਾਨ ਵਧੇਰੇ ਸਥਿਰਤਾ ਨਜ਼ਰ ਆ ਸਕਦੀ ਹੈ ਪਰ ਯਕੀਨੀ ਤੌਰ 'ਤੇ ਕੁਝ ਵੀ ਕਹਿਣਾ ਸੰਭਵ ਨਹੀਂ। ਕੌਮਾਂਤਰੀ ਪੱਧਰ 'ਤੇ ਚੱਲ ਰਹੇ ਯੁੱਧ, ਕਾਰੋਬਾਰੀ ਖਿੱਚੋਤਾਣ ਅਤੇ ਫੈਡਰਲ ਸਰਕਾਰ ਵੱਲੋਂ ਲਏ ਜਾਣ ਵਾਲੇ ਫੈਸਲੇ ਖਰੀਦਾਰਾਂ ਅਤੇ ਵੇਚਣ ਵਾਲਿਆਂ ਦੇ ਰੁਝਾਨ ਨੂੰ ਪ੍ਰਭਾਵਤ ਕਰ ਸਕਦੇ ਹਨ। ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਰੀਅਲ ਅਸਟੇਟ ਖੇਤਰ ਵਿਚ ਮੁਕੰਮਲ ਵਿਸ਼ਵਾਸ ਬਹਾਲੀ ਹੋਣੀ ਹਾਲੇ ਬਾਕੀ ਹੈ ਅਤੇ ਇਸ ਬਾਰੇ ਸਮਾਂ ਹੱਦ ਤੈਅ ਕਰਨੀ ਮੁਸ਼ਕਲ ਹੈ।


ਕੈਨੇਡਾ ਵਿਚ ਮਈ ਦੌਰਾਨ ਵਿਕੇ ਇਕ ਮਕਾਨ ਦੀ ਔਸਤ ਕੀਮਤ 6 ਲੱਖ 92 ਹਜ਼ਾਰ ਡਾਲਰ ਰਹੀ ਅਤੇ ਸਾਲਾਨਾ ਆਧਾਰ 'ਤੇ ਇਹ 1.8 ਫੀ ਸਦੀ ਘੱਟ ਬਣਦੀ ਹੈ। ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਦੇ ਅੰਕੜਿਆਂ ਮੁਤਾਬਕ ਖਾਸ ਕਿਸਮ ਦੇ ਕਈ ਘਰਾਂ ਦੀਆਂ ਕੀਮਤਾਂ ਅਪ੍ਰੈਲ ਦੇ ਮੁਕਾਬਲੇ ਹੇਠਾਂ ਆਈਆਂ। ਉਨਟਾਰੀਓ ਦਾ ਜ਼ਿਕਰ ਕੀਤਾ ਜਾਵੇ ਤਾਂ ਸਿੰਗਲ ਫੈਮਿਲੀ ਹੋਮ ਦੀ ਔਸਤ ਕੀਮਤ 8 ਲੱਖ 90 ਹਜ਼ਾਰ ਡਾਲਰ ਦਰਜ ਕੀਤੀ ਗਈ ਜੋ ਮਈ 2024 ਦੌਰਾਨ 946,300 ਰਹੀ। ਕੌਂਡੋਜ਼ ਦੀਆਂ ਕੀਮਤਾਂ ਵਿਚ ਸਾਲਾਨਾ ਆਧਾਰ 'ਤੇ 8.3 ਫੀ ਸਦੀ ਕਮੀ ਆਈ ਜਦਕਿ ਟਾਊਨ ਹਾਊਸ ਦੇ ਭਾਅ 6 ਫੀ ਸਦੀ ਹੇਠਾਂ ਗਏ।

# ਕਮਲ ਕੌਰ 'ਭਾਬੀ' ਦੀ ਪੋਸਟਮਾਰਟਮ ਰਿਪੋਰਟ ਆਈ ਸਾਹਮਣੇ, ਹੋਏ ਵੱਡੇ ਖੁਲਾਸੇ



ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦੀ ਪੋਸਟਮਾਰਟਮ ਰਿਪੋਰਟ ਆ ਗਈ ਹੈ। ਹਾਲਾਂਕਿ, ਪੋਸਟਮਾਰਟਮ ਰਿਪੋਰਟ ਵਿੱਚ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਕਤਲ ਤੋਂ ਪਹਿਲਾਂ ਉਸਦਾ ਸਰੀਰਕ ਛੇੜਛਾੜ ਕੀਤੀ ਗਈ ਸੀ ਜਾਂ ਨਹੀਂ। ਕੰਚਨ ਕੁਮਾਰੀ ਦਾ ਕਤਲ ਨਿਹੰਗ ਅੰਮ੍ਰਿਤਪਾਲ ਸਿੰਘ ਮਹਰੋਂ ਅਤੇ ਉਸ ਦੇ ਸਾਥੀਆਂ ਨੇ ਕੀਤੀ ਸੀ।

ਪੋਸਟਮਾਰਟਮ ਰਿਪੋਰਟ ਮੁਤਾਬਕ ਕਤਲ ਦਾ ਮੁੱਖ ਕਾਰਨ ਗਲਾ ਘੁੱਟਣਾ ਹੈ। ਪੁਲਿਸ ਦਾ ਕਹਿਣਾ ਹੈ ਕਿ ਮ੍ਰਿਤਕਾ ਦੇ ਸਵੈਬ ਅਤੇ ਵਿਸਰਾ ਦੇ ਨਮੂਨੇ ਫੋਰੈਂਸਿਕ ਲੈਬ ਵਿੱਚ ਭੇਜੇ ਗਏ ਹਨ, ਉਨ੍ਹਾਂ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਇਹ ਪਤਾ ਲੱਗੇਗਾ ਕਿ ਬਲਾਤਕਾਰ ਹੋਇਆ ਹੈ ਜਾਂ ਨਹੀਂ। ਕੰਚਨ ਕੁਮਾਰੀ ਉਰਫ਼ ਕਮਲ ਕੌਰ ਦਾ ਪੋਸਟਮਾਰਟਮ 12 ਜੂਨ ਨੂੰ ਸਿਵਲ ਹਸਪਤਾਲ ਵਿੱਚ ਤਿੰਨ ਸਰਕਾਰੀ ਡਾਕਟਰਾਂ ਦੇ ਪੈਨਲ ਦੁਆਰਾ ਕੀਤਾ ਗਿਆ ਸੀ, ਜਿਸਦੀ ਰਿਪੋਰਟ ਆ ਗਈ ਹੈ। ਮੁੱਢਲੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਮ੍ਰਿਤਕਾ ਦੇ ਸਵੈਬ ਅਤੇ ਵਿਸਰਾ ਦੇ ਨਮੂਨੇ ਲੈ ਕੇ ਅੱਗੇ ਦੀ ਜਾਂਚ ਲਈ ਲੈਬ ਵਿੱਚ ਭੇਜ ਦਿੱਤੇ ਗਏ ਹਨ। ਪੋਸਟਮਾਰਟਮ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੰਚਨ ਕੁਮਾਰੀ ਦੀ ਮੌਤ ਦਾ ਮੁੱਖ ਕਾਰਨ ਗਲਾ ਘੁੱਟਣਾ ਹੈ। ਉਕਤ ਰਿਪੋਰਟ ਵਿੱਚ ਡਾਕਟਰੀ ਭਾਸ਼ਾ ਵਿੱਚ ਇਹ ਦਰਜ ਕੀਤਾ ਗਿਆ ਸੀ ਕਿ ਮ੍ਰਿਤਕਾ ਦੇ ਪੱਟ ਅਤੇ ਗੁਪਤ ਅੰਗ ਦੇ ਨੇੜੇ ਕੁਝ ਸ਼ੱਕੀ ਨਿਸ਼ਾਨ ਸਨ। ਪਰ ਇਹ ਸਪੱਸ਼ਟ ਤੌਰ 'ਤੇ ਨਹੀਂ ਲਿਖਿਆ ਗਿਆ ਹੈ ਕਿ ਉਹ ਨਿਸ਼ਾਨ ਸਰੀਰਕ ਛੇੜਛਾੜ ਦੇ ਹਨ ਜਾਂ ਨਹੀਂ। ਸੋਸ਼ਲ ਮੀਡੀਆ ਇਨਫਲੂਐਂਸਰ ਕਮਲ ਕੌਰ ਭਾਬੀ ਨੂੰ ਸੱਤ ਮਹੀਨੇ ਪਹਿਲਾਂ ਅੱਤਵਾਦੀ ਅਰਸ਼ ਡੱਲਾ ਨੇ ਅਸ਼ਲੀਲ ਸਮੱਗਰੀ ਬਣਾਉਣ ਲਈ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਨਿਹੰਗਾਂ ਨੇ ਉਸ ਨੂੰ ਆਪਣੇ ਤਰੀਕੇ ਸੁਧਾਰਨ ਦੀ ਚੇਤਾਵਨੀ ਵੀ ਦਿੱਤੀ ਸੀ। ਕੁਝ ਦਿਨ ਪਹਿਲਾਂ, ਉਸਦੀ ਲਾਸ਼ ਬਠਿੰਡਾ ਦੇ ਇੱਕ ਨਿੱਜੀ ਹਸਪਤਾਲ ਦੀ ਪਾਰਕਿੰਗ ਵਿੱਚ ਮਿਲੀ ਸੀ।



# ਜ਼ਮੀਨੀ ਵਿਵਾਦ ਦੇ ਚਲਦਿਆਂ ਚੱਲੀ ਗੋਲੀ

## 17 ਸਾਲਾ ਨੌਜਵਾਨ ਮੌਤ



ਵਿਧਾਨ ਸਭਾ ਹਲਕਾ ਜ਼ੀਰਾ ਦੇ ਪਿੰਡ ਭਾਗੋ ਕੇ ਤੋਂ ਜ਼ਮੀਨੀ ਵਿਵਾਦ ਨੂੰ ਲੈ ਕੇ ਦੋ ਧਿਰਾਂ ਆਹਮੋ-ਸਾਹਮਣੇ ਹੋ ਗਈਆਂ। ਮਾਮੂਲੀ ਤਕਰਾਰਬਾਜ਼ੀ ਤੋਂ ਬਾਅਦ ਵਿਵਾਦ ਨੇ ਖ਼ੂਨੀ ਰੂਪ ਧਾਰ ਲਿਆ। ਇਸ ਦੌਰਾਨ 17 ਸਾਲਾ ਨੌਜਵਾਨ ਦੀ ਗੋਲੀ ਲੱਗਣ ਕਾਰਨ ਮੌਕੇ ਉੱਤੇ ਮੌਤ ਹੋ ਗਈ ਜਦਕਿ ਦੋ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ। ਸਿਵਲ ਹਸਪਤਾਲ ਜ਼ੀਰਾ ਵਿਖੇ ਜੇਰੇ ਇਲਾਜ ਅਤੇ ਮ੍ਰਿਤਕ ਨੌਜਵਾਨ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਬੀਤੀ ਰਾਤ ਪਿੰਡ ਦੇ ਹੀ ਕੁਝ ਲੋਕਾਂ ਵੱਲੋਂ ਤੇਜ਼ਧਾਰ ਹਥਿਆਰਾਂ ਅਤੇ ਅਸਲੇ ਨਾਲ ਲੈਸ ਹੋ ਕੇ ਉਹਨਾਂ ਦੇ ਘਰ ਦੇ ਨਜ਼ਦੀਕ ਬਣੀ ਫਿਰਨੀ ਨੂੰ ਵਾਹ ਕੇ ਆਪਣੇ ਖੇਤਾਂ ਵਿੱਚ ਰਲਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਜਦੋਂ ਪਿੰਡ ਦੇ ਲੋਕਾਂ ਵੱਲੋਂ ਉਹਨਾਂ ਨੂੰ ਇਸ ਕੰਮ ਤੋਂ ਰੋਕਿਆ ਗਿਆ ਤਾਂ ਉਹਨਾਂ ਵੱਲੋਂ ਗੋਲੀ ਚਲਾ ਦਿੱਤੀ ਗਈ। ਇਸ ਝੜਪ ਦੌਰਾਨ ਗੋਲੀ ਲੱਗਣ ਕਾਰਨ 17 ਸਾਲਾ ਨੌਜਵਾਨ ਕਰਮਨਜੋਤ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਜਦਕਿ ਇੱਕ ਵਿਅਕਤੀ ਦੇ ਗਰਦਨ ਦੇ ਨਜ਼ਦੀਕ ਗੋਲੀ ਖਹਿ ਕੇ ਨਿਕਲ ਗਈ ਅਤੇ ਦੂਸਰਾ ਬੰਦੂਕ ਵਾਲਾ ਵੱਟ ਲੱਗਣ ਕਾਰਨ ਜ਼ਖ਼ਮੀ ਹੋ ਗਿਆ। ਜਿਨਾਂ ਦਾ ਸਿਵਲ ਹਸਪਤਾਲ ਜ਼ੀਰਾ ਵਿਖੇ ਇਲਾਜ ਚੱਲ ਰਿਹਾ ਹੈ।

# ਪੇਜ ਇੱਕ ਦੀ ਬਾਕੀ

## ਕੈਨੇਡਾ -ਅਮਰੀਕਾ 'ਚ...

ਹਾਂ-ਪੱਖੀ ਮੁਲਾਕਾਤ ਹੋਈ ਹੈ ਜਿਸ ਦੌਰਾਨ ਦੋਵਾਂ ਮੁਲਕਾਂ 'ਚ 30 ਦਿਨਾਂ ਦੇ ਅੰਦਰ ਵਪਾਰਕ ਸਮਝੌਤਾ ਸਿਰੇ ਚੜ੍ਹਾਉਣ ਲਈ ਮੁਲਾਕਾਤਾਂ ਕਰਨ ਲਈ ਸਹਿਮਤੀ ਵੀ ਬਣੀ। ਹਾਲਾਂ ਕਿ ਮੱਧ ਪੂਰਬ 'ਚ ਇਜ਼ਰਾਈਲ-ਇਰਾਨ 'ਚ ਜੰਗ ਤੇਜ਼ ਹੋ ਜਾਣ ਕਾਰਨ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਸੰਮੇਲਨ ਵਿਚਾਲੇ ਛੱਡ ਵਾਪਿਸ ਅਮਰੀਕਾ ਪਰਤ ਗਏ ਸਨ ।

ਇਰਾਨ ਦੇ ਮਾਮਲੇ 'ਤੇ ਜੀ -7 ਦੇਸ਼ਾਂ ਨੇ ਕਾਫੀ ਝਿਜਕ ਤੋਂ ਬਾਅਦ ਇੱਕ-ਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਮਿਡਲ ਈਸਟ 'ਚ ਜੰਗ ਲਈ ਇਰਾਨ ਨੂੰ ਦੋਸ਼ੀ ਮੰਨਿਆ ਅਤੇ ਕਿ ਇਜਰਾਈਲ ਦੀ ਕਾਰਵਾਈ ਨੂੰ ਆਤਮ- ਰੱਖਿਆ ਦਾ ਅਧਿਕਾਰ ਦੱਸਿਆ ਗਿਆ ਪਰ ਨਾਲ ਹੀ ਇਸ ਗੱਲ 'ਤੇ ਜ਼ੋਰ ਵੀ ਦਿੱਤਾ ਗਿਆ ਕਿ ਖੇਤਰ 'ਚ ਸ਼ਾਂਤੀ ਸਥਾਪਤੀ ਲਈ ਤੁਰੰਤ ਗੰਭੀਰ ਯਤਨ ਅਰੰਭੇ ਜਾਣ । ਸੰਮੇਲਨ 'ਚ ਜਲਵਾਯੂ-ਉਰਜਾ, ਵਿਸ਼ਵ ਸ਼ਾਂਤੀ ਸਥਾਪਤੀ, ਅੰਤਰਰਾਸ਼ਟਰੀ ਅਪਰਾਧ ਅਤੇ ਦਖਲਅੰਦਾਜ਼ੀ ਆਦਿ ਹੋਰ ਮੁੱਦਿਆਂ 'ਤੇ ਚਰਚਾ ਕੀਤੀ ਗਈ ਹੈ।

## G7 ਸੰਮੇਲਨ 'ਚ PM ਮੋਦੀ...

ਪੀਐੱਮ ਮੋਦੀ ਨੇ ਕੈਨੇਡਾ ਵਿਚ ਜੀ-7 ਵਿਚ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਅੱਤਵਾਦ ਦਾ ਸਮਰਥਨ ਕਰਨ ਵਾਲੇ ਦੇਸ਼ਾਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਵਿਚ ਸ਼ਾਂਤੀ ਤੇ ਖੁਸ਼ਹਾਲੀ ਲਈ ਸਾਡੀ ਸੋਚ ਤੇ ਨੀਤੀ ਸਪੱਸ਼ਟ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਤਵਾਦ ਦੇ ਸਮਰਥਕ ਦੇਸ਼ਾਂ ਨੂੰ ਵੀ ਇਸ ਦੀ ਕੀਮਤ ਚੁਕਾਉਣੀ ਹੋਵੇਗੀ। ਮੋਦੀ ਨੇ ਕਿਹਾ ਕਿ ਇਕ ਪਾਸੇ ਸਾਡੀ ਪਹਿਲ ਦੇ ਆਧਾਰ 'ਤੇ ਹਰ ਤਰ੍ਹਾਂ ਦੀ ਰੋਕ ਲਗਾਉਣ 'ਚ ਜਲਦਬਾਜ਼ੀ ਕਰਦੇ ਹਨ ਦੂਜੇ ਪਾਸੇ ਜੋ ਦੇਸ਼ ਖੁੱਲ੍ਹੇ ਤੌਰ 'ਤੇ ਅੱਤਵਾਦ ਦਾ ਸਮਰਥਨ ਕਰਦੇ ਹਨ, ਉਨ੍ਹਾਂ ਨੂੰ ਇਨਾਮ ਦਿੱਤਾ ਜਾਂਦਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਜਾਇਸਵਾਲ ਨੇ ਲਿਖਿਆ ਕਿ ਪ੍ਰਧਾਨ ਮੰਤਰੀ ਨੇ ਅੱਤਵਾਦ ਖਿਲਾਫ ਭਾਰਤ ਦੇ ਰੁਖ਼ ਨੂੰ ਦੁਹਰਾਇਆ ਤੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਦੀ ਨਿੰਦਾ ਕਰਨ ਲਈ ਨੇਤਾਵਾਂ ਦਾ ਧੰਨਵਾਦ ਕੀਤਾ।

ਪੀਐੱਮ ਮੋਦੀ ਨੇ ਬਿਨਾਂ ਕਿਸੇ ਦੇਸ਼ ਦਾ ਨਾਂ ਲਏ ਅਮਰੀਕਾ ਤੇ ਚੀਨ ਨੂੰ ਸਖਤ ਸੰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਈ ਦੇਸ਼ ਨੂੰ ਖੁੱਲ੍ਹੇ ਤੌਰ 'ਤੇ ਅੱਤਵਾਦ ਨੂੰ ਸਮਰਥਨ ਕਰਦੇ ਹਨ। ਪ੍ਰਧਾਨ ਮੰਤਰੀ ਨੇ ਜੀ7 ਵਿਚ ਆਪਣੇ ਸੰਬੋਧਨ ਦੌਰਾਨ ਗਲੋਬਲ ਸਾਊਥ ਦੀਆਂ ਚਿੰਤਾਵਾਂ 'ਤੇ ਧਿਆਨ ਦਿੱਤੇ ਜਾਣ ਦਾ ਵੀ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ 'ਗਲੋਬਲ ਸਾਊਥ' ਦੀ ਆਵਾਜ਼ ਨੂੰ ਵਿਸ਼ਵ ਮੰਚ 'ਤੇ ਪਹੁੰਚਾਉਣਾ ਆਪਣੀ ਜ਼ਿੰਮੇਵਾਰੀ ਸਮਝਦਾ ਹੈ। ਗਲੋਬਲ ਸਾਊਥ ਸ਼ਬਦ ਦਾ ਇਸਤੇਮਾਲ ਆਮ ਤੌਰ 'ਤੇ ਆਰਥਿਕ ਤੌਰ ਤੋਂ ਘੱਟ ਵਿਕਸਿਤ ਦੇਸ਼ ਦੇ ਸੰਦਰਭ ਵਿਚ ਕੀਤਾ ਜਾਂਦਾ ਹੈ।

## ਇਜ਼ਰਾਈਲ ਨੇ ਹਮਲੇ...

ਵਿੱਚੋਂ 239 ਦੀ ਪਛਾਣ ਆਮ ਨਾਗਰਿਕਾਂ ਅਤੇ 126 ਸੁਰੱਖਿਆ ਕਰਮਚਾਰੀਆਂ ਵਜੋਂ ਕੀਤੀ ਹੈ। ਇਹ ਸਮੂਹ ਜਿਸਨੇ ਮਹਸਾ ਅਮੀਨੀ ਦੀ ਮੌਤ 'ਤੇ 2022 ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਵਿਸਤ੍ਰਿਤ ਜਾਨੀ ਨੁਕਸਾਨ ਦੇ ਅੰਕੜੇ ਵੀ ਪ੍ਰਦਾਨ ਕੀਤੇ ਸਨ, ਜੋ ਇਸਲਾਮਿਕ ਰੀਪਬਲਿਕ ਵਿੱਚ ਸਥਾਨਕ ਰਿਪੋਰਟਾਂ ਨੂੰ ਦੇਸ਼ ਵਿੱਚ ਵਿਕਸਤ ਕੀਤੇ ਸਰੋਤਾਂ ਦੇ ਇੱਕ ਨੈਟਵਰਕ ਦੇ ਵਿਰੁੱਧ ਕਰਾਸਚੈਕ ਕਰਦਾ ਹੈ।

ਈਰਾਨ ਸੰਘਰਸ਼ ਦੌਰਾਨ ਨਿਯਮਤ ਮੌਤਾਂ ਦੀ ਗਿਣਤੀ ਪ੍ਰਕਾਸ਼ਤ ਨਹੀਂ ਕਰ ਰਿਹਾ ਹੈ ਅਤੇ ਪਿਛਲੇ ਸਮੇਂ ਵਿੱਚ ਜਾਨੀ ਨੁਕਸਾਨ ਨੂੰ ਘੱਟ ਤੋਂ ਘੱਟ ਦੱਸਿਆ ਹੈ। ਸੋਮਵਾਰ ਨੂੰ ਜਾਰੀ ਕੀਤੇ ਗਏ ਇਸਦੇ ਆਖਰੀ ਅਪਡੇਟ ਵਿੱਚ ਮਰਨ ਵਾਲਿਆਂ ਦੀ ਗਿਣਤੀ 224 ਅਤੇ ਜ਼ਖਮੀਆਂ ਦੀ ਗਿਣਤੀ 1,277 ਦੱਸੀ ਗਈ।

## ਅਮਰੀਕਾ ਤੋਂ ਸੈਲਫ਼...

ਰੱਖਿਆ ਜਾਂਦਾ ਅਤੇ ਕਿਸੇ ਵੀ ਮੁਲਕ ਵੱਲ ਜਹਾਜ਼ ਰਵਾਨਾ ਕਰ ਦਿਤੇ ਜਾਂਦੇ ਹਨ ਜਿਸ ਦੇ ਮੱਦੇਨਜ਼ਰ ਅਮਰੀਕਾ ਵਿਚ ਗੈਰਕਾਨੂੰਨੀ ਤੌਰ 'ਤੇ ਮੌਜੂਦ ਪ੍ਰਵਾਸੀ ਸੈਲਫ਼ ਡਿਪੋਰਟ ਹੋਣ ਨੂੰ ਤਰਜੀਹ ਦੇਣ ਲੱਗੇ ਹਨ। ਸਿਰਫ਼ ਐਨਾ ਹੀ ਨਹੀਂ, ਟਰੰਪ ਸਰਕਾਰ ਸੈਫ਼ਲ ਡਿਪੋਰਟ ਹੋਣ ਵਾਲਿਆਂ ਨੂੰ ਇਕ ਹਜ਼ਾਰ ਡਾਲਰ ਨਕਦ ਅਤੇ ਚਾਰਟਰਡ ਪਲੇਨ ਦੀ ਟਿਕਟ ਵੀ ਮੁਹੱਈਆ ਕਰਵਾਉਂਦੀ ਹੈ। ਇਸ ਤੋਂ ਇਲਾਵਾ ਡਿਪੋਰਟੇਸ਼ਨ ਹੁਕਮ ਜਾਰੀ ਹੋਣ ਦੇ ਬਾਵਜੂਦ ਅਮਰੀਕਾ ਛੱਡ ਕੇ ਨਾ ਜਾਣ ਵਾਲਿਆਂ ਨੂੰ ਮੋਟੇ ਜੁਰਮਾਨੇ ਕਰਨ ਦਾ ਸਿਲਸਿਲਾ ਵੀ ਸ਼ੁਰੂ ਹੋ ਚੁੱਕਾ ਹੈ ਅਤੇ ਬਗੈਰ ਇੰਮੀਗ੍ਰੇਸ਼ਨ ਸਟੇਟਸ ਵਾਲੇ ਪ੍ਰਵਾਸੀ ਹੁਣ ਇਥੋਂ ਰਵਾਨਾ ਹੋਣ ਵਿਚ ਹੀ ਬਿਹਤਰੀ ਸਮਝ ਰਹੇ ਹਨ। ਭਾਵੇਂ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਸੱਤਾ ਸੰਭਾਲਦਿਆਂ ਹੀ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਵੱਡੇ ਪੱਧਰ 'ਤੇ ਡਿਪੋਰਟ ਕਰਨ ਦਾ ਐਲਾਨ ਕੀਤਾ ਗਿਆ ਪਰ ਅਮਰੀਕਾ ਵਿਚ ਥਾਂ-ਥਾਂ ਛਾਪਿਆਂ ਦੇ ਬਾਵਜੂਦ ਤਸੱਲੀਬਖਸ਼ ਨਤੀਜੇ ਸਾਹਮਣੇ ਨਾ ਆ ਸਕੇ। ਟਰੰਪ ਵੱਲੋਂ ਕੀਤੇ ਵੱਡੇ ਵੱਡੇ ਦਾਅਵਿਆਂ ਦੇ ਉਲਟ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਮਾਮਲੇ ਵਿਚ ਬਰਾਕ ਓਬਾਮਾ ਨੂੰ ਅੱਜ ਤੱਕ ਕੋਈ ਟੱਕਰ ਨਹੀਂ ਦੇ ਸਕਿਆ। 2013 ਦੌਰਾਨ ਬਰਾਕ ਓਬਾਮਾ ਦੀ ਸਰਕਾਰ ਨੇ 4 ਲੱਖ 38 ਹਜ਼ਾਰ ਤੋਂ ਵੱਧ ਲੋਕਾਂ ਨੂੰ ਡਿਪੋਰਟ ਕੀਤਾ ਅਤੇ ਅਮਰੀਕਾ ਦੇ ਇਤਿਹਾਸ ਵਿਚ ਕੋਈ ਰਾਸ਼ਟਰਪਤੀ ਐਨੀ ਵੱਡਾ ਅੰਕੜਾ ਹਾਸਲ ਨਾ ਕਰ ਸਕਿਆ।

### ਓਬਾਮਾ ਨੇ ਇਕ ਸਾਲ ਵਿਚ 4 ਲੱਖ 38 ਹਜ਼ਾਰ ਪ੍ਰਵਾਸੀ ਕੀਤੇ ਸਨ ਡਿਪੋਰਟ

ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਵੀ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫ਼ੋਰਸਮੈਂਟ ਵਾਲੇ ਐਨੇ ਵੱਡੇ ਪੱਧਰ 'ਤੇ ਡਿਪੋਰਟੇਸ਼ਨ ਮੁਹਿੰਮ ਨਾ ਚਲਾ ਸਕੇ। ਬਰਾਕ ਓਬਾਮਾ ਨਾਲ ਸਬੰਧਤ ਇੰਮੀਗ੍ਰੇਸ਼ਨ ਅੰਕੜਿਆਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅੱਠ ਸਾਲ ਦੇ ਕਾਰਜਕਾਲ ਦੌਰਾਨ ਤਕਰੀਬਨ 20 ਲੱਖ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ। ਓਬਾਮਾ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਮੈਕਸੀਕੋ ਦੇ ਰਸਤੇ ਅਮਰੀਕਾ ਦਾਖਲ ਹੋਣ ਵਾਲਿਆਂ ਨੂੰ ਸਵੈ-ਇੱਛਾ ਨਾਲ ਵਾਪਸ ਜਾਣ ਦੀ ਇਜਾਜ਼ਤ ਮਿਲ ਜਾਂਦੀ ਅਤੇ ਕੋਈ ਕਾਨੂੰਨੀ ਕਾਰਵਾਈ ਵੀ ਨਹੀਂ ਸੀ ਹੁੰਦੀ ਪਰ ਓਬਾਮਾ ਦੇ ਸੱਤਾ ਵਿਚ ਆਉਣ ਮਗਰੋਂ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਦੇ ਮੁਲਾਜ਼ਮਾਂ ਦੀ ਗਿਣਤੀ ਵਧਾ ਕੇ 22 ਹਜ਼ਾਰ ਕਰ ਦਿਤੀ ਗਈ ਜਿਸ ਦੇ ਸਿੱਟੇ ਵਜੋਂ ਵਾਰ-ਵਾਰ ਬਾਰਡਰ ਪਾਰ ਕਰਨ ਵਾਲਿਆਂ ਦੀ ਗਿਣਤੀ 29 ਫੀ ਸਦੀ ਤੋਂ ਘਟ ਕੇ 14 ਫੀ ਸਦੀ 'ਤੇ ਆ ਗਈ। ਹੁਣ ਟਰੰਪ ਸਰਕਾਰ ਚਾਹ ਕੇ ਵੀ ਓਬਾਮਾ ਸਰਕਾਰ ਵਾਲੀਆਂ ਨੀਤੀਆਂ ਲਾਗੂ ਨਹੀਂ ਕਰ ਸਕਦੀ ਕਿਉਂਕਿ ਕੌਮਾਂਤਰੀ ਬਾਰਡਰ 'ਤੇ ਪੁੱਜਣ ਵਾਲਿਆਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 95 ਫ਼ੀ ਸਦੀ ਘਟ ਚੁੱਕੀ ਹੈ ਪਰ ਸੈਲਫ਼ ਡਿਪੋਰਟ ਹੋ ਰਹੇ ਪ੍ਰਵਾਸੀਆਂ ਦਾ ਅੰਕੜਾ ਦੇਖਿਆ ਜਾਵੇ ਤਾਂ ਟਰੰਪ ਸਰਕਾਰ ਦੇ ਹੌਸਲੇ ਬੁਲੰਦ ਹੋਣੇ ਲਾਜ਼ਮੀ ਹਨ।

## ਜੀ-7 ਨੇਤਾਵਾਂ ਨੇ ਇਜ਼ਰਾਈਲ...

ਅਪਣੀ ਰੱਖਿਆ ਕਰਨ ਦਾ ਅਧਿਕਾਰ ਹੈ। ਅਸੀਂ ਇਜ਼ਰਾਈਲ ਦੀ ਸੁਰੱਖਿਆ ਲਈ ਅਪਣਾ ਸਮਰਥਨ ਦੁਹਰਾਉਂਦੇ ਹਾਂ।'

ਬਿਆਨ ਅਨੁਸਾਰ, ''ਅਸੀਂ ਨਾਗਰਿਕਾਂ ਦੀ ਸੁਰੱਖਿਆ ਦੀ ਮਹੱਤਤਾ ਦੀ ਵੀ ਪੁਸ਼ਟੀ ਕਰਦੇ ਹਾਂ।ਈਰਾਨ ਖੇਤਰੀ ਅਸਥਿਰਤਾ ਅਤੇ ਅਤਿਵਾਦ ਦਾ ਮੁੱਖ ਸਰੋਤ ਹੈ। ਅਸੀਂ ਲਗਾਤਾਰ ਸਪੱਸ਼ਟ ਕਰਦੇ ਰਹੇ ਹਾਂ ਕਿ ਈਰਾਨ ਕੋਲ ਕਦੇ ਵੀ ਪ੍ਰਮਾਣੂ ਹਥਿਆਰ ਨਹੀਂ ਹੋ ਸਕਦੇ। ਅਸੀਂ ਅਪੀਲ ਕਰਦੇ ਹਾਂ ਕਿ ਈਰਾਨੀ ਸੰਕਟ ਦੇ ਹੱਲ ਨਾਲ ਮੱਧ ਪੂਰਬ ਵਿਚ ਦੁਸ਼ਮਣੀ ਵਿਚ ਵਿਆਪਕ ਕਮੀ ਆਵੇ, ਜਿਸ ਵਿਚ ਗਾਜ਼ਾ ਵਿਚ ਜੰਗਬੰਦੀ ਵੀ ਸ਼ਾਮਲ ਹੈ। ਅਸੀਂ ਕੌਮਾਂਤਰੀ ਊਰਜਾ ਬਾਜ਼ਾਰਾਂ ਉਤੇ ਪੈਣ ਵਾਲੇ ਪ੍ਰਭਾਵਾਂ ਪ੍ਰਤੀ ਸੁਚੇਤ ਰਹਾਂਗੇ ਅਤੇ ਬਾਜ਼ਾਰ ਦੀ ਸਥਿਰਤਾ ਦੀ ਰੱਖਿਆ ਲਈ ਸਮਾਨ ਵਿਚਾਰਧਾਰਾ ਵਾਲੇ ਭਾਈਵਾਲਾਂ ਸਮੇਤ ਤਾਲਮੇਲ ਲਈ ਤਿਆਰ ਰਹਾਂਗੇ।''

## ਕੈਨੇਡਾ 'ਚ ਅਬਾਦੀ...

ਪਿਛਲੇ ਸਮੇਂ ਤੋਂ ਹਰੇਕ ਤਿਮਾਹੀ ਦੇਸ਼ ਦੀ ਅਬਾਦੀ ਵਿੱਚ ਹੁੰਦੇ ਆ ਰਹੇ ਲੱਖਾਂ ਦੇ ਵਾਧੇ ਦੇ ਮੁਕਾਬਲੇ ਇਸ ਵਾਰ ਸਿਰਫ 20107 ਦਾ ਵਾਧਾ ਦਰਜ ਕੀਤਾ ਗਿਆ।

ਇਸ ਤਿਮਾਹੀ ਦੌਰਾਨ ਬ੍ਰਿਟਿਸ਼ ਕੋਲੰਬੀਆ ਤੇ ਓਨਟਾਰੀਓ ਸਮੇਤ ਬਹੁਤੇ ਸੂਬਿਆਂ ਦੀ ਆਬਾਦੀ 'ਚ ਗਿਰਾਵਟ ਆਈ ਹੈ, ਜਦੋਂ ਕਿ ਅਲਬਰਟਾ ਵਿੱਚ ਵਾਧਾ ਦਰਜ ਹੋਇਆ। ਇਸ ਦਾ ਕਾਰਨ ਆਰਥਿਕਤਾ, ਮੰਦੀ ਦੀ ਮਾਰ ਤੋਂ ਬਚੇ ਰਹਿਣ ਅਤੇ ਘਰਾਂ ਦੀ ਘੱਟ ਕੀਮਤਾਂ ਕਾਰਨ ਹੋਰ ਸੂਬਿਆਂ ਤੋਂ ਹੋਈ ਹਿਜਰਤ ਸਮਝੀ ਜਾਂਦੀ ਹੈ। ਇਸ ਤੋਂ ਪਹਿਲਾਂ ਸਾਲ 2020 ਕਰੋਨਾ ਮਹਾਂਮਾਰੀ ਦੌਰਾਨ ਵੀ ਆਬਾਦੀ ਦਾ ਘੱਟ ਵਾਧਾ ਦਰਜ ਕੀਤਾ ਗਿਆ ਸੀ।

ਜਾਰੀ ਅੰਕੜਿਆਂ ਅਨੁਸਾਰ ਇਸ ਤਿਮਾਹੀ 'ਚ ਕੱਚੇ ਰਿਹਾਇਸ਼ੀਆਂ ਦੀ 2959825 ਗਿਣਤੀ ਵਿੱਚ ਵੀ 61 ਹਜਾਰ ਦੀ ਗਿਰਾਵਟ ਦਰਜ ਹੋਈ ਹੈ। ਬੇਸ਼ੱਕ ਸਟੱਡੀ ਵੀਜੇ ਵਾਲਿਆਂ ਦੀ ਗਿਣਤੀ 53669 ਘਟੀ, ਪਰ ਇਸ ਦੌਰਾਨ ਵਿਦੇਸ਼ਾਂ ਚੋਂ ਪੀਆਰ ਲੈ ਕੇ ਆਉਣ ਵਾਲਿਆਂ ਦੀ ਗਿਣਤੀ 'ਚ ਕੁਝ ਵਾਧਾ ਹੋਇਆ ਹੈ। ਬ੍ਰਿਟਿਸ਼ ਕੋਲੰਬੀਆ ਤੇ ਓਂਟਾਰੀਓ ਦੀ ਅਬਾਦੀ ਚ 1951 ਤੋਂ ਬਾਦ ਆਬਾਦੀ ਵਿੱਚ ਪਹਿਲੀ ਵਾਰ ਐਨੀ ਗਿਰਾਵਟ ਆਈ ਹੈ।

## ਜਬਰੀ ਵਸੂਲੀ ਤੇ ਟੋਇੰਗ...

ਨੇ ਕਿਹਾ ਕਿ ਇਸ ਸਮੂਹ ਨੇ ਵਾਹਨਾਂ ਦੀਆਂ ਟੱਕਰਾਂ ਦਾ ਡਰਾਮਾ ਕਰਕੇ ਅਤੇ ਸਥਾਨਕ ਟੋਇੰਗ ਕਾਰਜਾਂ ਦਾ ਕੰਟਰੋਲ ਆਪਣੇ ਹੱਥ ਵਿੱਚ ਲੈਣ ਲਈ ਧਮਕੀਆਂ, ਹਮਲਿਆਂ ਅਤੇ ਹਥਿਆਰਾਂ ਦੀ ਵਰਤੋਂ ਕਰ ਕੇ ਬੀਮਾ ਧੋਖਾਧੜੀ ਵਿੱਚ ਸ਼ਾਮਲ ਹੋ ਕੇ ਲੋਕਾਂ ਤੋਂ ''ਲੱਖਾਂ ਡਾਲਰ'' ਵਸੂਲਣ ਦੀ ਕੋਸ਼ਿਸ਼ ਕੀਤੀ।

ਪੀਲ ਰੀਜਨਲ ਪੁਲਿਸ ਡਿਟੈਕਟ ਬ੍ਰਾਇਨ ਲੌਰੇਟ ਨੇ ਕਿਹਾ ਕਿ ਉਹ ਫ਼ਰਜ਼ੀ ਘਟਨਾਵਾਂ ਬਾਰੇ ਵੇਰਵੇ ਨਹੀਂ ਦੇ ਸਕਦੇ, ਪਰ ਕਿਹਾ ਕਿ ਉਹ ''ਹਰ ਪਹਿਲੂ ਵਿੱਚ ਫ਼ਰਜ਼ੀ ਸੀ। ਲੋਰੇਟ ਨੇ ਸੋਮਵਾਰ ਨੂੰ ਕਿਹਾ ਕਿ ਇਹ ਉਹ ਹਾਦਸੇ ਹਨ ਜੋ ਸੜਕਾਂ 'ਤੇ ਅਕਸਰ ਵਾਪਰਦੇ ਹਨ ਜਿਨ੍ਹਾਂ ਦਾ ਜਨਤਕ ਸੁਰੱਖਿਆ 'ਤੇ ਸਪੱਸ਼ਟ ਤੌਰ 'ਤੇ ਪ੍ਰਭਾਵ ਪੈਂਦਾ ਹੈ, ਕਈ ਵਾਰ ਪੁਲਿਸ, ਐਂਬੂਲੈਂਸ ਅਤੇ ਫਾਇਰ ਵਿਭਾਗਾਂ ਨੂੰ ਘਟਨਾ ਸਥਾਨ 'ਤੇ ਜਾਣਾ ਪੈਂਦਾ ਹੈ ਅਤੇ ਉਹ ਧੋਖਾਧੜੀ ਦੇ ਭੌਤਿਕ ਲਾਭ ਪ੍ਰਾਪਤ ਕਰਨ ਲਈ ਰਿਪੋਰਟਿੰਗ ਅਤੇ ਬੀਮਾ ਉਦਯੋਗ ਰਾਹੀਂ ਧੋਖਾਧੜੀ ਜਾਰੀ ਰਖਦੇ ਹਨ।'' ਲੋਰੇਟ ਨੇ ਨਿਊਜ਼ ਕਾਨਫਰੰਸ ਵਿੱਚ ਕਿਹਾ ਕਿ ਪੁਲਿਸ ਨੇ ਕਿਹਾ ਕਿ ਜਾਂਚ ਦੇ ਹਿੱਸੇ ਵਜੋਂ ਅੰਦਾਜ਼ਨ 4.2 ਮਿਲੀਅਨ ਡਾਲਰ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ, ਜਿਸ ਵਿੱਚ 18 ਟੋਅ ਟਰੱਕ, ਚਾਰ ਮਹਿੰਗੇ ਨਿੱਜੀ ਵਾਹਨ ਅਤੇ ਪੰਜ ਚੋਰੀ ਹੋਏ ਵਾਹਨ ਸ਼ਾਮਲ ਹਨ। ਪੁਲਿਸ ਨੇ ਛੇ ਹਥਿਆਰ, 586 ਕਾਰਤੂਸ, ਦੋ ਬੁਲੇਟਪਰੂਫ ਜੈਕਟਾਂ ਅਤੇ ਕਈ ਤਰ੍ਹਾਂ ਦੇ ਹਥਿਆਰ ਵੀ ਜ਼ਬਤ ਕੀਤੇ ਹਨ। ਇਹ ਜ਼ਬਤੀਆਂ ਪੀਲ ਰੀਜਨ, ਕੈਲੇਡਨ, ਯੌਰਕ ਰੀਜਨ ਅਤੇ ਟੋਰਾਂਟੋ ਵਿੱਚ ਕਈ ਸਰਚ ਵਾਰੰਟਾਂ ਦੀ ਪਾਲਣਾ ਦੌਰਾਨ ਹੋਈਆਂ।









# ਬੀ.ਸੀ. ਦੇ ਪ੍ਰੀਮੀਅਰ ਡੇਵਿਡ ਐਬੀ ਵੱਲੋਂ ਲਾਰੈਂਸ ਬਿਸ਼ਨੋਈ ਗੈਂਗ ਨੂੰ ਕੈਨੇਡਾ ਵਿੱਚ ਅੱਤਵਾਦੀ ਸੰਗਠਨ ਐਲਾਨਣ ਦੀ ਮੰਗ



ਕੁਲਤਰਨ ਸਿੰਘ ਪਧਿਆਣਾ

ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ ਨੇ ਐਲਾਨ ਕੀਤਾ ਹੈ ਕਿ ਉਹ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਪੱਤਰ ਲਿਖ ਕੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਕੈਨੇਡਾ ਵਿੱਚ ਅੱਤਵਾਦੀ ਸੰਗਠਨ ਘੋਸ਼ਿਤ ਕਰਨ ਦੀ ਮੰਗ ਕਰਨਗੇ। ਇਹ ਫੈਸਲਾ ਗੈਂਗ ਦੀਆਂ ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਓਂਟਾਰੀਓ ਵਿੱਚ ਦੱਖਣੀ ਏਸ਼ੀਆਈ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਜਬਰੀ ਵਸੂਲੀ ਅਤੇ ਹਿੰਸਕ ਅਪਰਾਧਾਂ ਦੀਆਂ ਰਿਪੋਰਟਾਂ ਤੋਂ ਬਾਅਦ ਆਇਆ ਹੈ। ਐਬੀ ਨੇ ਕਿਹਾ ਕਿ ਇਸ ਘੋਸ਼ਣਾ ਨਾਲ ਪੁਲਿਸ ਨੂੰ ਅਪਰਾਧਾਂ ਨਾਲ ਨਜਿੱਠਣ ਲਈ ਵਧੇਰੇ ਜਾਂਚ ਸਾਧਨ ਮਿਲਣਗੇ, ਅਤੇ ਉਨ੍ਹਾਂ ਇਸ ਦੀ ਮਿਸਾਲ ਮੈਕਸੀਕੋ ਦੇ ਡਰੱਗ ਕਾਰਟੇਲ ਨਾਲ ਵੀ ਜੋੜੀ ਹੈ।

ਇਹ ਮੰਗ ਜਨਤਕ ਸੁਰੱਖਿਆ ਅਤੇ ਨਿਆਂ ਪ੍ਰਣਾਲੀ ਵਿੱਚ ਵਿਸ਼ਵਾਸ ਨੂੰ ਲੈ ਕੇ ਚਿੰਤਾਵਾਂ ਦੇ ਮੱਦੇਨਜ਼ਰ ਸਾਹਮਣੇ ਆਈ ਹੈ, ਕਿਉਂਕਿ ਇਸ ਗੈਂਗ, ਜਿਸ ਨੂੰ ਲਾਰੈਂਸ ਬਿਸ਼ਨੋਈ ਦੁਆਰਾ ਭਾਰਤ ਦੀਆਂ ਜੇਲ੍ਹਾਂ ਤੋਂ ਅਤੇ ਕੈਨੇਡਾ ਵਿੱਚ ਇੱਕ ਸਾਥੀ ਰਾਹੀਂ ਸੰਚਾਲਿਤ ਕੀਤਾ ਜਾਂਦਾ ਹੈ, ਨੂੰ ਮਿਸੀਸਾਗਾ, ਓਂਟਾਰੀਓ ਵਿੱਚ ਇੱਕ ਕਤਲ ਸਮੇਤ ਗੰਭੀਰ ਅਪਰਾਧਾਂ ਨਾਲ ਜੋੜਿਆ ਗਿਆ ਹੈ। ਵਰਲਡ ਸਿੱਖ ਆਰਗਨਾਈਜੇਸ਼ਨ ਨੇ ਪ੍ਰੀਮੀਅਰ ਡੇਵਿਡ ਐਬੀ ਦੀ ਇਸ ਮੰਗ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਤੇ ਭਾਰਤ ਤੋਂ ਸਰਗਰਮ ਹੋਰ ਗੈਂਗ ਜੋ ਕੈਨੇਡਾ ਵਿੱਚ ਫਿਰੌਤੀ ਕਤਲ ਵਰਗੇ ਸੰਗੀਨ ਅਪਰਾਧਾਂ ਵਿੱਚ ਸ਼ਾਮਲ ਹਨ ਨੂੰ ਅੱਤਵਾਦੀ ਸੰਗਠਨਾਂ ਵਜੋਂ ਲੈਣ ਦੀ ਜ਼ਰੂਰਤ ਹੈ।

## CSIS ਰਿਪੋਰਟ 'ਚ ਖੁਲਾਸਾ

# ਕੈਨੇਡਾ ਤੋਂ ਭਾਰਤ ਵਿੱਚ ਅੱਤਵਾਦ ਕੌਣ ਫੈਲਾ ਰਿਹੈ ?

ਓਟਾਵਾ : ਪਹਿਲੀ ਵਾਰ ਕੈਨੇਡਾ ਦੀ ਪ੍ਰਮੁੱਖ ਖੁਫੀਆ ਏਜੰਸੀ ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ (CSIS) ਨੇ ਅਧਿਕਾਰਤ ਤੌਰ 'ਤੇ ਮੰਨਿਆ ਹੈ ਕਿ ਖਾਲਿਸਤਾਨੀ ਵੱਖਵਾਦੀ ਭਾਰਤ ਵਿੱਚ ਹਿੰਸਾ ਨੂੰ ਵਧਾਉਣ, ਫੰਡ ਇਕੱਠੇ ਕਰਨ ਅਤੇ ਯੋਜਨਾ ਬਣਾਉਣ ਲਈ ਕੈਨੇਡੀਅਨ ਧਰਤੀ ਦੀ ਵਰਤੋਂ ਕਰ ਰਹੇ ਹਨ। CSIS ਨੇ ਬੁੱਧਵਾਰ ਨੂੰ ਆਪਣੀ ਸਾਲਾਨਾ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਕੈਨੇਡਾ ਦੀ ਕੌਮੀ ਸੁਰੱਖਿਆ ਲਈ ਕੁਝ ਮੁੱਖ ਚਿੰਤਾਵਾਂ ਅਤੇ ਖਤਰਿਆਂ ਨੂੰ ਉਜਾਗਰ ਕੀਤਾ ਗਿਆ ਹੈ। ਕੈਨੇਡਾ ਦੀ ਖੁਫੀਆ ਏਜੰਸੀ CSIS ਦੀ ਰਿਪੋਰਟ ਸਪੱਸ਼ਟ ਤੌਰ 'ਤੇ ਕਹਿੰਦੀ ਹੈ, ''ਖਾਲਿਸਤਾਨੀ ਵੱਖਵਾਦੀ ਕੈਨੇਡਾ ਨੂੰ ਮੁੱਖ ਤੌਰ 'ਤੇ ਭਾਰਤ ਵਿੱਚ ਹਿੰਸਾ ਨੂੰ ਵਧਾਉਣ, ਫੰਡ ਇਕੱਠੇ ਕਰਨ ਜਾਂ ਯੋਜਨਾ ਬਣਾਉਣ ਲਈ ਇੱਕ ਅਧਾਰ ਵਜੋਂ ਵਰਤਣਾ ਜਾਰੀ ਰੱਖਦੇ ਹਨ।'' ਭਾਰਤ ਸਾਲਾਂ ਤੋਂ ਕੈਨੇਡੀਅਨ ਧਰਤੀ ਤੋਂ ਕੰਮ ਕਰ ਰਹੇ ਖਾਲਿਸਤਾਨੀ ਵੱਖਵਾਦੀਆਂ ਬਾਰੇ ਚਿੰਤਾਵਾਂ ਦਾ ਮੁੱਦਾ ਉਠਾਉਂਦਾ ਰਿਹਾ ਹੈ, ਪਰ ਕੈਨੇਡਾ ਨੇ ਇਸ ਮੁੱਦੇ 'ਤੇ ਜ਼ਿਆਦਾਤਰ ਅੱਖਾਂ ਬੰਦ ਕਰ ਰੱਖੀਆਂ ਸਨ।

CSIS ਦੀ ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਕੈਨੇਡਾ ਭਾਰਤ ਵਿਰੋਧੀ ਅਨਸਰਾਂ ਲਈ ਇੱਕ ਸੁਰੱਖਿਅਤ ਪਨਾਹਗਾਹ ਬਣ ਗਿਆ ਹੈ, ਜਿਸ ਨਾਲ ਭਾਰਤ ਦੀਆਂ ਸਾਲਾਂ ਤੋਂ ਉਠਾਈਆਂ ਗਈਆਂ ਚਿੰਤਾਵਾਂ ਸਹੀ ਸਾਬਤ ਹੋਈਆਂ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 1980 ਦੇ ਦਹਾਕੇ ਦੇ ਮੱਧ ਤੋਂ ਕੈਨੇਡਾ ਵਿੱਚ ਫੰਡਓ ਦਾ ਖਤਰਾ ਮੁੱਖ ਤੌਰ 'ਤੇ CBKEs ਵੱਲੋਂ ਪਰਗਟ ਹੋਇਆ ਹੈ। ਕੈਨੇਡਾ ਵਿੱਚ ਸਿਆਸੀ ਤੌਰ 'ਤੇ ਪ੍ਰੇਰਿਤ ਹਿੰਸਕ ਵੱਖਵਾਦ (PMVE) ਦਾ ਖਤਰਾ ਮੁੱਖ ਤੌਰ 'ਤੇ ਕੈਨੇਡਾ-ਅਧਾਰਤ ਖਾਲਿਸਤਾਨੀ ਵੱਖਵਾਦੀਆਂ (CBKEs) ਵੱਲੋਂ ਪ੍ਰਗਟ ਹੋਇਆ ਹੈ, ਜੋ ਭਾਰਤ ਵਿੱਚ ਪੰਜਾਬ ਦੇ ਅੰਦਰ ਹੀ ਖਾਲਿਸਤਾਨ ਨਾਮਕ ਇੱਕ ਸੁਤੰਤਰ ਰਾਸ਼ਟਰ ਰਾਜ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।



ਰਿਪੋਰਟ ਵਿੱਚ ਲਿਖਿਆ ਹੈ, ''ਵਿਅਕਤੀਆਂ ਦਾ ਇੱਕ ਛੋਟਾ ਸਮੂਹ ਖਾਲਿਸਤਾਨੀ ਵੱਖਵਾਦੀ ਮੰਨਿਆ ਜਾਂਦਾ ਹੈ ਕਿਉਂਕਿ ਉਹ ਮੁੱਖ ਤੌਰ 'ਤੇ ਭਾਰਤ ਵਿੱਚ ਹਿੰਸਾ ਨੂੰ ਵਧਾਉਣ, ਫੰਡ ਇਕੱਠੇ ਕਰਨ ਜਾਂ ਯੋਜਨਾ ਬਣਾਉਣ ਲਈ ਕੈਨੇਡਾ ਨੂੰ ਇੱਕ ਅਧਾਰ ਵਜੋਂ ਵਰਤਣਾ ਜਾਰੀ ਰੱਖਦੇ ਹਨ। ਖਾਸ ਤੌਰ ਤੇ ਕੈਨੇਡਾ ਤੋਂ ਉੱਭਰ ਰਿਹਾ ਅਸਲ ਅਤੇ ਸਮਝਿਆ ਜਾਣ ਵਾਲਾ ਖਾਲਿਸਤਾਨੀ ਵੱਖਵਾਦੀ ਕੈਨੇਡਾ ਵਿੱਚ ਭਾਰਤੀ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਗਤੀਵਿਧੀਆਂ ਨੂੰ ਜਾਰੀ ਰੱਖਦਾ ਹੈ।''

CSIS ਦੀ ਇਸ ਤਾਜ਼ਾ ਸਾਲਾਨਾ ਰਿਪੋਰਟ ਵਿੱਚ ਇਹ ਖੁਲਾਸਾ ਕੈਨੇਡਾ ਦੇ ਅੰਦਰ ਵਿਦੇਸ਼ੀ ਦਖਲਅੰਦਾਜ਼ੀ ਅਤੇ ਵੱਖਵਾਦੀ ਗਤੀਵਿਧੀਆਂ ਬਾਰੇ ਖਾਸ ਤੌਰ 'ਤੇ ਭਾਰਤ ਨਾਲ ਇਸਦੇ ਸੰਵੇਦਨਸ਼ੀਲ ਕੂਟਨੀਤਕ ਸਬੰਧਾਂ ਦੇ ਸੰਦਰਭ ਵਿੱਚ ਚਿੰਤਾਵਾਂ ਨੂੰ ਮੁੜ ਜਗਾਇਆ ਗਿਆ ਹੈ। ਕੈਨੇਡਾ ਦੀ ਆਪਣੀ ਖੁਫੀਆ ਸੁਰੱਖਿਆ ਨੇ, ਜੋ ਨਵੀਂ ਦਿੱਲੀ ਲੰਬੇ ਸਮੇਂ ਤੋਂ ਕਹਿੰਦੀ ਆ ਰਹੀ ਹੈ ਕੈਨੇਡਾ ਭਾਰਤ ਵਿਰੋਧੀ ਅਨਸਰਾਂ ਲਈ ਇੱਕ ਸੁਰੱਖਿਅਤ ਪਨਾਹਗਾਹ ਬਣ ਗਿਆ ਹੈ, ਗੱਲ ਦੀ ਪੁਸ਼ਟੀ ਕੀਤੀ ਹੈ। ਰਿਪੋਰਟ ਵਿੱਚ ਬਾਹਰੀ ਪ੍ਰਭਾਵੀ ਮੁਹਿੰਮਾਂ ਅਤੇ ਘਰੇਲੂ ਵੱਖਵਾਦੀ ਵਿੱਤ ਨੈਟਵਰਕ ਦੋਵਾਂ ਵਿਰੁੱਧ ਨਿਰੰਤਰ ਚੌਕਸੀ ਦੀ ਮੰਗ ਕੀਤੀ ਗਈ ਹੈ। ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ, ''ਇਹ ਗਤੀਵਿਧੀਆਂ ਕੈਨੇਡਾ ਦੇ ਸਥਾਨਾਂ ਨੂੰ ਮੁੱਖ ਮੁੱਦਿਆਂ 'ਤੇ ਭਾਰਤ ਦੇ ਹਿੱਤਾਂ ਨਾਲ ਮੇਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਖਾਸ ਤੌਰ 'ਤੇ ਭਾਰਤੀ ਸਰਕਾਰ ਕੈਨੇਡਾ-ਅਧਾਰਤ ਇੱਕ ਸੁਤੰਤਰ ਦੇਸ਼ ਦੇ ਸਮਰਥਕਾਂ ਨੂੰ ਕਿਵੇਂ ਵੇਖਦੀ ਹੈ ਜਿਸਨੂੰ ਉਹ ਖਾਲਿਸਤਾਨ ਕਹਿੰਦੇ ਹਨ।''

ਬੁੱਧਵਾਰ ਦੀ ਰਿਪੋਰਟ ਵਿੱਚ ਲਿਖਿਆ ਗਿਆ ਹੈ, ''ਭਾਰਤ ਸਰਕਾਰ ਅਤੇ ਨਿੱਝਰ ਕਤਲ ਦੇ ਵਿਚਕਾਰ ਸਬੰਧ ਖਾਲਿਸਤਾਨ ਅੰਦੋਲਨ ਵਿਰੁੱਧ ਭਾਰਤ ਦੇ ਦਮਨਕਾਰੀ ਯਤਨਾਂ ਵਿੱਚ ਇੱਕ ਮਹੱਤਵਪੂਰਨ ਵਾਧਾ ਅਤੇ ਉੱਤਰੀ ਅਮਰੀਕਾ ਵਿੱਚ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦਾ ਸਪੱਸ਼ਟ ਇਰਾਦਾ ਦਰਸਾਉਂਦਾ ਹੈ ''ਕੈਨੇਡਾ ਤੋਂ ਉੱਭਰ ਰਿਹਾ ਅਸਲ ਅਤੇ ਸਮਝਿਆ ਜਾਣ ਵਾਲਾ ਖਾਲਿਸਤਾਨੀ ਵੱਖਵਾਦ ਕੈਨੇਡਾ ਵਿੱਚ ਭਾਰਤੀ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਗਤੀਵਿਧੀਆਂ ਨੂੰ ਜਾਰੀ ਰੱਖਦਾ ਹੈ।''

ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ G7 ਸੰਮੇਲਨ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੁਲਾਉਣ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਇਸ 'ਤੇ ਕੁਝ ਸਿੱਖ ਵਕੀਲਾਂ ਅਤੇ ਉਨ੍ਹਾਂ ਦੇ ਆਪਣੇ ਸੰਸਦ ਮੈਂਬਰਾਂ ਨੇ ਨਰਾਜ਼ਗੀ ਪ੍ਰਗਟਾਈ। ਹਾਲਾਂਕਿ, ਕਾਰਨੀ ਨੇ ਆਲਮੀ ਮਾਮਲਿਆਂ ਵਿੱਚ ਭਾਰਤ ਦੀ ਮਹੱਤਤਾ ਦਾ ਹਵਾਲਾ ਦਿੰਦੇ ਹੋਏ ਆਪਣੇ ਫੈਸਲੇ ਦਾ ਬਚਾਅ ਕੀਤਾ।

ਕਾਰਨੀ ਨੇ ਭਾਰਤ ਦੀ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਅਤੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਦੇ ਰੂਪ ਵਿੱਚ ਦਰਜੇ 'ਤੇ ਜ਼ੋਰ ਦਿੱਤਾ, ਜਿਸ ਨਾਲ ਇਹ ਵਿਸ਼ਵ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਇੱਕ ਮਹੱਤਵਪੂਰਨ ਖਿਡਾਰੀ ਬਣ ਜਾਂਦਾ ਹੈ।

# ਟੈਕਸਾਸ ਵਿਚ ਅਜ਼ਮਾਇਸ਼ ਦੌਰਾਨ SpaceX ਦੇ ਰਾਕੇਟ 'ਚ ਧਮਾਕਾ, ਜਾਨੀ ਨੁਕਸਾਨ ਤੋਂ ਬਚਾਅ



ਆਸਟਿਨ (ਅਮਰੀਕਾ) : SpaceX ਦੇ ਰਾਕੇਟ ਵਿਚ ਬੁੱਧਵਾਰ ਰਾਤ ਨੂੰ ਟੈਕਸਾਸ ਵਿਚ ਅਜ਼ਮਾਇਸ਼ ਦੌਰਾਨ ਧਮਾਕਾ ਹੋ ਗਿਆ, ਜਿਸ ਨਾਲ ਅਸਮਾਨ ਵਿਚ ਅੱਗ ਦਾ ਗੋਲਾ ਨਜ਼ਰ ਆਇਆ। ਹਾਲਾਂਕਿ ਇਸ ਘਟਨਾ ਵਿਚ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ।

ਕੰਪਨੀ ਨੇ ਕਿਹਾ ਕਿ ਟੈਕਸਾਸ ਦੇ ਦੱਖਣੀ ਸਿਰੇ ਸਪੇਸਐਕਸ ਦੀ ਅਜ਼ਮਾਇਸ਼ ਵਾਲੀ ਥਾਂ ਸਟਾਰਬੇਸ ਵਿਚ 10ਵੀਂ ਉਡਾਣ ਪ੍ਰੀਖਣ ਦੀ ਤਿਆਰੀ ਦੌਰਾਨ ਰਾਤ ਕਰੀਬ 11 ਵਜੇ ਰਾਕੇਟ ਸਟਾਰਸ਼ਿਪ ਵਿਚ 'ਇਕ ਵੱਡੇ ਨੁਕਸ' ਦਾ ਪਤਾ ਲੱਗਾ। ਸਪੇਸਐਕਸ ਨੇ 'ਐਕਸ' ਉੱਤੇ ਇਕ ਬਿਆਨ ਵਿਚ ਕਿਹਾ, ''ਪੂਰੇ ਪ੍ਰੀਖਣ ਦੌਰਾਨ ਲਾਂਚ ਵਾਲੀ ਥਾਂ ਦੇ ਆਲੇ ਦੁਆਲੇ ਸੁਰੱਖਿਅਤ ਖੇਤਰ ਬਣਾ ਕੇ ਰੱਖਿਆ ਗਿਆ। ਸਾਰੇ ਕਰਮੀ ਸੁਰੱਖਿਅਤ ਹਨ ਤੇ ਉਨ੍ਹਾਂ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ।''

ਐਲਨ ਮਸਕ ਦੀ ਮਾਲਕੀ ਵਾਲੀ ਸਪੇਸਐਕਸ ਨੇ ਕਿਹਾ ਕਿ ਆਸ ਪਾਸ ਦੇ ਲੋਕਾਂ ਨੂੰ ਇਸ ਘਟਨਾ ਨਾਲ ਕੋਈ ਨੁਕਸਾਨ ਨਹੀਂ ਪੁੱਜਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਧਮਾਕੇ ਵਾਲੀ ਥਾਂ ਨੇੜੇ ਜਾਣ ਦੀ ਕੋਸ਼ਿਸ਼ ਨਾ ਕਰਨ। ਕੰਪਨੀ ਨੇ ਕਿਹਾ ਕਿ ਉਹ ਇਸ ਘਟਨਾ ਨਾਲ ਨਜਿੱਠਣ ਲਈ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ।

# 36 ਹੋਰ ਦੇਸ਼ਾਂ ਦੇ ਨਾਗਰਿਕਾਂ ਦੀ ਅਮਰੀਕਾ 'ਚ ਦਾਖਲ ਹੋਣ 'ਤੇ ਲੱਗ ਸਕਦੀ ਹੈ ਪਾਬੰਦੀ !

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਦੇਸ਼ੀਆਂ ਦੀ ਐਂਟਰੀ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨ ਜਾ ਰਹੇ ਹਨ। 12 ਦੇਸ਼ਾਂ 'ਤੇ ਯਾਤਰਾ ਪਾਬੰਦੀ ਲਗਾਉਣ ਮਗਰੋਂ ਉਹ ਇਸ ਸੂਚੀ ਦਾ ਵਿਸਥਾਰ ਕਰਨਾ ਚਾਹੁੰਦੇ ਹਨ, ਜਿਸ ਨਾਲ 36 ਹੋਰ ਦੇਸ਼ਾਂ ਦੇ ਨਾਗਰਿਕਾਂ 'ਤੇ ਅਮਰੀਕਾ ਵਿਚ ਦਾਖਲ ਹੋਣ 'ਤੇ ਪਾਬੰਦੀ ਲੱਗ ਸਕਦੀ ਹੈ। ਇਸ ਸੂਚੀ ਵਿਚ ਭਾਰਤ ਦੇ ਇਕ ਹੋਰ ਗੁਆਂਢੀ ਦੇਸ਼ ਭੂਟਾਨ ਦਾ ਨਾਮ ਹੈ। ਉਂਝ ਪ੍ਰਭਾਵਿਤ ਦੇਸ਼ਾਂ ਦੀ ਸੂਚੀ ਵਿਚ ਕਈ ਅਫਰੀਕੀ, ਕੈਰੇਬੀਅਨ ਅਤੇ ਮੱਧ ਏਸ਼ੀਆਈ ਦੇਸ਼ ਸ਼ਾਮਲ ਹਨ। ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਅੰਦਰੂਨੀ ਜਾਣਕਾਰੀ ਅਨੁਸਾਰ ਇਹ ਕਦਮ ਦੇਸ਼ ਨੂੰ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ੀ ਅੱਤਵਾਦੀਆਂ ਤੋਂ ਬਚਾਉਣ ਲਈ ਚੁੱਕਿਆ ਜਾ ਰਿਹਾ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਟਰੰਪ ਨੇ 12 ਦੇਸ਼ਾਂ ਦੇ ਨਾਗਰਿਕਾਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਦਾ ਆਦੇਸ਼ ਜਾਰੀ ਕੀਤਾ ਸੀ, ਜਿਸ ਵਿਚ ਅਫਗਾਨਿਸਤਾਨ ਅਤੇ ਮਿਆਂਮਾਰ ਵੀ ਸ਼ਾਮਲ ਸਨ।

ਇਹ ਨਿਰਦੇਸ਼ ਇਮੀਗ੍ਰੇਸ਼ਨ ਕਾਰਵਾਈ ਦਾ ਹਿੱਸਾ ਸੀ, ਜਿਸ ਨੂੰ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਵਿਚ 2025 'ਚ ਸ਼ੁਰੂ ਕੀਤਾ ਸੀ। ਜਿਸ 'ਚ ਗਿਰੋਹ ਦੇ ਮੈਂਬਰ ਹੋਣ ਦੇ ਸ਼ੱਕ 'ਚ ਸੈਂਕੜੇ ਵੈਨੇਜ਼ੁਏਲਾ ਦੇ ਲੋਕਾਂ ਨੂੰ ਅਲ ਸਲਵਾਡੋਰ ਭੇਜਣਾ, ਅਮਰੀਕੀ ਯੂਨੀਵਰਸਿਟੀਆਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਤੋਂ ਇਨਕਾਰ ਕਰਨ ਅਤੇ




ਹੋਰਾਂ ਨੂੰ ਦੇਸ਼ ਨਿਕਾਲਾ ਦੇਣਾ ਦੀਆਂ ਕੋਸ਼ਿਸ਼ਾਂ ਸ਼ਾਮਲ ਹਨ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਦਸਤਖ਼ਤ ਕੀਤੇ ਗਏ ਇਸ ਪੱਤਰ ਵਿਹਾਰ ਵਿਚ ਇਨ੍ਹਾਂ 36 ਦੇਸ਼ਾਂ ਬਾਰੇ ਇੱਕ ਦਰਜਨ ਚਿੰਤਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਪੱਤਰ ਵਿਹਾਰ ਵਿਚ ਕਿਹਾ ਗਿਆ ਹੈ ਕਿ ਜੇਕਰ ਇਹ ਦੇਸ਼ 60 ਦਿਨਾਂ ਦੇ ਅੰਦਰ ਨਿਰਧਾਰਤ ਮਾਪਦੰਡਾਂ ਅਤੇ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੇ ਹਨ, ਤਾਂ ਉਨ੍ਹਾਂ ਦੇ ਨਾਗਰਿਕਾਂ ਦੇ ਦਾਖਲੇ 'ਤੇ ਪੂਰੀ ਜਾਂ ਅੰਸ਼ਕ ਪਾਬੰਦੀ ਲਗਾਈ ਜਾ ਸਕਦੀ ਹੈ। ਵਾਸ਼ਿੰਗਟਨ ਪੋਸਟ ਨੇ ਸਭ ਤੋਂ ਪਹਿਲਾਂ ਇਸ ਪੱਤਰ ਵਿਹਾਰ ਬਾਰੇ ਜਾਣਕਾਰੀ ਦਿੱਤੀ।

ਵਿਦੇਸ਼ ਵਿਭਾਗ ਨੇ ਚਿੰਤਾ ਜ਼ਾਹਰ ਕੀਤੀ ਕਿ ਕੁਝ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਦੀ ਭਰੋਸੇਯੋਗ ਤਰੀਕੇ ਨਾਲ ਪਛਾਣ ਨਹੀਂ ਕਰਦੀਆਂ। ਕੁਝ ਦੇਸ਼ਾਂ ਦੇ ਪਾਸਪੋਰਟਾਂ ਦੀ ਸੁਰੱਖਿਆ ਵੀ ਸ਼ੱਕੀ ਹੈ। ਇਸ ਤੋਂ ਇਲਾਵਾ ਕੁਝ ਦੇਸ਼ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਵਿਚ ਸਹਿਯੋਗ ਨਹੀਂ ਕਰਦੇ, ਜਿਨ੍ਹਾਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦੇਣ ਦਾ ਹੁਕਮ ਦਿੱਤਾ ਗਿਆ ਹੈ। ਕਈ ਦੇਸ਼ਾਂ ਦੇ ਨਾਗਰਿਕ ਆਪਣੇ ਅਮਰੀਕੀ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਰਹਿ ਰਹੇ ਹਨ। ਪੱਤਰ ਵਿਹਾਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੁਝ ਦੇਸ਼ਾਂ ਦੇ ਨਾਗਰਿਕ ਅਮਰੀਕਾ ਵਿੱਚ ਅੱਤਵਾਦੀ ਗਤੀਵਿਧੀਆਂ, ਯਹੂਦੀ-ਵਿਰੋਧੀ ਜਾਂ ਅਮਰੀਕਾ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਰਹੇ ਹਨ।

ਜੇਕਰ ਅਗਲੇ 60 ਦਿਨਾਂ ਦੇ ਅੰਦਰ ਸਰਕਾਰ ਅਤੇ ਇਮੀਗ੍ਰੇਸ਼ਨ ਵਲੋਂ ਆਪਣੇ ਦੇਸ਼ ਪ੍ਰਤੀ ਜਤਾਈਆਂ ਗਈਆਂ ਚਿੰਤਾਵਾਂ ਨੂੰ ਦੂਜੇ ਦੇਸ਼ਾਂ ਵਲੋਂ ਦੂਰ ਨਹੀਂ ਕੀਤਾ ਜਾਂਦਾ, ਤਾਂ ਅੰਗੋਲਾ, ਐਂਟੀਗੁਆ ਅਤੇ ਬਾਰਬੁਡਾ, ਬੇਨਿਨ, ਭੂਟਾਨ, ਬੁਰਕੀਨਾ ਫਾਸੋ, ਕਾਬੋ ਵਰਡੇ, ਕੰਬੋਡੀਆ, ਕੈਮਰੂਨ, ਕੋਟ ਡਿਵੁਆਰ, ਕਾਂਗੋ ਲੋਕਤੰਤਰੀ ਗਣਰਾਜ, ਜਿਬੂਤੀ, ਡੋਮਿਨਿਕਾ, ਮਿਸਰ, ਇਥੋਪੀਆ, ਗੈਬੋਨ, ਗੈਂਬੀਆ, ਘਾਨਾ, ਕਿਰਗਿਸਤਾਨ, ਲਾਈਬੇਰੀਆ, ਮਲਾਵੀ, ਨਿਊਤੀਆ, ਮਾਲਾਵੀ, ਮਾਲਾਵੀ, ਨਿਊਰਟੀ, ਮਾਲਾਵੀ ਸੇਂਟ ਲੂਸੀਆ, ਸਾਓ ਟੋਮੇ ਅਤੇ ਪ੍ਰਿੰਸੀਪੇ, ਸੇਨੇਗਲ, ਦੱਖਣੀ ਸੁਡਾਨ, ਸੀਰੀਆ, ਤਨਜ਼ਾਨੀਆ, ਟੋਂਗਾ, ਟੁਵਾਲੂ, ਯੂਗਾਂਡਾ, ਵੈਨੂਆਟੂ, ਜ਼ੈਂਬੀਆ, ਜ਼ਿੰਬਾਬਵੇ ਆਦਿ ਦੇਸ਼ ਪੂਰੀ ਜਾਂ ਅੰਸ਼ਕ ਪਾਬੰਦੀ ਦਾ ਸਾਹਮਣਾ ਕਰ ਸਕਦੇ ਹਨ।

# ਕੋਈ ਨਹੀਂ ਜਾਣਦਾ ਕਿ ਮੈਂ ਕੀ ਕਰਨ ਜਾ ਰਿਹਾ ਹਾਂ : ਟਰੰਪ

ਜਿਵੇਂ ਕਿ ਇਜ਼ਰਾਈਲ-ਈਰਾਨ ਟਕਰਾਅ ਆਪਣੇ ਸੱਤਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ, ਇਜ਼ਰਾਈਲ ਅਤੇ ਈਰਾਨ ਵੱਲੋਂ ਇਕ-ਦੂਜੇ ਉੱਤੇ ਹਮਲੇ ਜਾਰੀ ਹਨ। ਇਜ਼ਰਾਈਲ ਨੇ ਤਹਿਰਾਨ ਸਮੇਤ ਕਈ ਇਰਾਨੀ ਸ਼ਹਿਰਾਂ 'ਤੇ ਹਮਲੇ ਕੀਤੇ ਹਨ ਅਤੇ ਕਿਹਾ ਹੈ ਕਿ ਉਸ ਨੇ ਈਰਾਨ ਦੇ ਕਈ ਹਿੱਸਿਆਂ 'ਚ ਹਮਲੇ ਕਰਕੇ ਇਰਾਨੀ ਹਮਲਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਅਮਰੀਕਾ ਇਜ਼ਰਾਈਲ ਦੀ ਈਰਾਨੀ ਪ੍ਰਮਾਣੂ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਫੌਜੀ ਮੁਹਿੰਮ ਵਿੱਚ ਸ਼ਾਮਲ ਹੋਵੇਗਾ। ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, "ਮੈਂ ਕਰ ਸਕਦਾ ਹਾਂ, ਮੈਂ ਨਹੀਂ ਕਰ ਸਕਦਾ। ਕੋਈ ਨਹੀਂ ਜਾਣਦਾ ਕਿ ਮੈਂ ਕੀ ਕਰਨ ਜਾ ਰਿਹਾ ਹਾਂ।"

ਇਸ ਸੰਕਟ ਦੇ ਮਾਹੌਲ ਵਿੱਚ, ਅਮਰੀਕੀ ਪ੍ਰਸ਼ਾਸਨ ਵੱਲੋਂ ਹਾਲਾਤਾਂ ਦੇ ਧਿਆਨ ਵਿੱਚ ਰੱਖਦਿਆਂ ਇਰਾਨ 'ਤੇ ਹਮਲੇ ਦੀ ਸੰਭਾਵਨਾ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਪਰ ਅਜੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਹੋਇਆ। ਟਰੰਪ ਨੇ ਇਹ ਵੀ ਕਿਹਾ ਕਿ ਈਰਾਨੀ ਅਧਿਕਾਰੀਆਂ ਵਾਸ਼ਿੰਗਟਨ ਨਾਲ ਗੱਲਬਾਤ 'ਚ ਦਿਲਚਸਪੀ ਲੈ ਰਹੇ ਹਨ, ਪਰ ਹੁਣ "ਥੋੜੀ ਦੇਰ ਹੋ ਗਈ ਹੈ"। ਇਸੇ ਦੌਰਾਨ, ਯੂਰਪ ਦੇ ਮੁਲਕ ਜਰਮਨੀ, ਫਰਾਂਸ ਅਤੇ ਬ੍ਰਿਟੇਨ ਵੀ ਜੇਨੇਵਾ ਵਿੱਚ ਇਰਾਨੀ ਪ੍ਰਮਾਣੂ ਮੁੱਦੇ 'ਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਜੋ ਇਰਾਨ ਤੋਂ ਇਹ ਭਰੋਸਾ ਲਿਆ ਜਾ ਸਕੇ ਕਿ ਉਸਦਾ ਪ੍ਰੋਗਰਾਮ ਪੂਰੀ ਤਰ੍ਹਾਂ ਨਾਗਰਿਕ ਰਹੇ।



ਈਰਾਨ ਦੇ ਸੁਪਰੀਮ ਲੀਡਰ ਆਯਤੁੱਲਾ ਅਲੀ ਖਮੇਨੀ ਨੇ ਅਮਰੀਕਾ ਨੂੰ ਚੇਤਾਵਨੀ ਦਿੱਤੀ ਹੈ ਕਿ ਕਿਸੇ ਵੀ ਅਮਰੀਕੀ ਫੌਜੀ ਦਖਲਅੰਦਾਜ਼ੀ ਦੇ ਨਾਲ "ਨਾ ਪੂਰਾ ਹੋਣ ਵਾਲਾ ਨੁਕਸਾਨ" ਹੋਵੇਗਾ ਅਤੇ ਈਰਾਨ "ਕਦੇ ਵੀ ਆਤਮ ਸਮਰਪਣ ਨਹੀਂ ਕਰੇਗਾ"। ਇਜ਼ਰਾਈਲ ਨੇ ਵੀ ਕਿਹਾ ਹੈ ਕਿ ਉਹ ਈਰਾਨ ਦੇ ਪ੍ਰਮਾਣੂ ਸਥਾਨਾਂ ਅਤੇ ਰਣਨੀਤਕ ਢਾਂਚੇ ਨੂੰ ਨਿਸ਼ਾਨਾ ਬਣਾਉਣ ਵਿੱਚ "ਹਰ ਕਦਮ ਵਧਾ ਰਿਹਾ ਹੈ"। ਦੂਜੇ ਪਾਸੇ, ਤਹਿਰਾਨ ਵਿੱਚ ਲੋਕਾਂ ਨੇ ਸੁਰੱਖਿਆ ਦੀ ਮੰਗ ਕਰਦਿਆਂ ਸ਼ਹਿਰ ਛੱਡਣ ਦੀ ਕੋਸ਼ਿਸ਼ ਕੀਤੀ ਹੈ। ਸੰਖੇਪ ਵਿੱਚ, ਅਮਰੀਕਾ ਦੀ ਭੂਮਿਕਾ 'ਤੇ ਅਜੇ ਵੀ ਅਣਸ਼ਚਿਤਤਾ ਹੈ, ਜਦਕਿ ਇਜ਼ਰਾਈਲ-ਈਰਾਨ ਜੰਗ ਵਿਚਾਲੇ ਰਾਜਨੀਤਿਕ ਅਤੇ ਫੌਜੀ ਤਣਾਅ ਲਗਾਤਾਰ ਵਧ ਰਿਹਾ ਹੈ।

# ਈਰਾਨ ਦਾ ਜਵਾਬੀ ਹਮਲਾ, ਇਜ਼ਰਾਈਲ ਦੇ ਕਈ ਸ਼ਹਿਰਾਂ 'ਚ ਦਾਗੀਆਂ ਮਿਜ਼ਾਈਲਾਂ

## 1000 ਬਿਸਤਰਿਆਂ ਵਾਲਾ ਹਸਪਤਾਲ ਹੋਇਆ ਤਬਾਹ



ਈਰਾਨ ਇਜ਼ਰਾਈਲ ਟਕਰਾਅ ਈਰਾਨ ਅਤੇ ਇਜ਼ਰਾਈਲ ਵਿਚਕਾਰ ਜੰਗ ਹੁਣ ਤੇਜ਼ ਹੋ ਰਹੀ ਹੈ। ਇਜ਼ਰਾਈਲ ਦੇ ਹਮਲੇ ਤੋਂ ਬਾਅਦ, ਈਰਾਨ ਨੇ ਆਪਣਾ ਜਵਾਬੀ ਹਮਲਾ ਹੋਰ ਵੀ ਭਿਆਨਕ ਕਰ ਦਿੱਤਾ ਹੈ। ਅੱਜ ਈਰਾਨ ਨੇ ਇਜ਼ਰਾਈਲ 'ਤੇ ਕਈ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕੀਤਾ ਹੈ। ਇਸਨੇ ਇਜ਼ਰਾਈਲ ਦੇ ਇੱਕ ਵੱਡੇ ਹਸਪਤਾਲ ਨੂੰ ਸਿੱਧਾ ਨਿਸ਼ਾਨਾ ਵੀ ਬਣਾਇਆ ਹੈ।

ਇਰਾਨ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਨੂੰ ਵੱਡਾ ਨੁਕਸਾਨ ਹੋਇਆ ਹੈ। ਈਰਾਨ ਨੇ ਇਜ਼ਰਾਈਲ ਦੇ ਸੋਰੋਕਾ ਮੈਡੀਕਲ ਸੈਂਟਰ 'ਤੇ ਹਮਲਾ ਕੀਤਾ ਹੈ, ਜੋ ਕਿ ਇਜ਼ਰਾਈਲ ਦੇ ਦੱਖਣ ਵਿੱਚ ਇੱਕ ਵੱਡਾ ਹਸਪਤਾਲ ਹੈ।

ਇਜ਼ਰਾਈਲ ਦੇ ਵਿਦੇਸ਼ ਮੰਤਰਾਲੇ ਨੇ ਟਵੀਟ ਕਰ ਲਿਖਿਆ ਹੈ ਕਿ ,''ਬੀਅਰਸ਼ੇਬਾ ਦੇ ਸੋਰੋਕਾ ਹਸਪਤਾਲ 'ਤੇ ਹਾਲ ਹੀ ਵਿੱਚ ਇੱਕ ਈਰਾਨੀ ਬੈਲਿਸਟਿਕ ਮਿਜ਼ਾਈਲ ਦੁਆਰਾ ਹਮਲਾ ਕੀਤਾ ਗਿਆ ਸੀ। ਇਜ਼ਰਾਈਲ ਆਪਣੇ ਸਾਰੇ ਲੋਕਾਂ ਦੀ ਰੱਖਿਆ ਲਈ ਜੋ ਕਰਨਾ ਚਾਹੀਦਾ ਹੈ ਉਹ ਕਰਦੇ ਰਹਾਂਗੇ।

# ਬੀ.ਸੀ. ਵਿਧਾਨ ਸਭਾ ਚੋਣਾਂ 'ਚ ਬੇਨਿਯਮੀਆਂ ਦੇ ਨਵੇਂ ਸਬੂਤਾਂ ਦਾ ਦਾਅਵਾ

## ਹੋਨਵੀਰ ਸਿੰਘ ਰੰਧਾਵਾ ਨੇ ਮਾਨਸਿਕ ਰੋਗੀਆਂ ਦੀਆਂ 22 ਵੋਟਾਂ ਦਾ ਮਸਲਾ ਉਠਾਇਆ

ਵੈਨਕੂਵਰ : ਕੈਨੇਡਾ ਦੇ ਬੀ.ਸੀ. ਵਿਚ ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਸਿਰਫ਼ 22 ਵੋਟਾਂ ਨਾਲ ਹਾਰਨ ਵਾਲੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਵੱਲੋਂ ਬੇਨਿਯਮੀਆਂ ਦੇ ਨਵੇਂ ਸਬੂਤ ਸਾਹਮਣੇ ਆਉਣ ਦਾ ਦਾਅਵਾ ਕੀਤਾ ਗਿਆ ਹੈ। ਮੌਜੂਦਾ ਵਰ੍ਹੇ ਦੇ ਆਰੰਭ ਵਿਚ ਹੋਨਵੀਰ ਰੰਧਾਵਾ ਵੱਲੋਂ ਸਰੀ-ਗਿਲਫਰਡ ਰਾਈਡਿੰਗ ਦੇ ਚੋਣ ਨਤੀਜੇ ਨੂੰ ਕਾਨੂੰਨੀ ਚੁਣੌਤੀ ਦਿੰਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਅਤੇ ਹੁਣ ਚੋਣ ਘਪਲੇ ਦੇ ਨਵੇਂ ਸਬੂਤਾਂ ਦੀ ਮੌਜੂਦਗੀ ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਹੋਨਵੀਰ ਰੰਧਾਵਾ ਦੇ ਵਕੀਲ ਨੇ ਕਿਹਾ ਕਿ ਇਲੈਕਸ਼ਨਜ਼ ਬੀ.ਸੀ. ਵੱਲੋਂ ਇਸ ਗੱਲ ਦੀ ਤਸਦੀਕ ਕੀਤੀ ਜਾ ਚੁੱਕੀ ਹੈ ਕਿ ਮਾਨਸਿਕ ਰੋਗੀਆਂ ਦੀ ਰਿਹਾਇਸ਼ ਵਾਲੇ ਆਰਗਾਇਲ ਲੌਜ ਨਾਲ ਸਬੰਧਤ ਇਕ ਸ਼ਖਸ ਵੱਲੋਂ ਡਾਕ ਰਾਹੀਂ 22 ਵੋਟਾਂ ਪਾਉਣ ਦੀ ਸਹੂਲਤ ਮੰਗੀ ਗਈ।

ਵਕੀਲ ਨੇ ਦਾਅਵਾ ਕੀਤਾ ਕਿ ਮਾਨਸਿਕ ਤੌਰ 'ਤੇ ਬਿਮਾਰ ਲੋਕਾਂ ਵੱਲੋਂ ਆਪਣੀ ਵੋਟ ਸਹੀ ਤਰੀਕੇ ਨਾਲ ਪਾਈ ਗਈ ਹੋਵੇਗੀ, ਇਸ ਬਾਰੇ ਯਕੀਨੀ ਤੌਰ 'ਤੇ ਕਹਿਣਾ ਮੁਸ਼ਕਲ ਹੈ। ਵਕੀਲ ਸਨੀ ਉਪਲ ਨੇ ਅੱਗੇ ਕਿਹਾ ਕਿ ਇਹ ਕੋਈ ਬੇਨਿਯਮੀ ਨਹੀਂ ਸਗੋਂ ਵੱਡਾ ਘਪਲਾ ਬਣਦਾ ਹੈ ਕਿਉਂਕਿ 22 ਜਣਿਆਂ ਵਾਸਤੇ ਡਾਕ ਰਾਹੀਂ ਵੋਟਾਂ ਦੀ ਸਹੂਲਤ ਮੰਗੀ ਗਈ ਅਤੇ ਇਸ ਗੱਲ ਦੀ ਪੜਤਾਲ ਕਰਨ ਵਾਲਾ ਕੋਈ ਨਹੀਂ ਸੀ ਕਿ ਮੈਂਟਲ ਹੈਲਥ ਫੈਸੀਲਿਟੀ ਦੇ ਲੋਕਾਂ ਨਾਲ ਕੋਈ ਧੋਖਾ ਤਾਂ ਨਹੀਂ ਕੀਤਾ ਜਾ ਰਿਹਾ। ਦੂਜੇ ਪਾਸੇ ਸਰੀ-ਗਿਲਫਰਡ ਰਾਈਡਿੰਗ ਤੋਂ ਜੇਤੂ ਰਹੇ ਐਨ.ਡੀ.ਪੀ. ਦੇ ਗੈਰੀ ਬੈਗ ਦਾਅਵਾ ਕਰ ਚੁੱਕੇ ਹਨ ਕਿ ਪੁਲਿਸ ਵੱਲੋਂ ਕੰਜ਼ਰਵੇਟਿਵ ਪਾਰਟੀ ਦੇ ਨੁਮਾਇੰਦਿਆਂ ਨੂੰ ਆਰਗਾਇਲ ਲੌਜ ਤੋਂ ਦੂਰ ਰਹਿਣ ਦੀ ਚਿਤਾਵਨੀ ਦਿਤੀ ਗਈ ਕਿਉਂਕਿ ਇਕ ਔਰਤ ਨੇ ਲੌਜ ਵਿਚ ਰਹਿੰਦੇ ਲੋਕਾਂ ਤੋਂ ਬਿਆਨਾਂ ਉਤੇ ਦਸਤਖਤ ਕਰਵਾਉਣ ਦੇ ਯਤਨ ਕੀਤੇ ਜਦਕਿ ਬਿਆਨਾਂ ਵਿਚ ਲਿਖੀ ਸ਼ਬਦਾਵਲੀ ਬਾਰੇ ਕੋਈ ਕੁਝ ਨਹੀਂ ਸੀ ਜਾਣਦਾ।

# ਗਾਜ਼ਾ 'ਚ ਰਾਹਤ ਸਮੱਗਰੀ ਦੀ ਉਡੀਕ ਕਰ ਰਹੇ ਲੋਕਾਂ 'ਤੇ ਹਮਲਾ, 51 ਮਰੇ



ਖਾਨ ਯੂਨਿਸ : ਗਾਜ਼ਾ ਪੱਟੀ 'ਚ ਦਾਖਲ ਹੋਣ ਲਈ ਰਾਸ਼ਨ ਸਮੱਗਰੀ ਲੈ ਕੇ ਜਾਣ ਵਾਲੇ ਟਰੱਕਾਂ ਦੀ ਉਡੀਕ ਕਰ ਰਹੇ ਫਿਲਸਤੀਨੀਆਂ 'ਤੇ ਹੋਏ ਹਮਲੇ 'ਚ ਘੱਟੋ-ਘੱਟ 51 ਲੋਕ ਮਾਰੇ ਗਏ ਅਤੇ 200 ਤੋਂ ਵੱਧ ਜ਼ਖਮੀ ਹੋ ਗਏ। ਗਾਜ਼ਾ ਦੇ ਸਿਹਤ ਮੰਤਰਾਲੇ ਅਤੇ ਇਕ ਸਥਾਨਕ ਹਸਪਤਾਲ ਨੇ ਇਹ ਜਾਣਕਾਰੀ ਦਿੱਤੀ।

ਇਲਾਕੇ ਦੇ ਇਹ ਲੋਕ ਸੰਯੁਕਤ ਰਾਸ਼ਟਰ (ਯੂ. ਐੱਨ.) ਅਤੇ ਵਪਾਰਕ ਟਰੱਕਾਂ ਰਾਹੀਂ ਰਾਹਤ ਸਮੱਗਰੀ ਦੀ ਸਪਲਾਈ ਦੀ ਉਡੀਕ ਕਰ ਰਹੇ ਸਨ। ਫਿਲਸਤੀਨੀ ਚਸ਼ਮਦੀਦਾਂ ਨੇ ਐਸੋਸੀਏਟਿਡ ਪ੍ਰੈੱਸ (ਏ.ਪੀ.) ਨੂੰ ਦੱਸਿਆ ਕਿ ਇਜ਼ਰਾਈਲੀ ਫੌਜ ਨੇ ਖਾਨ ਯੂਨਿਸ 'ਚ ਭੀੜ 'ਤੇ ਗੋਲੀਬਾਰੀ ਕਰਨ ਤੋਂ ਪਹਿਲਾਂ ਨੇੜਲੇ ਘਰ 'ਤੇ ਹਵਾਈ ਹਮਲਾ ਕੀਤਾ।

ਇਜ਼ਰਾਈਲੀ ਫੌਜ ਅਨੁਸਾਰ ਫੌਜੀਆਂ ਨੇ ਖਾਨ ਯੂਨਿਸ 'ਚ ਫਸੇ ਇਕ ਸਹਾਇਤਾ ਟਰੱਕ ਨੇੜੇ ਲੋਕਾਂ ਨੂੰ ਇਕੱਠੇ ਹੁੰਦੇ ਦੇਖਿਆ। ਇਜ਼ਰਾਈਲੀ ਫੌਜਾਂ ਖਾਨ ਯੂਨਿਸ ਨੇੜੇ ਆਪਣੇ ਆਪ੍ਰੇਸ਼ਨ 'ਚ ਰੁੱਝੀਆਂ ਹੋਈਆਂ ਸਨ। ਫੌਜ ਨੇ ਮੰਨਿਆ ਕਿ ਭੀੜ 'ਤੇ ਗੋਲੀਬਾਰੀ 'ਚ 'ਕਾਫੀ ਲੋਕ' ਮਾਰੇ ਗਏ ਹਨ। ਫੌਜ ਨੇ ਕਿਹਾ ਕਿ ਅਧਿਕਾਰੀ ਇਸ ਘਟਨਾ ਦੀ ਜਾਂਚ ਕਰਨਗੇ।

## ਰੂਸ ਦੀ ਵੱਡੀ ਚਿਤਾਵਨੀ :

# ਅਮਰੀਕਾ ਨੇ ਈਰਾਨ 'ਤੇ ਹਮਲਾ ਕੀਤਾ ਤਾਂ ਹੋਵੇਗੀ ਪ੍ਰਮਾਣੂ ਤਬਾਹੀ



ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਹੀ ਜੰਗ 18 ਜੂਨ ਨੂੰ ਆਪਣੇ ਛੇਵੇਂ ਦਿਨ ਵਿੱਚ ਦਾਖਲ ਹੋ ਗਈ ਹੈ। ਇਸ ਸਮੇਂ ਦੌਰਾਨ ਦੋਵਾਂ ਦੇਸ਼ਾਂ ਨੇ ਇੱਕ ਦੂਜੇ 'ਤੇ ਨਵੇਂ ਮਿਜ਼ਾਈਲ ਹਮਲੇ ਕੀਤੇ ਹਨ। ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ ਅਤੇ ਪੂਰੇ ਪੱਛਮੀ ਏਸ਼ੀਆ ਖੇਤਰ ਵਿੱਚ ਤਣਾਅ ਵਧਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਬਿਨਾਂ ਸ਼ਰਤ ਆਤਮ ਸਮਰਪਣ ਕਰਨ ਲਈ ਕਿਹਾ ਹੈ ਤਾਂ ਜੋ ਇਸ ਟਕਰਾਅ ਨੂੰ ਹੋਰ ਵਧਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਨੇ ਇਹ ਬਿਆਨ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਦਿੱਤਾ ਹੈ।

ਇਜ਼ਰਾਈਲ-ਈਰਾਨ ਸੰਘਰਸ਼ ਵਿਚ ਅਮਰੀਕਾ ਵੱਲੋਂ ਦਖਲ ਅਤੇ ਜੰਗੀ ਤਾਇਨਾਤੀਆਂ ਨੂੰ ਲੈ ਕੇ ਰੂਸ ਨੇ ਸਖ਼ਤ ਰੁਖ ਅਖਤਿਆਰ ਕਰ ਲਿਆ ਹੈ। ਰੂਸੀ ਸਰਕਾਰ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਨੇ ਮੱਧ ਪੂਰਬ ਵਿੱਚ ਸਿੱਧਾ ਫੌਜੀ ਹਮਲਾ ਕੀਤਾ ਜਾਂ ਈਰਾਨ ਉੱਤੇ ਨਿਊਕਲਿਅਰ ਥਾਵਾਂ ਨੂੰ ਨਿਸ਼ਾਨਾ ਬਣਾਇਆ, ਤਾਂ ਇਹ ਪੂਰੇ ਇਲਾਕੇ ਲਈ ਪ੍ਰਮਾਣੂ ਤਬਾਹੀ ਵਾਲੀ ਸਥਿਤੀ ਪੈਦਾ ਕਰ ਸਕਦੀ ਹੈ।

### ਰੂਸ ਦੀ ਚਿਤਾਵਨੀ

ਰੂਸ ਦੇ ਵਿਦੇਸ਼ ਮੰਤਰੀ ਸੇਰਗੇਈ ਲਾਵਰੋਵ ਨੇ ਇਕ ਟੀਵੀ ਇੰਟਰਵਿਊ ਦੌਰਾਨ ਕਿਹਾ, "ਜੇ ਅਮਰੀਕਾ ਜਾਂ ਕੋਈ ਹੋਰ ਪੱਛਮੀ ਦੇਸ਼ ਈਰਾਨ ਉੱਤੇ ਹਮਲਾ ਕਰਦਾ ਹੈ, ਤਾਂ ਇਹ ਸਿਰਫ਼ ਜੰਗ ਨਹੀਂ, ਸਗੋਂ ਪ੍ਰਮਾਣੂ ਤਬਾਹੀ ਦਾ ਰਾਹ ਖੋਲ੍ਹੇਗਾ।"

ਉਨ੍ਹਾਂ ਕਿਹਾ ਕਿ ਰੂਸ ਇਹ ਮੰਨਦਾ ਹੈ ਕਿ ਇਹ ਟਕਰਾਅ ਫੈਲ ਕੇ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰ ਸਕਦਾ ਹੈ, ਖ਼ਾਸ ਕਰਕੇ ਜੇਕਰ ਇਜ਼ਰਾਈਲ ਦੀ ਹਮਲਾਵਰ ਨੀਤੀ ਨੂੰ ਅਮਰੀਕੀ ਹਮਾਇਤ ਮਿਲਦੀ ਰਹੀ।

ਇਸ ਚਿਤਾਵਨੀ ਨਾਲ ਉਸ ਸਮੇਂ ਦੀ ਗੰਭੀਰਤਾ ਹੋਰ ਵੱਧ ਗਈ ਹੈ, ਜਦੋਂ ਅਮਰੀਕਾ ਨੇ USS Nimitz ਜਹਾਜ਼ੀ ਬੇੜਾ ਦੱਖਣੀ ਚੀਨ ਸਮੁੰਦਰ ਤੋਂ ਮੱਧ ਪੂਰਬ ਭੇਜ ਦਿੱਤਾ ਹੈ।

ਟਰੰਪ ਨੇ ਹਾਲ ਹੀ ਵਿੱਚ ਕਿਹਾ ਸੀ ਕਿ "IRAN CAN NOT HAVE A NUCLEAR WEAPON," ਤੇ ਲੋਕਾਂ ਨੂੰ ਤੇਹਰਾਨ ਤੁਰੰਤ ਛੱਡਣ ਦੀ ਅਪੀਲ ਵੀ ਕੀਤੀ ਸੀ।

ਰੂਸ ਦੀ ਚਿਤਾਵਨੀ ਤੋਂ ਬਾਅਦ ਸੰਯੁਕਤ ਰਾਸ਼ਟਰ (UN) ਨੇ ਵੀ ਆਪਣੀ ਚਿੰਤਾ ਜ਼ਾਹਰ ਕੀਤੀ ਹੈ ਅਤੇ ਦੋਹਾਂ ਪਾਸਿਆਂ ਨੂੰ ਤੁਰੰਤ ਜੰਗੀ ਕਾਰਵਾਈ ਰੋਕਣ ਅਤੇ ਗੱਲਬਾਤ ਵੱਲ ਵਧਣ ਦੀ ਅਪੀਲ ਕੀਤੀ ਹੈ।

# ਕੈਨੇਡਾ ਦੇ ਬੀ.ਸੀ. 'ਚ ਜਾਨਲੇਵਾ ਹਾਦਸਾ, ਪੰਜਾਬੀ ਗ੍ਰਿਫ਼ਤਾਰ

## ਐਬਸਫੋਰਡ ਪੁਲਿਸ ਵੱਲੋਂ ਜਸਵਿੰਦਰ ਦਿਉਲ ਵਿਰੁੱਧ ਦੋਸ਼ ਆਇਦ

ਐਬਸਫੋਰਡ : ਬੀ.ਸੀ. ਦੇ ਐਬਸਫੋਰਡ ਵਿਖੇ ਵਾਪਰੇ ਜਾਨਲੇਵਾ ਹਾਦਸੇ ਦੇ ਮਾਮਲੇ ਤਹਿਤ ਪੁਲਿਸ ਵੱਲੋਂ 43 ਸਾਲ ਦੇ ਜਸਵਿੰਦਰ ਦਿਉਲ ਨੂੰ ਗ੍ਰਿਫ਼ਤਾਰ ਕਰਦਿਆਂ ਦੋਸ਼ ਆਇਦ ਕੀਤੇ ਗਏ ਹਨ। ਆਨਲਾਈਨ ਅਦਾਲਤੀ ਰਿਕਾਰਡ ਮੁਤਾਬਕ ਜਸਵਿੰਦਰ ਦਿਉਲ ਦੀ ਅਦਾਲਤ ਵਿਚ ਪੇਸ਼ੀ 23 ਜੂਨ ਨੂੰ ਹੋਣੀ ਹੈ ਅਤੇ ਫ਼ਿਲਹਾਲ ਉਹ ਪੁਲਿਸ ਹਿਰਾਸਤ ਵਿਚ ਨਹੀਂ। 3 ਫਰਵਰੀ 2024 ਨੂੰ ਵਾਪਰੇ ਹਾਦਸੇ ਦੇ ਸਬੰਧ ਵਿਚ ਜਸਵਿੰਦਰ ਦਿਉਲ ਵਿਰੁੱਧ ਨਸ਼ਾ ਕਰ ਕੇ ਗੱਡੀ ਚਲਾਉਂਦਿਆਂ ਮੌਤ ਦਾ ਕਾਰਨ ਬਣਨ ਅਤੇ ਖਤਰਨਾਕ ਤਰੀਕੇ ਨਾਲ ਗੱਡੀ ਚਲਾਉਂਦਿਆ ਮੌਤ ਦਾ ਕਾਰਨ ਬਣਨ ਦੇ ਦੋਸ਼ ਲੱਗੇ ਹਨ। ਐਬਸਫੋਰਡ ਪੁਲਿਸ ਮੁਤਾਬਕ ਓਲਡ ਯੇਲ ਰੋਡ ਦੇ 31000 ਬਾਲਾਕ ਵਿਚ ਦੋ ਗੱਡੀਆਂ ਦੀ ਟੱਕਰ ਬਾਰੇ ਇਤਲਾਹ ਮਿਲਣ 'ਤੇ ਐਮਰਜੰਸੀ ਕਾਮੇ ਮੌਕੇ 'ਤੇ ਪੁੱਜੇ।

ਦੋ ਗੱਡੀਆਂ ਵਿਚੋਂ ਇਕ ਲਾਲ ਰੰਗ ਦੀ ਮਿੰਨੀ ਵੈਨ ਅਤੇ ਦੂਜਾ ਚਿੱਟੇ ਰੰਗ ਦਾ ਪਿਕਅੱਪ ਟਰੱਕ ਸੀ। ਪਿਕਅੱਪ ਟਰੱਕ ਦਾ ਮੂਹਰਲਾ ਹਿੱਸਾ ਨੁਕਸਾਨਿਆ ਨਜ਼ਰ ਆਇਆ ਪਰ ਮਿੰਨੀ ਵੈਨ ਦਾ ਨੁਕਸਾਨ ਹੋਰ ਵੀ ਜ਼ਿਆਦਾ ਰਿਹਾ ਅਤੇ 84 ਸਾਲ ਦੇ ਇਕ ਬਜ਼ੁਰਗ ਦੀ ਮੌਕੇ



'ਤੇ ਹੀ ਮੌਤ ਹੋ ਗਈ। ਐਬਸਫੋਰਡ ਪੁਲਿਸ ਵੱਲੋਂ ਮੰਗਲਵਾਰ ਨੂੰ ਮਰਨ ਵਾਲੇ ਦੀ ਸ਼ਨਾਖਤ ਫਿਲ ਐਂਡਰਸਨ ਦੇ ਰੂਪ ਵਿਚ ਜਨਤਕ ਕੀਤੀ ਗਈ ਅਤੇ ਪਰਵਾਰ ਦਾ ਸੁਨੇਹਾ ਵੀ ਪੜ੍ਹ ਕੇ ਸੁਣਾਇਆ। ਪਰਵਾਰ ਸੁਨੇਹੇ ਮੁਤਾਬਕ ਫ਼ਿਲ ਐਂਡਰਸਨ ਆਪਣੇ ਪਰਵਾਰ ਅਤੇ ਕਮਿਊਨਿਟੀ ਨੂੰ ਸਮਰਪਿਤ ਇਨਸਾਨ ਸੀ ਜਿਸ ਦੇ ਅਚਨਚੇਤ ਅਕਾਲ ਚਲਾਣੇ ਕਰ ਕੇ ਪਰਵਾਰ ਅਤੇ ਕਮਿਊਨਿਟੀ ਮੈਂਬਰਾਂ ਨੂੰ ਵੱਡਾ ਝਟਕਾ ਲੱਗਾ। 84 ਸਾਲ ਦੀ ਉਮਰ ਹੋਣ ਦੇ ਬਾਵਜੂਦ ਫ਼ਿਲ ਐਂਡਰਸਨ ਆਪਣੀ ਜ਼ਿੰਦਗੀ ਬਿਹਤਰ ਤਰੀਕੇ ਨਾਲ ਬਤੀਤ ਕਰ ਰਿਹਾ ਸੀ ਅਤੇ ਉਸ ਦਾ ਵਿਛੋੜਾ ਬਰਦਾਸ਼ਤ ਕਰਨਾ ਮੁਸ਼ਕਲ ਹੈ। ਪਰਵਾਰ ਵੱਲੋਂ ਐਬਸਫੋਰਡ ਪੁਲਿਸ ਵਿਭਾਗ ਤੋਂ ਮਿਲੇ ਸਹਿਯੋਗ 'ਤੇ ਸ਼ੁਕਰੀਆ ਅਦਾ ਕੀਤਾ ਗਿਆ।

### 2 ਗੱਡੀਆਂ ਦੀ ਟੱਕਰ ਦੌਰਾਨ ਮਾਰਿਆ ਗਿਆ ਸੀ 84 ਸਾਲ ਦਾ ਬਜ਼ੁਰਗ

ਉਧਰ ਪੁਲਿਸ ਨੇ ਦੱਸਿਆ ਕਿ ਪਿਕਅੱਪ ਟਰੱਕ ਦੇ ਡਰਾਈਵਰ ਨੂੰ ਮੌਕੇ 'ਤੇ ਹਿਰਾਸਤ ਵਿਚ ਲੈ ਲਿਆ ਗਿਆ ਪਰ 16 ਮਹੀਨੇ ਦੀ ਪੜਤਾਲ ਦੌਰਾਨ ਸਬੂਤ ਇਕੱਤਰ ਕਰਦਿਆਂ ਬੀ.ਸੀ. ਪ੍ਰੌਸੀਕਿਊਸ਼ਨ ਸਰਵਿਸ ਅੱਗੇ ਪੇਸ਼ ਕੀਤੇ ਗਏ। ਸਾਰਜੈਂਟ ਪੌਲ ਵਾਕਰ ਨੇ ਕਿਹਾ ਕਿ ਨਸ਼ਾ ਕਰ ਕੇ ਡਰਾਈਵਿੰਗ ਕਰਨ ਵਾਲਿਆਂ ਨੂੰ ਸੜਕਾਂ ਤੋਂ ਹਟਾਉਣ ਲਈ ਐਬਸਫੋਰਡ ਪੁਲਿਸ ਵਿਭਾਗ ਵਚਨਬੱਧ ਹੈ। ਇੰਪੇਅਰਡ ਡਰਾਈਵਿੰਗ ਦੇ ਨਾ ਸਿਰਫ਼ ਤਬਾਹਕੁੰਨ ਅਸਰ ਸਾਹਮਣੇ ਆਉਂਦੇ ਹਨ ਸਗੋਂ ਸਮੁੱਚੀ ਕਮਿਊਨਿਟੀ ਪ੍ਰਭਾਵਤ ਹੁੰਦੀ ਹੈ।






# ਯੂ.ਪੀ 'ਚ ਭਿਆਨਕ ਹਾਦਸਾ, ਪੁਲ ਨਾਲ ਟਕਰਾਉਣ ਤੋਂ ਬਾਅਦ ਕਾਰ ਪਲਟੀ

## ਇੱਕੋ ਪਰਿਵਾਰ ਦੇ 5 ਮੈਂਬਰ ਜ਼ਿੰਦਾ ਸੜੇ

ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਜ਼ਿਲ੍ਹੇ ਵਿੱਚ ਇੱਕ ਕਾਰ ਨੂੰ ਅੱਗ ਲੱਗਣ ਨਾਲ ਇੱਕੋ ਪਰਿਵਾਰ ਦੇ 5 ਮੈਂਬਰ ਜ਼ਿੰਦਾ ਸੜ ਗਏ ਹਨ। ਇਹ ਸਾਰੇ ਇੱਕ ਵਿਆਹ ਸਮਾਗਮ ਤੋਂ ਦਿੱਲੀ ਵਾਪਿਸ ਆ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਡਰਾਈਵਰ ਨੂੰ ਨੀਂਦ ਆ ਗਈ, ਜਿਸ ਕਾਰਨ ਸਵਿਫਟ ਕਾਰ ਇੱਕ ਪੁਲ ਨਾਲ ਟਕਰਾਉਣ ਤੋਂ ਬਾਅਦ ਪਲਟ ਗਈ ਅਤੇ ਫਿਰ ਅੱਗ ਲੱਗ ਗਈ। ਇਸ ਦੌਰਾਨ ਕਾਰ ਵਿੱਚ ਸਵਾਰ ਸਾਰੇ ਲੋਕਾਂ ਦੀ ਮੌਤ ਹੋ ਗਈ।

ਜਾਣਕਾਰੀ ਅਨੁਸਾਰ ਜਿਵੇਂ ਹੀ ਅੱਗ ਲੱਗੀ ਕਾਰ ਬੰਦ ਹੋ ਗਈ ਅਤੇ ਅੰਦਰ ਬੈਠੇ ਲੋਕ ਬਾਹਰ ਨਹੀਂ ਨਿਕਲ ਸਕੇ, ਜਿਸ ਕਾਰਨ ਉਨ੍ਹਾਂ ਦੀ ਸੜ ਕੇ ਮੌਤ ਹੋ ਗਈ। ਇੱਕ ਔਰਤ ਬੁਰੀ ਤਰ੍ਹਾਂ ਜ਼ਖਮੀ ਹੋ ਗਈ, ਜਿਸਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਜਹਾਂਗੀਰਾਬਾਦ ਥਾਣਾ ਖੇਤਰ ਦੇ ਜਾਨੀਪੁਰ ਚੰਦੌਸ ਚੌਰਾਹੇ ਦੇ ਨੇੜੇ ਇੱਕ ਸਵਿਫਟ ਕਾਰ ਇੱਕ ਪੁਲ ਨਾਲ ਟਕਰਾ ਗਈ, ਜਿਸ ਕਾਰਨ ਕਾਰ ਪਲਟ ਗਈ ਅਤੇ ਅੱਗ ਲੱਗ ਗਈ।

ਇਸ ਹਾਦਸੇ ਵਿੱਚ ਕਾਰ ਵਿੱਚ ਇੱਕੋ ਪਰਿਵਾਰ ਦੇ 6 ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ ਇੱਕ ਔਰਤ ਜ਼ਖਮੀ ਹੋ ਗਈ ਅਤੇ 5 ਲੋਕਾਂ ਦੀ ਮੌਤ ਹੋ ਗਈ ਹੈ। ਫਿਲਹਾਲ ਪੁਲਿਸ ਜਾਂਚ ਵਿੱਚ ਰੁੱਝੀ ਹੋਈ ਹੈ। ਇਸ ਹਾਦਸੇ ਵਿੱਚ ਮੋਮੀਨਾ, ਤਨਵੀਜ਼, ਨਿਦਾ, ਜ਼ੁਬੇਰ ਅਲੀ ਅਤੇ ਦੋ ਸਾਲਾ ਜ਼ੈਨੁਲ ਜ਼ਿੰਦਾ ਸੜ ਗਏ ਹਨ। ਜਦੋਂ ਕਿ ਗੁਲਨਾਜ਼, ਜੋ ਕਿ ਬੁਰੀ ਤਰ੍ਹਾਂ ਸੜੀ ਹੋਈ ਸੀ, ਦਾ ਇਲਾਜ ਚੱਲ ਰਿਹਾ ਹੈ।

# ਗੁਜਰਾਤ ਵਿਚ ਮੀਂਹ ਦਾ ਕਹਿਰ

## ਤੇਜ਼ ਵਹਾਅ 'ਚ ਵਹੇ ਕਾਰ ਸਮੇਤ ਪਰਿਵਾਰ ਦੇ 9 ਲੋਕ

ਗੁਜਰਾਤ ਦੇ ਬੋਟਾਡ ਜ਼ਿਲ੍ਹੇ ਵਿੱਚ ਇੱਕ ਦਿਲ ਦਹਿਲਾ ਦੇਣ ਵਾਲਾ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ, ਇੱਕ ਈਕੋ ਕਾਰ ਨਦੀ ਦੇ ਤੇਜ਼ ਵਹਾਅ ਵਿੱਚ ਵਹਿ ਗਈ। ਇਸ ਕਾਰ ਵਿੱਚ 9 ਲੋਕ ਸਵਾਰ ਸਨ। ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨਡੀਆਰਐਫ) ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਹਾਦਸੇ ਵਿੱਚ 4 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ 3 ਲੋਕ ਅਜੇ ਵੀ ਲਾਪਤਾ ਹਨ। ਦੋ ਲੋਕਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ ਅਤੇ ਲਾਪਤਾ ਲੋਕਾਂ ਨੂੰ ਲੱਭਣ ਲਈ ਖੋਜ ਕਾਰਜ ਜਾਰੀ ਹੈ। ਇਹ ਹਾਦਸਾ ਮੰਗਲਵਾਰ ਸਵੇਰੇ ਤੜਕੇ ਵਾਪਰਿਆ, ਜਦੋਂ ਭਾਰੀ ਬਾਰਸ਼ (ਗੁਜਰਾਤ ਭਾਰੀ ਮੀਂਹ) ਕਾਰਨ ਨਦੀ ਦਾ ਪਾਣੀ ਦਾ ਪੱਧਰ ਅਚਾਨਕ ਵੱਧ ਗਿਆ। ਹਾਦਸੇ ਦੀ ਖ਼ਬਰ ਮਿਲਦੇ ਹੀ ਐਨਡੀਆਰਐਫ ਦੀ ਟੀਮ ਮੌਕੇ 'ਤੇ ਪਹੁੰਚ ਗਈ, ਪਰ ਸੜਕਾਂ 'ਤੇ ਪਾਣੀ ਭਰਨ ਅਤੇ ਸੜਕਾਂ ਬੰਦ ਹੋਣ ਕਾਰਨ ਬਚਾਅ ਕਾਰਜਾਂ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

# ਬਿਕਰਮ ਮਜੀਠੀਆ ਨੇ ਅਜਿਹੀਆਂ ਇਤਰਾਜ਼ਯੋਗ ਤਸਵੀਰਾਂ ਕੀਤੀਆਂ ਸਾਂਝੀਆਂ

## ਮੰਤਰੀ ਨੇ ਕਿਹਾ– ਮੈਂ ਮਾਣਹਾਨੀ ਦਾ ਮੁਕੱਦਮਾ ਕਰਾਂਗਾ ਦਾਇਰ



ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ 'ਤੇ ਕੁਝ ਕਥਿਤ ਤੌਰ 'ਤੇ ਇਤਰਾਜ਼ਯੋਗ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਸ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਭੂਚਾਲ ਆ ਗਿਆ ਹੈ। ਮਜੀਠੀਆ ਨੇ ਦਾਅਵਾ ਕੀਤਾ ਹੈ ਕਿ ਔਰਤ ਨਾਲ ਇਹ ਤਸਵੀਰਾਂ ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦੀਆਂ ਹਨ। ਮਜੀਠੀਆ ਨੇ ਪੋਸਟ ਵਿੱਚ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਟੈਗ ਕੀਤਾ ਅਤੇ ਲਿਖਿਆ ਕਿ ਸਬੰਧਿਤ ਮੰਤਰੀ ਨੂੰ ਤੁਰੰਤ ਅਹੁਦੇ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਪਾਰਟੀ ਵਿੱਚੋਂ ਕੱਢ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੰਤਰੀ ਰਵਜੋਤ ਸਿੰਘ ਨੇ ਵੀ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਮਜੀਠੀਆ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਲਿਖਿਆ ਕਿ ਕੁਝ ਆਗੂ ਮੇਰੀ ਸਾਬਕਾ ਪਤਨੀ ਨਾਲ ਮੇਰੀਆਂ ਨਿੱਜੀ ਫੋਟੋਆਂ ਨੂੰ ਏਆਈ ਦੀ ਮਦਦ ਨਾਲ ਐਡਿਟ ਕਰ ਰਹੇ ਹਨ ਅਤੇ ਸੋਸ਼ਲ ਮੀਡੀਆ 'ਤੇ ਫੈਲਾ ਰਹੇ ਹਨ। ਮੈਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਮੈਂ ਇੱਕ ਦਲਿਤ ਪਰਿਵਾਰ ਤੋਂ ਹਾਂ ਅਤੇ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਦੀ ਭ੍ਰਿਸ਼ਟ ਰਾਜਨੀਤੀ ਨੂੰ ਨਜ਼ਰਅੰਦਾਜ਼ ਕਰਦੇ ਹੋਏ ਮੈਨੂੰ ਚੁਣਿਆ ਹੈ।

ਮਜੀਠੀਆ ਨੇ ਸੋਸ਼ਲ ਮੀਡੀਆ 'ਤੇ ਕੁੱਲ ਚਾਰ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਹ ਤਸਵੀਰਾਂ ਅਜਿਹੇ ਸਮੇਂ ਜਾਰੀ ਕੀਤੀਆਂ ਗਈਆਂ ਹਨ ਜਦੋਂ ਲੁਧਿਆਣਾ ਪੱਛਮੀ ਹਲਕੇ ਦੀ ਉਪ ਚੋਣ ਲਈ ਪ੍ਰਚਾਰ ਖਤਮ ਹੋ ਗਿਆ ਹੈ। ਮਜੀਠੀਆ ਨੇ ਇਹ ਵੀ ਕਿਹਾ ਹੈ ਕਿ ਉਹ ਇਸ ਨਾਲ ਸਬੰਧਿਤ ਇੱਕ ਵੀਡੀਓ ਜਾਰੀ ਕਰਨਗੇ।

ਮੰਤਰੀ ਰਵਜੋਤ ਨੇ ਸੋਸ਼ਲ ਮੀਡੀਆ 'ਤੇ ਆਪਣੀ ਪੋਸਟ ਵਿੱਚ ਲਿਖਿਆ ਕਿ ਇਹ ਕਾਰਵਾਈ ਨਾ ਸਿਰਫ਼ ਮੇਰੀ ਇੱਜ਼ਤ ਦਾ ਅਪਮਾਨ ਹੈ, ਸਗੋਂ ਇੱਕ ਔਰਤ ਦੀ ਇੱਜ਼ਤ ਦਾ ਵੀ ਅਪਮਾਨ ਹੈ। ਇਹ ਸਿਰਫ਼ ਨਿੱਜੀ ਹਮਲਾ ਨਹੀਂ ਹੈ, ਇਹ ਇੱਕ ਜਾਤੀ ਅਤੇ ਰਾਜਨੀਤਿਕ ਸਾਜ਼ਿਸ਼ ਹੈ। ਲੁਧਿਆਣਾ ਉਪ ਚੋਣ ਤੋਂ ਸਿਰਫ਼ ਦੋ ਦਿਨ ਪਹਿਲਾਂ ਇਹ ਘਿਣਾਉਣਾ ਕਾਰਾ ਸਾਬਿਤ ਕਰਦਾ ਹੈ ਕਿ ਹਾਰ ਦਾ ਡਰ ਵਿਰੋਧੀ ਧਿਰ ਨੂੰ ਹਰ ਤਰ੍ਹਾਂ ਦੇ ਕੰਮ ਕਰਨ ਲਈ ਮਜਬੂਰ ਕਰ ਰਿਹਾ ਹੈ।

ਮੈਂ ਇਸ ਘਿਣਾਉਣੀ ਸਾਜ਼ਿਸ਼ ਲਈ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਜਾ ਰਿਹਾ ਹਾਂ। ਮੈਂ ਐਫਆਈਆਰ ਦਰਜ ਕਰਵਾਵਾਂਗਾ ਅਤੇ ਮਾਣਹਾਨੀ ਦਾ ਮੁਕੱਦਮਾ ਵੀ ਦਾਇਰ ਕਰਾਂਗਾ।

## ਵਾਇਰਲ ਤਸਵੀਰਾਂ ਨੂੰ ਲੈ ਕੇ ਵਿਰੋਧੀਆਂ 'ਤੇ ਵਰ੍ਹੇ ਕੈਬਨਿਟ ਮੰਤਰੀ ਡਾ.ਰਵਜੋਤ ਸਿੰਘ

ਚੰਡੀਗੜ੍ਹ: ਲੁਧਿਆਣਾ ਜ਼ਿਮਨੀ ਚੋਣਾਂ ਤੋਂ ਪਹਿਲਾਂ 'ਆਪ' ਮੰਤਰੀ ਡਾ. ਰਵਜੋਤ ਸਿੰਘ ਦੀਆਂ ਕੁਝ ਤਸਵੀਰਾਂ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ (SAD) ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੰਗਲਵਾਰ ਰਾਤ ਨੂੰ ਸੋਸ਼ਲ ਮੀਡੀਆ 'ਤੇ 4 ਤਸਵੀਰਾਂ ਸ਼ੇਅਰ ਕੀਤੀਆਂ। ਜਿਸ ਤੋਂ ਬਾਅਦ ਸਿਆਸਤ ਵਿੱਚ ਹਲਚਲ ਮੱਚ ਗਈ। ਮਜੀਠੀਆ ਦੀ ਪੋਸਟ ਤੋਂ ਬਾਅਦ, ਮੰਤਰੀ ਰਵਜੋਤ ਸਿੰਘ ਨੇ ਵੀ ਸੋਸ਼ਲ ਮੀਡੀਆ 'ਤੇ ਆਪਣਾ ਬਿਆਨ ਜਾਰੀ ਕੀਤਾ।




ਡਾ. ਰਵਜੋਤ ਸਿੰਘ ਨੇ ਆਪਣੇ ਫ਼ੇਸਬੁੱਕ ਪੇਜ 'ਤੇ ਲਿਖਿਆ ਕਿ ਲੁਧਿਆਣਾ ਉਪ-ਚੋਣ ਵਿੱਚ AAP ਦੀ ਸ਼ਾਨਦਾਰ ਜਿੱਤ ਵੇਖ ਕੇ ਵਿਰੋਧੀ ਧਿਰ ਇੰਨੀ ਬੌਖ਼ਲਾ ਗਈ ਹੈ ਕਿ ਉਸ ਦੇ ਆਗੂਆਂ ਨੇ ਨੀਚਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਇਨ੍ਹਾਂ ਦੇ ਕੁਝ ਆਗੂ ਮੇਰੀ ਸਾਬਕਾ ਪਤਨੀ ਨਾਲ ਮੇਰੀਆਂ ਨਿੱਜੀ ਤਸਵੀਰਾਂ ਨੂੰ AI ਦੀ ਮਦਦ ਨਾਲ ਐਡਿਟ ਕਰ ਕੇ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਰਹੇ ਹਨ। ਇਨ੍ਹਾਂ ਨੇ ਮੈਨੂੰ ਨਿਸ਼ਾਨਾ ਇਸ ਲਈ ਬਣਾਇਆ ਕਿਉਂਕਿ ਮੈਂ ਇੱਕ ਦਲਿਤ ਪਰਿਵਾਰ ਨਾਲ ਸਬੰਧ ਰੱਖਦਾ ਹਾਂ ਅਤੇ ਪੰਜਾਬ ਦੀ ਜਨਤਾ ਨੇ ਇਨ੍ਹਾਂ ਦੀ ਗੁੰਡਾਗਰਦੀ ਅਤੇ ਭ੍ਰਿਸ਼ਟ ਸਿਆਸਤ ਨੂੰ ਹਰਾ ਕੇ ਮੈਨੂੰ ਚੁਣਿਆ ਹੈ। ਇਹ ਹਰਕਤ ਸਿਰਫ਼ ਮੇਰੀ ਨਹੀਂ, ਸਗੋਂ ਇੱਕ ਔਰਤ ਦੀ ਇੱਜ਼ਤ ਨੂੰ ਵੀ ਠੇਸ ਪਹੁੰਚਾਉਣ ਵਾਲੀ ਹੈ ਅਤੇ ਸਮਾਜ ਵਿੱਚ ਔਰਤਾਂ ਪ੍ਰਤੀ ਇਨ੍ਹਾਂ ਦੀ ਅਸਲ ਸੋਚ ਨੂੰ ਬੇਨਕਾਬ ਕਰਦੀ ਹੈ। ਇਹ ਸਿਰਫ ਨਿੱਜੀ ਹਮਲਾ ਨਹੀਂ, ਸਗੋਂ ਜਾਤੀ ਅਤੇ ਸਿਆਸੀ ਸਾਜ਼ਿਸ਼ ਹੈ। ਲੁਧਿਆਣਾ ਉਪ-ਚੋਣ ਤੋਂ ਠੀਕ ਦੋ ਦਿਨ ਪਹਿਲਾਂ ਇਹ ਗਿਰੀ ਹੋਈ ਹਰਕਤ ਸਾਬਤ ਕਰਦੀ ਹੈ ਕਿ AAP ਤੋਂ ਬੁਰੀ ਤਰ੍ਹਾਂ ਹਾਰ ਦਾ ਡਰ ਵਿਰੋਧੀ ਧਿਰ ਨੂੰ ਗ਼ਲਤ ਹਰਕਤਾਂ ਕਰਨ ਲਈ ਮਜਬੂਰ ਕਰ ਰਿਹਾ ਹੈ। ਮੈਂ ਇਸ ਘਟੀਆ ਸਾਜ਼ਿਸ਼ ਅਤੇ ਝੂਠ ਫ਼ੈਲਾਉਣ ਵਾਲੇ ਹਰ ਵਿਅਕਤੀ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਜਾ ਰਿਹਾ ਹਾਂ। ਮੈਂ FIR ਵੀ ਕਰਵਾਵਾਂਗਾ ਅਤੇ ਮਾਨਹਾਨੀ ਦਾ ਮੁਕੱਦਮਾ ਵੀ ਕਰਾਂਗਾ। ਮੇਰੇ ਅਤੇ ਮੇਰੇ ਪਰਿਵਾਰ ਵਿਰੁੱਧ ਇੰਨੀ ਘਟੀਆ ਹਰਕਤ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਮੈਂ ਮੁਆਫ਼ ਨਹੀਂ ਕਰਾਂਗਾ। ਜਨਤਾ ਨੂੰ ਮੇਰੀ ਅਪੀਲ ਹੈ ਕਿ ਆਮ ਆਦਮੀ ਪਾਰਟੀ 'ਤੇ ਭਰੋਸਾ ਰੱਖੋ ਅਤੇ ਅਜਿਹੇ ਗਿਰੇ ਹੋਏ ਆਗੂਆਂ ਦੇ ਫੈਲਾਏ ਝੂਠ ਅਤੇ ਗੰਦਗੀ ਤੋਂ ਸੁਚੇਤ ਰਹੋ। ਅਸੀਂ ਸੱਚਾਈ ਅਤੇ ਜਨ ਸੇਵਾ ਦੀ ਸਿਆਸਤ ਕਰਦੇ ਹਾਂ, ਅਤੇ ਕਰਦੇ ਰਹਾਂਗੇ।

# ਓਨਟਾਰੀਓ ਦੇ ਮੁੱਖ ਮੰਤਰੀ ਦੀ ਕਾਰ ਚੋਰੀ ਕਰਦੇ ਦੋ ਨਾਬਾਲਿਗਾਂ ਸਣੇ ਚਾਰ ਕਾਬੂ

## ਪ੍ਰੀਮੀਅਰ ਡੱਗ ਫੋਰਡ ਵੱਲੋਂ ਸਖ਼ਤ ਕਾਨੂੰਨਾਂ ਦੀ ਵਕਾਲਤ




ਵੈਨਕੂਵਰ : ਓਂਟਾਰੀਓ ਦੇ ਪ੍ਰੀਮੀਅਰ (ਮੁੱਖ ਮੰਤਰੀ) ਡੱਗ ਫੋਰਡ ਦੀ ਈਟੋਬੀਕੋ ਸਥਿਤ ਰਿਹਾਇਸ਼ 'ਤੇ ਖੜ੍ਹੀ ਕਾਰ ਚੋਰੀ ਕਰਨ ਦੇ ਦੋਸ਼ ਵਿਚ ਪੁਲੀਸ ਨੇ ਦੋ ਨਾਬਾਲਗਾਂ ਸਮੇਤ ਚਾਰ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਉਨ੍ਹਾਂ ਦੇ ਕਬਜ਼ੇ 'ਚੋਂ ਕਾਰਾਂ ਦੀਆਂ ਡਿਜੀਟਲ ਨਕਲੀ ਚਾਬੀਆਂ ਵਾਲਾ ਪ੍ਰੋਗਰਾਮਰ ਅਤੇ ਕੁਝ ਚਾਬੀਆਂ ਫੜੀਆਂ ਹਨ। ਡੱਗ ਫੋਰਡ ਨੇ ਚੋਰਾਂ ਦੇ ਹੌਸਲੇ 'ਤੇ ਤਨਜ਼ ਕਸਦਿਆਂ ਕਿਹਾ ਕਿ ਇਹ ਸਾਰਾ ਕੁਝ ਕੈਨੇਡਾ ਦੇ ਨਰਮ ਕਾਨੂੰਨਾਂ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਚੋਰ ਅਪਰਾਧ ਕਰਦਿਆਂ ਫੜੇ ਗਏ, ਪਰ ਉਹ ਕੱਲ੍ਹ ਨੂੰ ਜ਼ਮਾਨਤ 'ਤੇ ਬਾਹਰ ਆ ਕੇ ਮੁੜ ਇਹੀ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਅਜਿਹੀ ਮਾਨਸਿਕਤਾ ਵਾਲੇ ਲੋਕਾਂ ਦੀ ਥਾਂ ਜੇਲ੍ਹ ਹੋਣੀ ਚਾਹੀਦੀ ਹੈ, ਪਰ ਨਰਮ ਕਾਨੂੰਨਾਂ ਕਰਕੇ ਅਮਨ ਪਸੰਦ ਲੋਕਾਂ ਦਾ ਕਾਨੂੰਨ ਤੋਂ ਵਿਸ਼ਵਾਸ਼ ਉੱਠ ਰਿਹਾ ਹੈ।

ਪੁਲੀਸ ਨੇ ਦੱਸਿਆ ਕਿ ਬੀਤੀ ਰਾਤ ਸਾਢੇ ਬਾਰ੍ਹਾਂ ਵਜੇ ਪੁਲੀਸ ਵਲੋਂ ਰੌਇਲ ਯੌਰਕ ਰੋਡ ਅਤੇ ਲਾਰੈਂਸ ਐਵੇਨਿਊ (ਪੱਛਮੀ) ਸਥਿੱਤ ਪ੍ਰੀਮੀਅਰ ਦੀ ਰਿਹਾਇਸ਼ ਕੋਲ ਸ਼ੱਕੀ ਕਾਰ ਵੇਖੀ ਗਈ, ਜਿਸ ਵਿਚ ਚਾਰ ਸਵਾਰਾਂ ਨੇ ਮਾਸਕ ਪਾਏ ਹੋਏ ਸਨ। ਕਾਰ ਰੁਕਦੇ ਹੀ 16 ਸਾਲ ਦਾ ਮੁੰਡੇ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਪਿੱਛਾ ਕਰਕੇ ਦਬੋਚ ਲਿਆ ਗਿਆ। ਤਲਾਸ਼ੀ ਦੌਰਾਨ ਇਨ੍ਹਾਂ ਮਸ਼ਕੂਕਾਂ ਕੋਲੋਂ ਕਾਰਾਂ ਦੀਆਂ ਚਾਬੀਆਂ ਦੀ ਪ੍ਰੋਗਰਾਮਿੰਗ ਕਰਨ ਵਾਲਾ ਭਾਵ ਨਕਲੀ ਚਾਬੀ ਬਣਾਉਣ ਵਾਲਾ ਯੰਤਰ ਫੜਿਆ ਗਿਆ। ਪੁੱਛਗਿੱਛ ਦੌਰਾਨ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਅੱਖ ਪ੍ਰੀਮੀਅਰ ਦੇ ਡਰਾਈਵ ਵੇਅ 'ਤੇ ਖੜੀ ਮਹਿੰਗੀ ਕਾਰ 'ਤੇ ਸੀ, ਪਰ ਪਹਿਲਾਂ ਹੀ ਕਾਬੂ ਆ ਗਏ।

ਇਨ੍ਹਾਂ 'ਚੋਂ ਦੋਵਾਂ ਨਾਬਾਲਗਾਂ ਨੂੰ 16 ਜੁਲਾਈ ਤੱਕ ਘਰ ਵਿੱਚ ਬੰਦੀ ਬਣਾ ਦਿੱਤਾ ਗਿਆ ਹੈ, ਜਦ ਕਿ ਬਾਲਗਾਂ ਖਿਲਾਫ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਏਗੀ। ਗੌਰਤਲਬ ਹੈ ਕਿ ਓਂਟਾਰੀਓ ਦੀ ਸੂਬਾਈ ਸਰਕਾਰ ਨੇ ਜ਼ਮਾਨਤ ਨਿਯਮ ਸਖ਼ਤ ਕਰਨ ਲਈ ਕਾਨੂੰਨ ਦਾ ਖਰੜਾ ਤਿਆਰ ਕੀਤਾ ਹੈ, ਜਿਸ ਨੂੰ ਵਿਧਾਨ ਸਭਾ 'ਚੋਂ ਪਾਸ ਕਰਵਾ ਕੇ ਕਾਨੂੰਨੀ ਰੂਪ ਦਿੱਤੇ ਜਾਣ ਦੀ ਤਿਆਰੀ ਹੈ। ਡੱਗ ਫੋਰਡ ਨੇ ਕਿਹਾ ਕਿ ਇਹ ਘਟਨਾ ਉਨ੍ਹਾਂ ਲੋਕਾਂ ਲਈ ਸਬਕ ਹੈ, ਜੋ ਕਾਨੂੰਨ ਵਿਚ ਸੋਧ ਦਾ ਵਿਰੋਧ ਕਰਦੇ ਹਨ।

# ਅਮਰੀਕੀ ਇਤਿਹਾਸ 'ਚ ਸਭ ਤੋਂ ਵੱਡੀ ਗਹਿਣਿਆਂ ਦੀ ਚੋਰੀ ਮਾਮਲੇ 'ਚ ਸੱਤ ਸ਼ੱਕੀਆਂ ਦੀ ਪਛਾਣ




ਲਾਸ ਏਂਜਲਸ : ਅਮਰੀਕਾ ਦੇ ਇਤਿਹਾਸ ਵਿੱਚ ਸੰਭਾਵਤ ਤੌਰ 'ਤੇ ਸਭ ਤੋਂ ਵੱਡੀ ਗਹਿਣਿਆਂ ਦੀ ਚੋਰੀ ਵਿੱਚ ਸੱਤ ਸ਼ੱਕੀਆਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ ਦੋ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਇੱਕ ਪਹਿਲਾਂ ਹੀ ਜੇਲ੍ਹ ਵਿੱਚ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਕਿਹਾ ਕਿ ਸੱਤ ਲੋਕਾਂ ਦੀ ਪਛਾਣ ਕੀਤੀ ਗਈ ਹੈ ਅਤੇ ਉਨ੍ਹਾਂ 'ਤੇ ਲਾਸ ਏਂਜਲਸ ਵਿੱਚ ਇੱਕ ਬਖਤਰਬੰਦ ਟਰੱਕ ਦਾ ਪਿੱਛਾ ਕਰਨ ਅਤੇ 100 ਮਿਲੀਅਨ ਅਮਰੀਕੀ ਡਾਲਰ ਦੇ ਹੀਰੇ, ਪੰਨੇ ਅਤੇ ਹੋਰ ਕੀਮਤੀ ਚੀਜ਼ਾਂ ਚੋਰੀ ਕਰਨ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਹੈ।

ਅਦਾਲਤੀ ਰਿਕਾਰਡਾਂ ਅਨੁਸਾਰ ਸੱਤ ਸ਼ੱਕੀਆਂ ਵਿੱਚੋਂ ਦੋ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਲਾਸ ਏਂਜਲਸ ਦੀ ਸੰਘੀ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਹੈ। ਚਾਰ ਦੋਸ਼ੀ ਫਰਾਰ ਹਨ, ਜਦੋਂ ਕਿ ਇੱਕ ਸ਼ੱਕੀ ਐਰੀਜ਼ੋਨਾ ਵਿੱਚ ਇੱਕ ਹੋਰ ਚੋਰੀ ਦੇ ਮਾਮਲੇ ਵਿੱਚ ਜੇਲ੍ਹ ਦੀ ਸਜ਼ਾ ਕੱਟ ਰਿਹਾ ਹੈ। ਅਧਿਕਾਰੀਆਂ ਨੇ ਕਿਹਾ ਕਿ ਪਾਬਲੋ ਰਾਉਲ ਲੁਗੋ ਲਾਰੋਇਗ ਅਤੇ ਜੇਸਨ ਨੇਲਨ ਪ੍ਰੈਸਿਲਾ ਫਲੋਰਸ ਨੂੰ ਸੋਮਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦੋਵਾਂ 'ਤੇ ਸੰਘੀ ਚੋਰੀ ਅਤੇ ਸਾਜ਼ਿਸ਼ ਦਾ ਦੋਸ਼ ਲਗਾਇਆ ਗਿਆ ਹੈ।

ਦੋਸ਼ ਅਨੁਸਾਰ ਸ਼ੱਕੀਆਂ ਨੇ ਜੁਲਾਈ 2022 ਵਿੱਚ ਸੈਨ ਫਰਾਂਸਿਸਕੋ ਨੇੜੇ ਇੱਕ ਅੰਤਰਰਾਸ਼ਟਰੀ ਗਹਿਣਿਆਂ ਦੇ ਸ਼ੋਅ ਤੋਂ 73 ਬੈਗ ਗਹਿਣੇ ਲੈ ਕੇ ਜਾ ਰਹੇ ਇੱਕ ਬਖਤਰਬੰਦ ਟਰੱਕ ਦਾ ਪਿੱਛਾ ਕੀਤਾ ਅਤੇ ਬਾਅਦ ਵਿੱਚ ਟਰੱਕ ਵਿੱਚੋਂ 24 ਬੈਗ ਲੈ ਕੇ ਭੱਜ ਗਏ। ਅਧਿਕਾਰੀਆਂ ਨੇ ਦੱਸਿਆ ਕਿ ਬੈਗਾਂ ਵਿੱਚ ਸੋਨਾ, ਰੂਬੀ ਅਤੇ ਮਹਿੰਗੀਆਂ ਘੜੀਆਂ ਵੀ ਸਨ। ਕੈਲੀਫੋਰਨੀਆ ਵਿੱਚ ਅਮਰੀਕੀ ਅਟਾਰਨੀ ਦਫ਼ਤਰ ਨੇ ਮੰਗਲਵਾਰ ਨੂੰ ਇੱਕ ਨਿਊਜ਼ ਰਿਲੀਜ਼ ਵਿੱਚ ਕਿਹਾ ਕਿ ਕੁਝ ਗਹਿਣੇ ਬਰਾਮਦ ਕੀਤੇ ਗਏ ਹਨ।

# ਸੋਸ਼ਲ ਮੀਡੀਆ 'ਤੇ ਡੇਰਾ ਮੁਖੀ ਦੀ ਅਸ਼ਲੀਲ ਵੀਡੀਓ ਵਾਇਰਲ

## ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਦਰਜ



ਲੁਧਿਆਣਾ: ਲੁਧਿਆਣਾ ਵਿੱਚ ਇੱਕ ਬਾਬੇ ਦੀ ਅਸ਼ਲੀਲ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਅੱਜ ਮਾਮਲਾ ਦਰਜ ਕਰ ਲਿਆ ਗਿਆ। ਜਗਰਾਓਂ ਦੇ ਤਲਵੰਡੀ ਖੁਰਦ ਪਿੰਡ ਵਿੱਚ ਸਥਿਤ ਭੂਰੀ ਵਾਲਾ ਡੇਰੇ ਦੇ ਮੁਖੀ ਸ਼ੰਕਰ ਨੰਦ ਦੀ ਇੱਕ ਅਸ਼ਲੀਲ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਵੀਡੀਓ ਵਿੱਚ ਡੇਰਾ ਮੁਖੀ ਨੂੰ ਇੱਕ ਔਰਤ ਨਾਲ ਇਤਰਾਜ਼ਯੋਗ ਹਾਲਤ ਵਿੱਚ ਦੇਖਿਆ ਜਾ ਸਕਦਾ ਹੈ।

ਹਰਦੀਪ ਸਿੰਘ ਦੀ ਸ਼ਿਕਾਇਤ 'ਤੇ ਪੁਲਿਸ ਨੇ ਕਾਰਵਾਈ ਸ਼ੁਰੂ ਕੀਤੀ ਹੈ। ਬਾਬਾ ਸ਼ੰਕਰ ਨੰਦ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਹਾਲਾਂਕਿ, ਐਫਆਈਆਰ ਵਿੱਚ ਮੁਲਜ਼ਮ ਦਾ ਪਤਾ ਅਣਜਾਣ ਦੱਸਿਆ ਗਿਆ ਹੈ।

ਸਿੱਖ ਜਥੇਬੰਦੀਆਂ ਨੇ ਡੇਰੇ ਦੇ ਆਸ਼ਰਮ ਦੀ ਤਫਤੀਸ਼ ਅਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ 'ਤੇ ਮਾਮਲੇ ਨੂੰ ਦਬਾਉਣ ਦੇ ਦੋਸ਼ ਲੱਗ ਰਹੇ ਹਨ। ਸ਼ਿਕਾਇਤਕਰਤਾਵਾਂ ਦਾ ਕਹਿਣਾ ਹੈ ਕਿ ਪੁਲਿਸ ਨੇ ਸੰਖੇਪ ਐਫਆਈਆਰ ਦਰਜ ਕਰਕੇ ਸਿਰਫ਼ ਖਾਨਾਪੂਰਤੀ ਕੀਤੀ ਹੈ। ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਸਥਾਨਕ ਭਾਈਚਾਰਾ ਸਖ਼ਤ ਕਾਰਵਾਈ ਦੀ ਮੰਗ ਕਰ ਰਿਹਾ ਹੈ।

ਮਹੰਤ ਦਯਾਸਾਗਰ ਨੇ ਕਿਹਾ ਕਿ ਇਹ ਸਿਰਫ਼ ਗੱਦੀ ਤੋਂ ਹਟਾਉਣ ਦਾ ਆਦੇਸ਼ ਹੈ, ਅਤੇ ਪੂਰਾ ਹੁਕਮਨਾਮਾ ਜਲਦੀ ਸੰਤਾਂ ਦੀ ਬੈਠਕ ਵਿੱਚ ਜਾਰੀ ਹੋਵੇਗਾ। ਉਨ੍ਹਾਂ ਨੇ ਵੀਡੀਓ ਵਿੱਚ ਦੱਸਿਆ ਕਿ 26 ਮਈ ਨੂੰ ਉਨ੍ਹਾਂ ਨੂੰ ਇਸ ਮਾਮਲੇ ਦੀ ਪਹਿਲੀ ਜਾਣਕਾਰੀ ਮਿਲੀ ਸੀ। ਇਸ ਤੋਂ ਬਾਅਦ 5 ਜੂਨ ਤੋਂ ਹੁਣ ਤੱਕ 750 ਲੋਕਾਂ ਨੇ ਫੋਨ 'ਤੇ ਸੰਪਰਕ ਕਰਕੇ ਜਾਣਕਾਰੀ ਦਿੱਤੀ। ਉਨ੍ਹਾਂ ਨੂੰ 70–75 ਮੈਸੇਜ ਅਤੇ 8–10 ਵੀਡੀਓ ਵੀ ਮਿਲੇ, ਜੋ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਚੁੱਕੇ ਹਨ। ਉਨ੍ਹਾਂ ਨੇ ਸ਼ੰਕਰ ਨੰਦ ਨੂੰ ਸਫਾਈ ਦੇਣ ਲਈ ਡੇਰੇ 'ਤੇ ਬੁਲਾਇਆ ਸੀ। ਸ਼ੰਕਰ ਨੰਦ ਨੇ ਐਤਵਾਰ ਨੂੰ ਸੰਗਤ ਸਮੇਤ ਪਹੁੰਚਣ ਦਾ ਵਾਅਦਾ ਕੀਤਾ ਸੀ, ਪਰ ਉਹ ਨਹੀਂ ਆਇਆ। ਇਸ ਤੋਂ ਬਾਅਦ ਮਹੰਤ ਦਯਾਸਾਗਰ ਨੇ ਤੁਰੰਤ ਪ੍ਰਭਾਵ ਨਾਲ ਉਸ ਨੂੰ ਗੱਦੀ ਤੋਂ ਹਟਾਉਣ ਦਾ ਐਲਾਨ ਕਰ ਦਿੱਤਾ।



# ਸਰਹੱਦੀ ਤਣਾਅ ਕਾਰਨ SGPC ਨੇ ਰੱਦ ਕੀਤੀ ਪਾਕਿਸਤਾਨ ਯਾਤਰਾ

## ਸੁਰੱਖਿਆ ਨੂੰ ਦਿੱਤੀ ਪਹਿਲ



ਭਾਰਤ ਅਤੇ ਪਾਕਿਸਤਾਨ ਵਿਚਾਲੇ ਜਾਰੀ ਸਰਹੱਦੀ ਤਣਾਅ ਨੂੰ ਵੇਖਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਯਾਤਰਾ ਲਈ ਸਿੱਖ ਜਥੇ ਨੂੰ ਭੇਜਣ ਤੋਂ ਇਨਕਾਰ ਕਰ ਦਿੱਤਾ ਹੈ। ਹਰ ਸਾਲ ਇਹ ਜਥਾ 29 ਜੂਨ ਨੂੰ ਲਾਹੌਰ ਲਈ ਰਵਾਨਾ ਹੁੰਦਾ ਸੀ, ਪਰ ਇਸ ਵਾਰ ਮੌਜੂਦਾ ਸੁਰੱਖਿਆ ਸਥਿਤੀ ਨੂੰ ਦੇਖਦੇ ਹੋਏ SGPC ਨੇ ਸੁਰੱਖਿਆ ਨੂੰ ਪਹਿਲ ਦਿੰਦਿਆਂ ਇਹ ਫੈਸਲਾ ਲਿਆ ਹੈ।

SGPC ਦੇ ਅਨੁਸਾਰ, ਇਸ ਯਾਤਰਾ ਲਈ 200 ਤੋਂ ਵੱਧ ਸ਼ਰਧਾਲੂਆਂ ਨੇ ਪਹਿਲਾਂ ਹੀ ਅਰਜ਼ੀਆਂ ਦਿੱਤੀਆਂ ਸਨ ਅਤੇ ਆਪਣੇ ਪਾਸਪੋਰਟ ਵੀਜ਼ਾ ਸਬੰਧੀ ਕਾਰਵਾਈ ਲਈ ਜਮ੍ਹਾਂ ਕਰਵਾਏ ਸਨ। ਆਮ ਤੌਰ 'ਤੇ ਹਰ ਸਾਲ 2,000 ਤੋਂ 3,000 ਸ਼ਰਧਾਲੂ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਜਾਂਦੇ ਸਨ।

**ਕੇਂਦਰੀ ਮੰਤਰੀ ਮਜੂਮਦਾਰ ਦੀ ਹਰਕਤ ਦੀ ਸਖ਼ਤ ਨਿੰਦਾ**

ਇਸ ਦੌਰਾਨ, SGPC ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕੇਂਦਰੀ ਮੰਤਰੀ ਸੁਕਾਂਤ ਮਜੂਮਦਾਰ ਦੀ ਉਸ ਹਰਕਤ ਦੀ ਸਖ਼ਤ ਨਿੰਦਾ ਕੀਤੀ, ਜਿਸ ਵਿੱਚ ਉਨ੍ਹਾਂ ਨੇ ਇੱਕ ਸਿੱਖ ਨੌਜਵਾਨ 'ਤੇ ਚੱਪਲ ਸੁੱਟੀ, ਜੋ ਸਿੱਖ ਨੌਜਵਾਨ ਦੀ ਪਗੜੀ 'ਤੇ ਜਾ ਲੱਗੀ। ਧਾਮੀ ਨੇ ਇਸ ਨੂੰ ਸਿੱਖ ਭਾਵਨਾਵਾਂ ਦਾ ਅਪਮਾਨ ਅਤੇ ਦੁਰਭਾਗਪੂਰਨ ਘਟਨਾ ਕਰਾਰ ਦਿੱਤਾ। ਉਨ੍ਹਾਂ ਨੇ ਮੰਗ ਕੀਤੀ ਕਿ ਮਜੂਮਦਾਰ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ, ਕਿਉਂਕਿ ਇਸ ਘਟਨਾ ਨੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ ਹੈ।

# ਫ਼ਲਾਵਰ ਸਿਟੀ ਫ਼ਰੈਂਡਜ਼ ਸੀਨੀਅਰਜ਼ ਕਲੱਬ ਨੇ 'ਫ਼ਾਦਰਜ਼ ਡੇਅ' ਹੈਮਿਲਟਨ ਵਿਖੇ ਝੀਲ ਕਿਨਾਰੇ ਖ਼ੂਬਸੂਰਤ ਬੀਚ 'ਤੇ ਮਨਾਇਆ



ਹੈਮਿਲਟਨ, (ਡਾ.ਝੰਡ): ਸਮਾਜ ਵਿੱਚ ਪਿਤਾ ਦੇ ਦਰਜੇ ਅਤੇ ਦਾਦਿਆਂ/ਨਾਨਿਆਂ ਤੇ ਹੋਰ ਵਡੇਰਿਆਂ ਦੀ ਅਹਿਮ ਭੂਮਿਕਾ ਨੂੰ ਮੁੱਖ ਰੱਖਦਿਆਂ ਹੋਇਆਂ 'ਫਾਦਰਜ਼ ਡੇਅ' ਨੂੰ ਵਧੀਆ ਤਰ੍ਹਾਂ ਮਨਾਉਣ ਲਈ ਬਰੈਂਪਟਨ ਦੀ 'ਫਲਾਵਰ ਸਿਟੀ ਫ਼ਰੈਂਡਜ਼ ਸੀਨੀਅਰਜ਼ ਕਲੱਬ ਦੇ 100 ਤੋਂ ਵਧੀਕ ਮੈਂਬਰਾਂ ਨੇ ਲੰਘੇ ਐਤਵਾਰ ਹੈਮਿਲਟਨ ਦੇ ਕਨਫ਼ੈੱਡਰੇਸ਼ਨ ਪਾਰਕ ਜਾਣ ਦਾ ਪ੍ਰੋਗਰਾਮ ਬਣਾਇਆ। ਝੀਲ ਕਿਨਾਰੇ ਬੀਚ ਦੀ ਸੁੰਦਰਤਾ ਅਤੇ ਕਲੱਬ ਦੇ ਮੈਂਬਰਾਂ ਦੀਆਂ ਰਾਮ-ਕਹਾਣੀਆਂ, ਗੀਤਾਂ, ਕਵਿਤਾਵਾਂ ਅਤੇ ਨਾਚ-ਗਾਣੇ ਦੀ ਮਹਿਫ਼ਲ ਨੇ ਇਸ ਦੇ ਲਈ 'ਸੋਨੇ 'ਤੇ ਸੁਹਾਗੇ' ਵਾਲਾ ਕੰਮ ਕੀਤਾ। ਇਹ ਕਲੱਬ ਵੱਲੋਂ ਆਪਣੇ ਮੈਂਬਰਾਂ ਨੂੰ ਆਪਸ ਵਿੱਚ ਜੋੜਨ ਤੇ ਮਿਲ ਕੇ ਖ਼ੁਸ਼ੀਆਂ ਸਾਂਝੀਆਂ ਕਰਨ ਦੇ ਉਪਰਾਲਿਆਂ ਦਾ ਅਹਿਮ ਭਾਗ ਸੀ।

ਕਲੱਬ ਦੇ ਪ੍ਰਬੰਧਕਾਂ ਵੱਲੋਂ ਇਸ ਟੂਰ ਪ੍ਰੋਗਰਾਮ ਲਈ ਦੋ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਅਤੇ ਕਲੱਬ ਦੇ ਮੈਂਬਰ ਸਵੇਰੇ ਨੌਂ ਵਜੇ ਉਨ੍ਹਾਂ 'ਤੇ ਸਵਾਰ ਹੋ ਕੇ ਬਰੈਂਪਟਨ ਤੋਂ ਹੈਮਿਲਟਨ ਵੱਲ ਚੱਲ ਪਏ। ਮੌਸਮ ਬੜਾ ਸੁਹਾਵਣਾ ਸੀ ਤੇ ਸੂਰਜ ਦੀ ਨਿੱਘੀ ਧੁੱਪ ਸਾਰਿਆਂ ਦਾ ਸੁਆਗ਼ਤ ਕਰ ਰਹੀ ਸੀ। ਹੈਮਿਲਟਨ ਵਿਖੇ ਆਪਣੀ ਮੰਜ਼ਲ 'ਤੇ ਪਹੁੰਚ ਕੇ ਮੈਂਬਰਾਂ ਨੂੰ ਹਲਕਾ ਜਿਹਾ ਬਰੇਕ-ਫ਼ਾਸਟ ਦਿੱਤਾ ਗਿਆ ਅਤੇ ਨਾਲ ਗਰਮ-ਗਰਮ ਚਾਹ ਪਿਆਈ ਗਈ। ਬੀਚ ਦੇ ਕਿਨਾਰੇ ਰਲ-ਮਿਲ ਬੈਠ ਕੇ 'ਫ਼ਾਦਰਜ਼ ਡੇਅ' 'ਤੇ ਪਿਤਾਵਾਂ ਨੂੰ ਸਨਮਾਨਣਾ ਸਮੇਂ ਦੀ ਸਿਆਣਪ, ਕੁਰਬਾਨੀ ਅਤੇ ਸੁਯੋਗ ਅਗਵਾਈ ਨੂੰ ਸਨਮਾਨਣ ਵਾਲੀ ਗੱਲ ਸੀ ਜਿਸ ਸਦਕਾ ਸਾਡੀਆਂ ਪੀੜ੍ਹੀਆਂ ਅੱਗੇ ਤਰੱਕੀ ਦੀਆਂ ਮੰਜ਼ਲਾਂ ਵੱਲ ਵੱਧਦੀਆਂ ਹਨ। ਸਾਰਿਆਂ ਨੂੰ ਇਹ ਸੱਭ ਬਹੁਤ ਵਧੀਆ ਲੱਗ ਰਿਹਾ ਸੀ।

ਸਮੂਹ ਕਲੱਬ ਮੈਂਬਰਾਂ ਦਾ ਸੁਆਗ਼ਤ ਕਰਦਿਆਂ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਨੇ ਕਿਹਾ, "ਸਮਾਜ ਵਿੱਚ ਪਿਤਾ ਬਣਨਾ ਕੇਵਲ 'ਜੀਵ-ਵਿਗਿਆਨਕ ਤੰਦ' ਹੀ ਨਹੀਂ ਹੈ, ਸਗੋਂ ਇਹ ਤਾਂ ਸੁਯੋਗ ਅਗਵਾਈ, ਤਾਕਤ ਅਤੇ ਬੇਗਰਜ਼ ਪਿਆਰ ਦਾ ਸੁਮੇਲ ਹੈ ਜੋ ਪਰਿਵਾਰ ਅਤੇ ਕਮਿਊਨਿਟੀ ਨੂੰ ਜੋੜ ਕੇ ਰੱਖਦਾ ਹੈ। ਅੱਜ ਅਸੀਂ ਸਾਰੇ ਮਿਲ ਕੇ ਪਿਤਾਵਾਂ ਅਤੇ ਉਨ੍ਹਾਂ ਦੇ ਪਿੱਤਰਾਂ ਦਾ ਇਹ ਦਿਨ ਮਨਾ ਰਹੇ ਹਾਂ ਜਿਨ੍ਹਾਂ ਨੇ ਇਸ ਮਾਰਗ ਉੱਪਰ ਚੱਲਦਿਆਂ ਲੰਮਾਂ ਪੈਂਡਾ ਤੈਅ ਕੀਤਾ ਹੈ।"

'ਫ਼ਾਦਰਜ਼ ਡੇਅ' ਦੇ ਇਸ ਈਵੈਂਟ 'ਤੇ ਸੱਭ ਤੋਂ ਪਹਿਲੇ ਦੌਰ ਵਿੱਚ ਪਿਤਾਵਾਂ ਵੱਲੋਂ ਆਪਣੀਆਂ ਜੀਵਨ-ਕਹਾਣੀਆਂ ਸਾਂਝੀਆਂ ਕੀਤੀਆਂ ਗਈਆਂ ਜਿਸ ਵਿੱਚ ਉਨ੍ਹਾਂ ਨੇ ਆਪਣੇ ਜੀਵਨ ਦੀਆਂ ਵੱਡ-ਮੁੱਲੀਆਂ ਯਾਦਾਂ ਨਾਲ ਸਬੰਧਿਤ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕੀਤੇ। ਫਿਰ 'ਪਿਤਾ-ਦਿਵਸ' ਨਾਲ ਜੁੜੇ ਗਾਣਿਆਂ 'ਤੇ ਨੱਚਣ-ਕੁੱਦਣ ਵਾਲਾ ਦੂਸਰਾ ਪੜਾਅ ਆਰੰਭ ਹੋ ਗਿਆ। ਇਸ ਦੇ ਤੀਸਰੇ ਮਰਹਲੇ ਵਿੱਚ ਪਹੁੰਚ ਕੇ ਕਲੱਬ ਦੀ ਸਰਗ਼ਰਮ ਵਾਲੰਟੀਅਰ ਤੇ ਇਸ ਪ੍ਰੋਗਰਾਮ ਦੀ ਕੋਆਰਡੀਨੇਟਰ ਰਛਪਾਲ ਸਿੱਧੂ ਵੱਲੋਂ ਪਿਤਾਵਾਂ ਲਈ ਕਈ ਮਨੋਰੰਜਕ ਗੇਮਾਂ ਦਾ ਤਿਆਰ ਕੀਤਾ ਗਿਆ ਸਪੈਸ਼ਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਹਾਸੇ-ਮਖ਼ੌਲ ਦੇ ਭਰਪੂਰ ਲਹਿਜ਼ੇ 'ਚ ਉਨ੍ਹਾਂ ਕਿਹਾ, "ਅਸੀਂ ਸਾਰੇ ਪਿਤਾਵਾਂ ਨੂੰ ਮੁੜ ਜਵਾਨ ਵੇਖਣਾ ਚਾਹੁੰਦੇ ਹਾਂ ਅਤੇ ਅਸੀਂ ਉਨ੍ਹਾਂ ਦੇ ਚਿਹਰਿਆਂ 'ਤੇ ਰੌਣਕਾਂ, ਖ਼ੁਸ਼ੀਆਂ ਤੇ ਹਾਸੇ ਲਿਆਉਣਾ ਚਾਹੁੰਦੇ ਹਾਂ।"

ਸਮਾਗ਼ਮ ਦਾ ਇੱਕ ਰੌਚਕ ਪਹਿਲੂ ਇਹ ਵੀ ਰਿਹਾ ਜਦੋਂ ਸਾਰਾ ਦਿਨ ਸਰਗ਼ਰਮ ਰਹੇ ਕਲੱਬ ਦੇ ਵਾਲੰਟੀਅਰਾਂ ਗੁਰਪ੍ਰੀਤ ਕੈਂਥ ਅਤੇ ਹਰਸਿਮਰਤ ਪਨਫੇਰ ਨੂੰ ਬਰੈਂਪਟਨ ਸਿਟੀ ਦੇ ਰੀਜਨਲ ਕੌਂਸਲਰ ਪਾਲ ਵਿਸੰਤੇ ਵੱਲੋਂ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਵੱਲੋਂ ਇਸ ਕਲੱਬ ਦੇ ਮੈਂਬਰਾਂ ਤੇ ਅਹੁਦੇਦਾਰਾਂ ਦੀ ਭਰਵੀਂ ਸ਼ਲਾਘਾ ਕੀਤੀ ਗਈ ਜੋ ਸਾਰਾ ਸਾਲ ਕਲੱਬ ਦੀਆਂ ਵੱਖ-ਵੱਖ ਸਰਗ਼ਰਮੀਆਂ ਰਾਹੀਂ ਆਪਣੇ ਆਪ ਨੂੰ ਰੁੱਝੇ ਅਤੇ ਚੁਸਤ-ਦਰੁਸਤ ਰੱਖਦੇ ਹਨ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਬੋਲਦਿਆਂ ਹੋਇਆਂ ਸੀਨੀਅਰ ਮੈਂਬਰ ਸੁਦਰਸ਼ਨ ਕੁਲਾਰ ਨੇ ਕਿਹਾ, "ਐੱਫ਼.ਸੀ.ਐੱਫ਼.ਸੀ. ਕਲੱਬ ਸੀਨੀਅਰਜ਼ ਲਈ ਬੜਾ ਸ਼ਾਨਦਾਰ ਕੰਮ ਕਰ ਰਹੀ ਹੈ। ਕਲੱਬ ਵੱਲੋਂ ਕੀਤੇ ਜਾਂਦੇ ਅਜਿਹੇ ਈਵੈਂਟ ਸਾਨੂੰ ਇਕੱਠੇ ਹੋ ਕੇ ਮਿਲ ਬੈਠਣ ਦੇ ਮੌਕੇ ਪ੍ਰਦਾਨ ਕਰਦੇ ਹਨ। ਅਸੀਂ ਇੱਥੇ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਦੇ ਹਾਂ, ਸਾਡੇ ਵਿੱਚ ਸਵੈ-ਵਿਸ਼ਵਾਸ ਪੈਦਾ ਹੁੰਦਾ ਹੈ ਅਤੇ ਸਾਨੂੰ ਹੱਸਣ- ਖੇਡਣ ਦਾ ਮੌਕਾ ਮਿਲਦਾ ਹੈ। ਮੈਂ ਕਲੱਬ ਵੱਲੋਂ ਕੀਤੇ ਜਾਂਦੇ ਅਜਿਹੇ ਉਪਰਾਲਿਆਂ ਦਾ ਆਪਣੇ ਵੱਲੋਂ ਤੇ ਸਮੂਹ ਮੈਂਬਰਾਂ ਵੱਲੋਂ ਧੰਨਵਾਦ ਕਰਦਾ ਹਾਂ।" ਬੀਚ ਦਾ ਟੂਰ ਲਾਉਣ ਤੋਂ ਬਾਅਦ ਸਾਰੇ ਮੈਂਬਰ ਇੱਕ ਥਾਂ ਇਕੱਠੇ ਬੈਠ ਗਏ ਅਤੇ ਸਾਰਿਆਂ ਨੇ ਮਿਲ਼ ਕੇ ਗਰਮ-ਗਰਮ ਪੀਜ਼ੇ ਅਤੇ ਹੋਰ ਰਿਫ਼ਰੈੱਸ਼ਮੈਂਟਾਂ ਦਾ ਅਨੰਦ ਮਾਣਿਆਂ। ਉਪਰੰਤ, ਨੱਚਣ-ਗਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਨਾਲ ਇਸ ਬੀਚ ਪਾਰਟੀ ਵਿੱਚ ਹੋਰ ਵੀ ਵਧੇਰੇ ਖ਼ੁਸ਼ੀ ਦਾ ਮਾਹੌਲ ਬਣ ਗਿਆ। ਸ਼ਾਮ ਦੇ 4.30 ਵਜੇ ਇਸ ਬੀਚ ਪਾਰਟੀ ਦੀ ਸਮਾਪਤੀ ਹੋਈ।

ਸਮਾਪਤੀ ਸਮੇਂ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ, "ਮੈਂ ਹਰੇਕ ਮੈਂਬਰ, ਵਾਲੰਟੀਅਰ ਤੇ ਸੁਪੋਰਟਰ ਦਾ ਹਾਦਿਕ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮਿਲ਼ਕੇ ਇਸ ਈਵੈਂਟ ਨੂੰ ਯਾਦਗਾਰੀ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ ਹੈ। ਤੁਹਡੀ ਊਰਜਾ ਤੇ ਤੁਹਾਡਾ ਪਿਆਰ ਨੇ ਇਸ ਕਲੱਬ ਨੂੰ ਇੱਕ ਵਧੀਆ ਪਰਿਵਾਰ ਦਾ ਰੂਪ ਦੇ ਦਿੱਤਾ ਹੈ। ਅਸੀਂ ਇੱਕ ਜੁਲਾਈ ਨੂੰ ਕੈਨੇਡਾ-ਡੇਅ ਮਨਾਉਣ ਲਈ ਮੁੜ ਮਿਲ ਬੈਠਾਂਗੇ।"

# ਸਾਰਾਗੜ੍ਹੀ ਫਾਊਂਡੇਸ਼ਨ ਕੈਨੇਡਾ ਵਲੋਂ ਰਾਏ ਬੁਲਾਰ ਭੱਟੀ ਸਾਹਿਬ ਦੇ 19ਵੇਂ ਵੰਸ਼ਜ ਨਾਲ ਮੁਲਾਕਾਤ



(ਜੰਜੂਆ) - ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਰੱਬੀ ਰਹਿਬਰ ਵਜੋਂ ਪਹਿਚਾਣ ਕਰਨ ਵਾਲੇ ਰਾਏ ਬੁਲਾਰ ਭੱਟੀ ਸਾਹਿਬ ਦੇ 19ਵੇਂ ਵੰਸ਼ਜ ਰਾਏ ਸਈਦ ਉੱਲਾ ਭੱਟੀ ਅਤੇ ਰਾਏ ਬਿਲਾਲ ਅਕਰਮ ਭੱਟੀ ਅੱਜਕੱਲ੍ਹ ਕੈਨੇਡਾ ਦੌਰੇ ਤੇ ਹਨ। ਬੀਤੇ ਮੰਗਲਵਾਰ ਸਾਰਾਗੜ੍ਹੀ ਫਾਊਂਡੇਸ਼ਨ ਕੈਨੇਡਾ ਵਲੋਂ ਉਨ੍ਹਾਂ ਨਾਲ ਟੋਰਾਂਟੋ ਵਿਖੇ ਇਕ ਮਿਲਣੀ ਦਾ ਆਯੋਜਨ ਕੀਤਾ ਗਿਆ। ਟੋਰਾਂਟੋ ਪਹੁੰਚਣ ਤੇ ਉਨ੍ਹਾਂ ਦਾ ਗੁਰਦਵਾਰਾ ਨਾਨਕਸਰ ਰੈਕਸਡੇਲ ਵਿਖੇ ਭਰਪੂਰ ਸਵਾਗਤ ਕੀਤਾ ਗਿਆ ਉਪਰੰਤ ਈਟੋਬੀਕੋ ਨਾਰਥ ਤੋਂ ਮੈਂਬਰ ਪਾਰਲੀਮੈਂਟ ਅਤੇ ਗੌਰਮਿੰਟ ਆਫ਼ ਕੈਨੇਡਾ ਦੀ ਲੇਬਰ ਮਨਿਸਟਰੀ ਦੇ ਸੈਕਟਰੀ ਆਫ਼ ਸਟੇਟ ਮਾਣਯੋਗ ਜੌਨ ਜ਼ਰੂਸੇਲੀ ਵਲੋਂ ਉਨ੍ਹਾਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਸਾਰਾਗੜ੍ਹੀ ਫਾਊਂਡੇਸ਼ਨ ਵਲੋਂ ਉਨ੍ਹਾਂ ਦੇ ਸਤਿਕਾਰ 'ਚ ਰਾਤ ਦੇ ਖਾਣੇ ਦਾ ਪ੍ਰਬੰਧ ਕੜ੍ਹਾਹੀ ਬੌਏਜ਼ ਰੈਸਟੋਰੈਂਟ ਬਰੈਂਪਟਨ ਵਿਖੇ ਕੀਤਾ ਗਿਆ ਜਿਸ ਵਿਚ ਅਵਤਾਰ ਸਿੰਘ ਮਿਨਹਾਸ, ਡਾ. ਕੁਲਜੀਤ ਸਿੰਘ ਜੰਜੂਆ, ਮਨਦੀਪ ਕੌਰ ਗਿੱਲ, ਰਜਿੰਦਰ ਕੌਰ ਮਿਨਹਾਸ, ਅਵਤਾਰ ਸਿੰਘ ਜੰਡੂ, ਮੀਡੀਆਕਾਰ ਰਜਿੰਦਰ ਸੈਣੀ, ਹਰਨੇਕ ਸਿੰਘ ਰਾਏ, ਪੰਕਜ ਸੰਧੂ, ਨਾਸਿਰ ਸ਼ਾਹ, ਸੁੱਚਾ ਸਿੰਘ ਰਾਏ, ਮੀਆਂ ਅਸ਼ਰਫ, ਕੁਲਜੀਤ ਸਿੰਘ ਗਿੱਲ, ਪਰਮਿੰਦਰ ਸਿੰਘ ਰਾਏ ਅਤੇ ਜ਼ਾਰਾ ਨੇ ਸ਼ਿਰਕਤ ਕੀਤੀ।

ਓਨਟਾਰੀਓ ਲਿਬਰਲ ਪਾਰਟੀ ਦੀ ਨੇਤਾ ਬੋਨੀ ਕ੍ਰੋਮਬੀ ਉਚੇਚੇ ਤੌਰ 'ਤੇ ਰਾਏ ਸਈਦ ਉੱਲਾ ਭੱਟੀ ਅਤੇ ਰਾਏ ਬਿਲਾਲ ਅਕਰਮ ਭੱਟੀ ਨੂੰ ਮਿਲਣ ਆਏ ਤੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ। ਪ੍ਰੋਗਰਾਮ ਦੀ ਫੋਟੋਗਰਾਫ਼ੀ ਅਤੇ ਵੀਡਿਓਗ੍ਰਾਫ਼ੀ ਗੁਰਸ਼ਰਨ ਸਿੰਘ ਕੋਹਲੀ ਨੇ ਕੀਤੀ।

# ਹੁਕਮਨਾਮੇ ਤੋਂ ਭਗੌੜੇ ਸੁਖਬੀਰ ਬਾਦਲ ਦੀ ਅਗਵਾਈ 'ਚ ਅਕਾਲੀ ਦਲ ਕਦੇ ਮਜ਼ਬੂਤ ਨਹੀਂ ਹੋ ਸਕਦਾ: ਸੁਰਜੀਤ ਰੱਖੜਾ



ਚੰਡੀਗੜ: ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਸੁਖਬੀਰ ਧੜੇ ਵਲੋਂ ਲਗਾਤਾਰ ਕੀਤੇ ਜਾ ਰਹੇ ਸਿਆਸੀ ਕੂੜ ਪ੍ਰਚਾਰ ਤੇ ਤਿੱਖਾ ਹਮਲਾ ਕੀਤਾ ਹੈ। ਸਾਬਕਾ ਮੰਤਰੀ ਸਰਦਾਰ ਰੱਖੜਾ ਨੇ ਕਿਹਾ ਕਿ, ਸੁਖਬੀਰ ਬਾਦਲ ਦੀ ਅਗਵਾਈ ਹੇਠ ਲਗਾਤਾਰ ਪੰਜ ਵੱਡੀਆਂ ਜਮਾਨਤ ਜ਼ਬਤ ਹਾਰਾਂ ਪ੍ਰਤੱਖ ਪ੍ਰਮਾਣ ਹਨ ਕਿ, ਸੁਖਬੀਰ ਬਾਦਲ ਦੀ ਅਗਵਾਈ ਨੂੰ ਨਕਾਰ ਦਿੱਤਾ ਹੈ। ਆਪਣੇ ਧੜੇ ਦੇ ਮੁਖੀ ਹੋਣ ਦੇ ਨਾਤੇ ਸੁਖਬੀਰ ਬਾਦਲ, ਕੋਈ ਵੀ ਬਿਆਨ ਦੇਣ, ਓਹਨਾ ਵਲੋ ਦਿੱਤੇ ਬਿਆਨ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਬਿਆਨ ਹੋਣ ਦਾ ਦਾਅਵਾ ਕਰਨਾ, ਸਿਆਸੀ ਬੇ ਸਮਝੀ ਹੈ। ਇਸ ਦੇ ਨਾਲ ਹੀ ਸਰਦਾਰ ਰੱਖੜਾ ਨੇ ਕਿਹਾ ਕਿ, ਜਿਹੜਾ ਸੁਖਬੀਰ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਨਹੀਂ ਮੰਨਦਾ, ਉਸ ਨੇ ਲੀਡਰਸ਼ਿਪ ਦੀ ਸਲਾਹ ਅਤੇ ਸੁਝਾਅ ਕਿੰਨੇ ਕੁ ਮੰਨੇ ਹੋਣਗੇ, ਇਸ ਦਾ ਲੋਕਾਂ ਨੂੰ ਇਲਮ ਹੋ ਚੁੱਕਾ ਹੈ।

ਰੱਖੜਾ ਨੇ ਸਾਡੇ ਉਪਰ ਬੀਜੇਪੀ ਦਾ ਠੱਪਾ ਲਗਾਉਣ ਵਾਲਾ ਸੁਖਬੀਰ ਧੜਾ, ਅੱਜ ਬੀਜੇਪੀ ਨਾਲ ਗਠਜੋੜ ਕਰਨ ਨੂੰ ਲੈਕੇ ਤਰਲਿਆਂ ਤੇ ਆ ਚੁੱਕਾ ਹੈ। ਰੱਖੜਾ ਨੇ ਕਿਹਾ ਕਿ, ਸੁਖਬੀਰ ਬਾਦਲ ਆਪਣੇ ਧੜੇ ਦੇ ਮੁਖੀ ਬਣਦੇ ਹੀ 12 ਅਪ੍ਰੈਲ ਨੂੰ ਇਤਿਹਾਸਿਕ ਤੇਜ ਸਿੰਘ ਸਮੁੰਦਰੀ ਹਾਲ ਵਿੱਚ ਗੁਰੂ ਸਾਹਿਬਾਨ ਵਲੋ ਬਣਾਏ ਤਖ਼ਤ ਸਾਹਿਬਾਨ ਨੂੰ ਦਿੱਲੀ ਦੇ ਕਬਜੇ ਹੇਠ ਹੋਣ ਦਾ ਦੋਸ਼ ਲਗਾਕੇ ਸਿੱਖ ਕੌਮ ਨੂੰ ਸ਼ਰਮਸਾਰ ਕਰ ਚੁੱਕੇ ਹਨ। ਅੱਜ ਸੰਗਤ ਦੀ ਖੁੱਲ੍ਹੀ ਕਚਹਿਰੀ ਦੇ ਹਮਾਮ ਵਿੱਚ ਧੜੇ ਦੇ ਮੁਖੀ ਸੁਖਬੀਰ ਬਾਦਲ ਸਮੇਤ, ਸਾਰੇ ਅਲਫ਼ ਨੰਗੇ ਹੋ ਚੁੱਕੇ ਹਨ ਕਿ, ਬੀਜੇਪੀ ਤੇ ਆਰਐਸਐਸ ਦੀ ਲੋੜ ਕਿਸ ਨੂੰ ਹੈ। ਸੁਖਬੀਰ ਧੜੇ ਦੇ ਸੀਨੀਅਰ ਆਗੂਆਂ ਵੱਲੋ ਬੀਜੇਪੀ ਨਾਲ ਗਠਜੋੜ ਲਈ ਕੀਤੇ ਜਾਣ ਵਾਲੇ ਮਿੰਨਤ ਤਰਲੇ ਇਸ ਗੱਲ ਤੇ ਮੋਹਰ ਹਨ ਕਿ, ਆਪਣੇ ਬਲਬੂਤੇ ਸੁਖਬੀਰ ਧੜਾ, ਇਹ ਮੰਨ ਚੁੱਕਾ ਹੈ ਕਿ ਓਹਨਾ ਦਾ ਸਿਆਸੀ ਭਵਿੱਖ ਬੀਜੇਪੀ ਦੇ ਰਹਿਮੋ ਕਰਮ ਤੇ ਬਚਿਆ ਹੋਇਆ ਹੈ। ਰੱਖੜਾ ਨੇ ਕਿਹਾ ਕਿ, ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸਿਆਸੀ ਜਮਾਤ ਨਹੀਂ, ਸਗੋ ਪੰਜਾਬ ਦੀ ਲਾਈਫ ਲਾਈਨ ਹੈ। ਦੋ ਦਸੰਬਰ ਨੂੰ ਜਾਰੀ ਹੋਇਆ ਹੁਕਮਨਾਮਾ ਸਾਹਿਬ ਸ਼੍ਰੋਮਣੀ ਅਕਾਲੀ ਦਲ ਦੀ ਸ਼ਕਤੀ ਦਾ ਕੇਂਦਰ ਹੈ। ਹੁਕਮਨਾਮਾ ਸਾਹਿਬ ਦੀ ਭਾਵਨਾ ਤੇ ਪਹਿਰਾ ਦੇਣ ਦਾ ਬਜਾਏ ਕਾਨੂੰਨੀ ਅੜਚਨਾਂ ਦਾ ਰਸਤਾ ਅਖ਼ਤਿਆਰ ਕਰਕੇ, ਦੁਨਿਆਵੀ ਕਾਨੂੰਨ ਨੂੰ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਤੇ ਉਪਰ ਕਰਾਰ ਦੇਣ ਵਾਲੇ ਸੁਖਬੀਰ ਧੜੇ ਲਈ ਹੁਕਮਨਾਮਾ ਸਾਹਿਬ ਦੀ ਕੋਈ ਪ੍ਰਵਾਨਤਾ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮਾ ਸਾਹਿਬ ਦੇ ਹੁਕਮਾਂ ਤਹਿਤ ਸ਼੍ਰੋਮਣੀ ਅਕਾਲੀ ਦਲ ਢਾਂਚਾ ਭੰਗ ਹੋ ਚੁੱਕਾ ਹੈ, ਪ੍ਰਧਾਨ ਸਮੇਤ ਦੂਜੇ ਅਹੁਦੇਦਾਰਾਂ ਦੀ ਚੋਣ ਲਈ ਭਰਤੀ ਮੁਹਿੰਮ ਜਾਰੀ। ਇਸ ਲਈ ਸੁਖਬੀਰ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨਾ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੇਮੁੱਖ ਹੋਏ ਧੜੇ ਦੇ ਆਪੇ ਬਣੇ ਮੁਖੀ ਹਨ, ਓਹਨਾ ਦੇ ਮੁਖੀ ਬਣਨ ਦੀ ਪ੍ਰਕਿਰਿਆ ਠੀਕ ਉਸੇ ਤਰ੍ਹਾਂ ਦੀ ਹੈ, ਜਿਸ ਤਰਾਂ ਜੰਗਲਾਂ ਵਿੱਚ ਰਹਿਣ ਵਾਲਾ ਡਾਕੂ ਆਪਣੇ ਆਪ ਨੂੰ ਮੁਖੀ ਐਲਾਨ ਕਰਦਾ ਹੈ। ਇਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਿਲੇ ਥਾਪੜੇ ਤਹਿਤ ਹੋ ਰਹੀ ਭਰਤੀ ਜਰੀਏ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ, ਸਰਵ ਪ੍ਰਵਾਨਿਤ, ਪੰਥ ਪ੍ਰਸਤ ਅਤੇ ਪੰਜਾਬ ਪ੍ਰਸਤ ਪ੍ਰਧਾਨ ਸਮੇਤ ਦੂਜੀ ਲੀਡਰਸ਼ਿਪ ਜਲਦ ਮਿਲਣ ਜਾ ਰਹੀ ਹੈ।

# ਪੰਜਾਬ 'ਚ ਕੋਰੋਨਾ ਦਾ ਖ਼ਤਰਾ ਵਧਿਆ

## ਅੰਮ੍ਰਿਤਸਰ 'ਚ 6 ਮਾਮਲਿਆਂ ਦੀ ਪੁਸ਼ਟੀ

ਅੰਮ੍ਰਿਤਸਰ: ਪੰਜਾਬ ਵਿੱਚ ਕੋਰੋਨਾ ਦੇ ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ ਵਿੱਚ ਕੋਵਿਡ ਦੇ 3 ਨਵੇਂ ਮਾਮਲੇ ਸਾਹਮਣੇ ਆਏ ਹਨ, ਜਿਸ ਨਾਲ ਸ਼ਹਿਰ ਵਿੱਚ ਕੋਵਿਡ JN.1 ਵੇਰੀਐਂਟ ਦੇ ਕੁੱਲ ਮਾਮਲਿਆਂ ਦੀ ਗਿਣਤੀ 6 ਹੋ ਗਈ ਹੈ। ਸਿਹਤ ਵਿਭਾਗ ਨੇ ਲੋਕਾਂ ਨੂੰ ਘਬਰਾਉਣ ਦੀ ਬਜਾਏ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ। ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਦੱਸਿਆ ਕਿ ਨਵੇਂ ਮਾਮਲੇ ਸਰਕਾਰੀ ਮੈਡੀਕਲ ਕਾਲਜ ਦੇ ਜੂਨੀਅਰ ਡਾਕਟਰਾਂ ਦੇ ਹਨ। ਤਿੰਨੋਂ ਡਾਕਟਰ ਘਰੇਲੂ ਇਕਾਂਤਵਾਸ ਵਿੱਚ ਹਨ ਅਤੇ ਉਨ੍ਹਾਂ ਦੀ ਸਿਹਤ ਸਥਿਰ ਹੈ। ਇਸ ਤੋਂ ਪਹਿਲਾਂ ਇੱਕ ਗਰਭਵਤੀ ਔਰਤ, ਇੱਕ ਮਹਿਲਾ ਮੈਡੀਕਲ ਟੈਕਨੀਸ਼ੀਅਨ, ਅਤੇ ਇੱਕ ਹੋਰ ਔਰਤ ਵਿੱਚ ਵੀ ਇਹ ਵੇਰੀਐਂਟ ਪਾਇਆ ਗਿਆ ਸੀ, ਜੋ ਸਾਰੇ ਘਰ ਵਿੱਚ ਇਕਾਂਤਵਾਸ ਵਿੱਚ ਹਨ। ਡਾ.ਨੇ ਕਿਹਾ ਕਿ JN.1 ਵੇਰੀਐਂਟ ਦੇ ਲੱਛਣ ਹਲਕੇ ਹਨ, ਅਤੇ ਮਰੀਜ਼ 2-3 ਦਿਨਾਂ ਵਿੱਚ ਠੀਕ ਹੋ ਜਾਂਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਖੰਘ, ਜ਼ੁਕਾਮ, ਬੁਖਾਰ, ਜਾਂ ਸਾਹ ਦੀ ਸਮੱਸਿਆ ਹੋਣ 'ਤੇ ਤੁਰੰਤ ਡਾਕਟਰੀ ਸਲਾਹ ਲੈਣ ਦੀ ਅਪੀਲ ਕੀਤੀ। ਉਨ੍ਹਾਂ ਨੇ ਭੀੜ ਵਾਲੀਆਂ ਥਾਵਾਂ ਤੋਂ ਪਰਹੇਜ਼ ਕਰਨ, ਸਾਬਣ ਨਾਲ ਹੱਥ ਧੋਣ, ਅਤੇ ਮਾਸਕ ਪਾਉਣ ਦੀ ਸਿਫਾਰਸ਼ ਕੀਤੀ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

# ਬਿਨ ਤਰਿਆਂ ਦਰਿਆ ਪਾਰ ਨਹੀਂ ਹੁੰਦਾ !





ਬੁੱਧ ਸਿੰਘ ਨੀਲੋਂ
94643 70823

ਜ਼ਿੰਦਗੀ ਸ਼ੁਕਦੇ ਦਰਿਆ ਵਰਗੀ ਹੁੰਦੀ ਹੈ। ਇਸਨੂੰ ਪਾਰ ਕਰਨ ਲਈ ਹੌਸਲਾ, ਮਿਹਨਤ ਤੇ ਦ੍ਰਿੜ੍ਹਤਾ ਦੀ ਲੋੜ ਹੁੰਦੀ ਹੈ। ਵਖਤੁ ਸਭ ਕੁੱਝ ਸਿਖਾ ਦੇਂਦਾ ਹੈ। ਤੁਹਾਡੇ ਅੰਦਰ ਕੁੱਝ ਸਿੱਖਣ ਤੇ ਕਰਨ ਦੀ ਲਗਨ ਹੋਵੇ।

ਸਾਹਿਤਕਾਰ, ਸੰਗੀਤਕਾਰ, ਅਦਾਕਾਰ, ਚਿਤਰਕਾਰ ਬਨਣ ਲਈ ਮੰਜ਼ਿਲ ਤਾਂ ਨੇੜੇ ਹੈ, ਪਰ ਰਸਤਾ ਬੜਾ ਬਿਖੜਾ ਹੈ ਪਰ ਮਿਹਨਤ, ਸਿਦਕ, ਸ਼ਕਤੀ, ਚਾਅ, ਸੁਪਨੇ, ਦ੍ਰਿੜਤਾ ਤੇ ਆਪਣਾ ਸਾਰਾ ਧਿਆਨ ਇੱਕ ਥਾਂ 'ਤੇ ਕੇਂਦਰ ਕਰਨ ਨਾਲ ਕੁੱਝ ਵੀ ਬਣਿਆ ਜਾ ਸਕਦਾ ਹੈ।

ਕਿਸੇ ਦੀ ਰੂਹ ਨੂੰ ਆਪਣੀ ਰੂਹ ਵਿੱਚ ਸ਼ਾਮਲ ਕਰ ਲੈਣਾ ਤਾਂ ਔਖਾ ਹੁੰਦਾ ਹੈ, ਪਰ ਜੇ ਰੂਹ ਤੁਹਾਡੇ ਅੰਦਰ ਪ੍ਰਵੇਸ਼ ਕਰ ਜਾਵੇ ਤਾਂ ਇਹ ਕੋਈ ਔਖਾ ਨਹੀਂ ਹੁੰਦਾ ਪਰ ਅਸੀਂ ਇਸ ਰਸਤੇ ਤੁਰਦੇ ਨਹੀਂ।

ਵੱਡੇ ਵੱਡੇ ਫਨਕਾਰ, ਗਾਇਕ ਤੇ ਸਾਹਿਤਕਾਰ ਅਕਸਰ ਹੀ ਆਪਣੀ ਮੁਲਾਕਾਤ ਮੌਕੇ ਇਹ ਝੂਠ ਬੋਲਦੇ ਹਨ, ਕਿ "ਇਹ ਤਾਂ ਉਨ੍ਹਾਂ ਨੂੰ ਕੁਦਰਤ ਵੱਲੋਂ ਮਿਲਿਆ ਤੋਹਫਾ ਹੈ।" ਅਸਲ ਵਿੱਚ ਇਹ ਸਭ ਕੁੱਝ ਉਨਾਂ ਦੇ ਅਭਿਆਸ ਦਾ ਸਿੱਟਾ ਹੁੰਦਾ ਹੈ। ਅਭਿਆਸ, ਮਿਹਨਤ, ਲਗਨ ਤੇ ਕੁੱਝ ਬਣਨ ਦੀ ਤਮੰਨਾ ਸਭ ਕੁੱਝ ਬਣਾ ਦੇਂਦੀ ਹੈ । ਪ੍ਰੰਤੂ ਅਸੀਂ ਬਿਨਾਂ ਮਿਹਨਤ ਕੀਤਿਆਂ ਸਫ਼ਲਤਾ ਹਾਸਲ ਕਰਨ ਲਈ ਭਟਕਦੇ ਰਹਿੰਦੇ ਹਾਂ।

ਅਭਿਆਸ ਇੱਕ ਦਿਨ ਰੰਗ ਹੀ ਲਿਆਉਂਦਾ ਹੈ। ਲੋੜ ਤਾਂ ਹੁੰਦੀ ਹੈ, ਜ਼ਿੰਦਗੀ ਵਿੱਚ ਰੰਗ ਭਰਨ ਦੀ। ਜਿਸ ਨੂੰ ਜ਼ਿੰਦਗੀ ਵਿੱਚ ਰੰਗ ਭਰਨਾ ਆਉਂਦਾ ਹੈ, ਉਹ ਕਦੇ ਵੀ ਉਦਾਸ ਨਹੀਂ ਹੁੰਦਾ। ਸਗੋਂ ਹਰ ਵੇਲੇ ਖਿੜਿਆ ਰਹਿੰਦਾ ਹੈ। ਖਿੜੇ ਰਹਿਣ ਲਈ ਖੁਦ ਖਿੜਨਾ ਪੈਂਦਾ ਹੈ।

ਸ਼ਬਦਾਂ ਦੇ ਜਾਦੂਗਰ ਅਕਸਰ ਹੀ ਆਪਣੇ ਵਹਾਅ ਵਿੱਚ ਭੀੜ ਨੂੰ ਨਾਲ ਲੈ ਤੁਰਦੇ ਹਨ। ਉਨਾਂ ਅੰਦਰ ਇਹ ਮੁਹਾਰਤ ਇੱਕ ਦਿਨ ਵਿੱਚ ਨਹੀਂ ਆਉਂਦੀ । ਇਸ ਦੇ ਪਿਛੇ ਲੰਮੇ ਅਧਿਐਨ ਤੇ ਅਭਿਆਸ ਦਾ ਸਿੱਟਾ ਹੁੰਦਾ ਹੈ ਪਰ ਅਸੀਂ ਸਿੱਟੇ 'ਤੇ ਪਹਿਲਾਂ ਪੁੱਜਦੇ ਹਾਂ, ਤੁਰਦੇ ਬਾਅਦ ਵਿੱਚ ਹਾਂ। ਇਸੇ ਕਰਕੇ ਅਸੀਂ ਅਸਫਲ ਹੁੰਦੇ ਹਾਂ।

ਹਰ ਸਫਲਤਾ ਦੀ ਹਰਕਤ ਪਹਿਲਾਂ ਮਨੁੱਖ ਦੇ ਮਨ ਵਿੱਚ ਅੰਗੜਾਈ ਭਰਦੀ ਹੈ, ਫਿਰ ਉਹ ਕਾਗਜ਼ 'ਤੇ ਉਤਰਕੇ ਹਕੀਕਤ ਦਾ ਰੂਪ ਅਖਿਤਿਆਰ ਕਰਦੀ ਹੈ। ਅਸੀਂ ਰੂਪ ਨੂੰ ਵੇਖ ਕੇ ਪਹਿਲਾਂ ਚਕਾਚੌਂਧ ਹੁੰਦੇ , ਪਰ ਮਨ ਅੰਦਰ ਕੋਈ ਸੁਪਨਾ, ਕੋਈ ਇੱਛਾ, ਤਾਂਘ ਨਾ ਹੋਣ ਕਰਕੇ ਹੱਥ ਮਲਦੇ ਰਹਿ ਜਾਂਦੇ ਹਾਂ।

ਹਰ ਮਨੁੱਖ ਹਰ ਵੇਲੇ ਇੱਕ ਅਦਾਕਾਰ ਵਾਂਗ ਜ਼ਿੰਦਗੀ ਵਿੱਚ ਅਦਾਕਾਰੀ ਕਰਦਾ ਹੈ, ਹਰ ਦੀ ਅਦਾਕਾਰੀ ਕਿਸੇ ਦੇ ਨਾਲ ਨਹੀਂ ਜੁੜਦੀ ! ਜਿਹੜੇ ਕਿਸੇ ਦੀ ਨਕਲ ਕਰਦੇ ਹਨ, ਉਹ ਆਪਣੀ ਹੋਂਦ ਗੁਆ ਲੈਂਦੇ ਹਨ। ਆਪਣੀ ਹੋਂਦ ਗਵਾਉਣੀ ਉਨ੍ਹਾਂ ਦੇ ਹਿੱਸੇ ਹੀ ਆਉਂਦੀ ਜਿਹੜੇ ਦੂਸਰਿਆਂ ਦੇ ਨਕਸ਼ੇ ਕਦਮਾਂ 'ਤੇ ਤੁਰਦੇ ਹਨ।

ਦਰਿਆਵਾਂ ਦਾ ਆਪਣਾ ਕੋਈ ਵਹਿਣ ਨਹੀਂ ਹੁੰਦਾ। ਦਰਿਆ ਆਪਣੇ ਵਹਿਣ ਖੁਦ ਬਣਾਉਂਦੇ ਹਨ। ਪਾਣੀ ਦਾ ਵੇਗ ਆਪਣੇ ਆਪ ਰਸਤੇ ਬਣਾਉਂਦਾ ਵਗਦਾ ਰਹਿੰਦਾ ਹੈ। ਵਗਦੇ ਪਾਣੀਆਂ ਦੇ ਨਾਲ ਨਾਲ ਤੁਰਨਾ ਤਾਂ ਸੌਖਾ ਹੈ, ਪਰ ਆਪਣਾ ਰਾਹ ਆਪ ਬਣਾਉਣਾ ਦਰਿਆਵਾਂ ਤੋਂ ਹੀ ਸਿੱਖਿਆ ਜਾ ਸਕਦਾ ਹੈ।

ਨਿੱਕੇ ਬੱਚੇ ਨੂੰ ਬੋਲਣਾ, ਤੁਰਨਾ, ਹੱਸਣਾ ਤਾਂ ਕੋਈ ਨਹੀਂ ਸਿਖਾਉਂਦਾ, ਪੰਛੀਆਂ ਦਾ ਕੋਈ ਅਧਿਆਪਕ ਨਹੀਂ ਹੁੰਦਾ। ਉਨ੍ਹਾਂ ਦਾ ਅਧਿਆਪਕ ਤਾਂ ਉਨ੍ਹਾਂ ਦੀ ਅੱਖ ਤੇ ਸੋਝੀ ਹੁੰਦੀ ਹੈ। ਜਿਹੜੀ ਉਨ੍ਹਾਂ ਨੂੰ ਉਡਣਾ ਸਿਖਾਉਂਦੀ ਹੈ। ਉਡਣਾ ਕੋਈ ਔਖਾ ਰਸਤਾ ਨਹੀਂ, ਅਸੀਂ ਅਕਸਰ ਹੀ ਹਵਾ ਵਿੱਚ ਉਡਦੇ ਰਹਿੰਦੇ ਹਾਂ, ਪਰ ਧਰਤੀ ਦੀ ਖਿੱਚ ਪਰਿਵਾਰ ਦਾ ਮੋਹ, ਸਾਨੂੰ ਸਦਾ ਧਰਤੀ ਨਾਲ ਜੋੜੀ ਰੱਖਦਾ ਹੈ।

ਸ਼ਬਦਾਂ ਦੇ ਵਣਜਾਰੇ ਆਪਣੀਆਂ ਲਿਖਤਾਂ ਵਿੱਚ ਤਾਂ ਨਿਜ਼ਾਮ ਬਦਲਣ ਦੀਆਂ ਟਾਹਰਾਂ ਤਾਂ ਮਾਰਦੇ ਹਨ, ਪਰ ਜਦੋਂ ਸੱਤਾ ਮਾਇਆ ਦੀ ਛੱਤਰੀ ਤਾਣਦੀ ਹੈ, ਤਾਂ ਉਹ ਉਡਾਰੀ ਮਾਰ ਕੇ ਉੱਥੇ ਉਤਰ ਜਾਂਦੇ ਹਨ। ਇਸੇ ਕਰਕੇ ਹੁਣ ਲਿਖਤਾਂ ਦੇ ਨਾਲ ਕੋਈ ਲਹਿਰ ਨੀਂ ਉਸਰਦੀ। ਹੁਣ ਬਹੁਤ ਕੁੱਝ ਲਿਖਿਆ ਜਾ ਰਿਹਾ ਹੈ ਪ੍ਰੰਤੂ ਸਮਾਜ ਅੰਦਰ ਚੇਤਨਾ ਪੈਦਾ ਕਰਨ ਵਾਲਾ ਸਾਹਿਤ ਆਟੇ ਵਿੱਚ ਲੂਣ ਬਰਾਬਰ ਹੈ।

ਨਾ ਸਮਾਜ ਵਿਚ ਕੋਈ ਅਜਿਹੀ ਲਹਿਰ ਉਠ ਰਹੀ ਹੈ ਜਿਸ ਨਾਲ ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਜਿੱਥੇ ਕਿਤੇ ਕੋਈ ਲਹਿਰ ਉਠਦੀ ਹੈ ਉਸਨੂੰ ਸਤਾ ਡੰਡੇ ਦੇ ਜ਼ੋਰ ਨਾਲ ਦਬਾਅ ਦੇਂਦੀ ਹੈ, ਪਰ ਜਿਸ ਤਰਾਂ ਹੁਣ ਕਿਤੋਂ ਕਿਤੋਂ ਅੱਗ ਉਠ ਰਹੀ ਹੈ, ਇਹ ਜਰੂਰ ਕੋਈ ਰੰਗ ਲਿਆ ਸਕਦੀ ਹੈ।

ਆਪਣੇ ਹੱਡਾਂ ਦਾ ਬਾਲਣ ਬਾਲ ਕੇ ਆਪਣਾ ਢਿੱਡ ਪਕਾਉਣਾ ਤਾਂ ਸੌਖਾ ਹੁੰਦਾ ਹੈ, ਪਰ ਕਿਸੇ ਭਾਗੋਂ ਦੇ ਪਕਵਾਨ ਖਾਣੇ ਬਹੁਤ ਔਖੇ ਹੁੰਦੇ ਹਨ। ਆਪਣੇ ਹੀ ਖੇਤਾਂ ਵਿੱਚ ਪਰਾਇਆਂ ਵਾਂਗ ਸਿਲਾ ਚੁਗਿਆ ਤਾਂ ਜਾ ਸਕਦਾ ਹੈ, ਪਰ ਕਿਸੇ ਲਈ ਛੱਤ ਜਾਂ ਬਾਂਹ ਨਹੀਂ ਬਣਿਆ ਜਾ ਸਕਦਾ। ਜੜਾਂ ਨਾਲੋਂ ਟੁੱਟ ਕੇ , ਬੇਗਾਨੀ ਥਾਂ ਜਾ ਕੇ ਧੁੱਪ ਤਾਂ ਮਾਣੀ ਜਾ ਸਕਦੀ ਹੈ, ਪਰ ਕਿਸੇ ਲਈ ਫੁੱਲ ਤੇ ਫ਼ਲ ਨਹੀਂ ਬਣਿਆ ਜਾ ਸਕਦਾ।

ਸ਼ੌਹਰਤ ਦੀ ਹਨ੍ਹੇਰੀ ਜੜ੍ਹਾਂ ਉਖਾੜ ਸਕਦੀ ਹੈ, ਪਰ ਆਪਣੀਆਂ ਜੜ੍ਹਾਂ ਨਾਲ ਬੱਝੇ ਰਹਿਣਾ ਵੀ ਕੋਈ ਸੌਖਾ ਨਹੀਂ ਹੁੰਦਾ। ਮਨੁੱਖ ਪਰਵਾਸ ਨਹੀਂ ਕਰਦਾ ਸਗੋਂ ਢਿੱਡ ਪਰਵਾਸ ਕਰਦਾ ਹੈ, ਇਸੇ ਕਰਕੇ ਅਸੀਂ ਆਪਣੇ ਢਿੱਡ ਦੇ ਰਖਵਾਲੇ ਬਣ ਜਾਂਦੇ ਹਾਂ। ਉਹ ਫਿਰ ਆਪਣੇ ਆਪ ਦੀ ਹੀ ਪ੍ਰਕਰਮਾ ਕਰਦੇ ਹਨ। ਉਹ ਨਾਇਕ ਤੋਂ ਖਲਨਾਇਕ ਬਣਾ ਜਾਂਦੇ ਹਨ। ਉਹ ਆਪਣਿਆਂ ਲਈ ਜਿਉਂਦੇ ਹਨ ਤੇ ਮਰ ਜਾਂਦੇ ਹਨ।

ਜਿਹੜੇ ਦੂਜਿਆਂ ਦੇ ਲਈ ਸੋਚਦੇ ਹਨ ਤੇ ਉਨ੍ਹਾਂ ਦੇ ਕੰਮ ਆਉਂਦੇ ਹਨ। ਲੋਕ ਉਨ੍ਹਾਂ ਨੂੰ ਹੀ ਯਾਦ ਰੱਖਦੇ ਹਨ ।

ਸਮਾਜ ਵਿੱਚ ਮਹਾਂਨਾਇਕਾਂ ਅਤੇ ਨਾਇਕਾਂ ਦਾ ਇਸੇ ਕਰਕੇ ਕਾਲ ਪੈ ਗਿਆ, ਕਿ ਇਨ੍ਹਾਂ ਬੋਹੜਾਂ ਨੇ ਆਪਣੇ ਥੱਲੇ ਕੋਈ ਰੁੱਖ ਹੀ ਉੱਗਣ ਤੇ ਮੌਲਣ ਦਿੱਤਾ। ਇਸੇ ਕਰਕੇ ਚਾਰੇ ਪਾਸੇ ਖਲਨਾਇਕਾਂ ਦਾ ਬੋਲਬਾਲਾ ਹੋ ਗਿਆ, ਅਸੀਂ ਭਵਿੱਖਹੀਣ, ਜੜ੍ਹਹੀਣ, ਰੁਜ਼ਗਾਰਹੀਣ, ਦਿਸ਼ਾਹੀਣ ਹੋ ਗਿਆ ਹੈ ।ਇਸੇ ਕਰਕੇ ਸਵੈਵਾਦੀ ਹੋਏ ਹਾਂ, ਸਾਡੇ ਅੰਦਰੋਂ ਮਨੁੱਖ ਮਰ ਗਿਆ ਹੈ। ਉਹ ਬੰਦਾ ਮਰ ਗਿਆ ਹੈ, ਜਿਸਨੂੰ ਸਾਡੇ ਗੁਰੂਆਂ ਤੇ ਭਗਤਾਂ ਨੇ ਜਗਾਇਆ ਸੀ। ਸ਼ਰਧਾ ਦੇ ਭਰਤ ਨੇ ਸਾਨੂੰ ਗਿਆਨਹੀਣ ਬਣਾ ਦਿੱਤਾ ਹੈ। ਅਸੀਂ ਸ਼ਰਧਾ ਦੀਆਂ ਮੂਰਤੀਆਂ ਨੂੰ ਪੂਜਣ ਲੱਗੇ ਤੇ ਖੁਦ ਮੂਰਤੀਆਂ ਬਣ ਗਏ ਹਾਂ । ਅਸੀਂ ਮਾਨਵਵਾਦੀ ਨਹੀਂ ਸਗੋਂ ਪਦਾਰਥਵਾਦੀ ਹੋ ਗਏ ਹਾਂ। ਸਾਡੇ ਅੰਦਰ ਵਸਤੂਆਂ ਦੀ ਭਰਮਾਰ ਹੋ ਗਈ ਹੈ। ਇਸ ਕਰਕੇ ਅਸੀਂ ਹਰ ਵੇਲੇ ਬਾਹਰ ਨੂੰ ਭੱਜਦੇ ਤੇ ਦੌੜਦੇ ਰਹਿੰਦੇ ਹਾਂ। ਹੁਣ ਸਾਡੇ ਘਰ ਨਹੀਂ ਰਹੇ , ਗੋਦਾਮ ਬਣ ਗਏ, ਸਜੀਵ ਮਨੁੱਖ ਦੀ ਨਿਰਜੀਵ ਵਸਤੂਆਂ ਨੇ ਝੁਰਮੁਟ ਪਾਇਆ ਹੋਇਆ ਹੈ। ਇਸੇ ਕਰਕੇ ਮਨੁੱਖ ਸੰਵੇਦਨਾਹੀਣ ਹੋ ਗਿਆ ਹੈ।

ਲਿਖਣਾ ਕੋਈ ਔਖਾ ਕੰਮ ਨਹੀਂ, ਸੁਣਨਾ, ਪੜ੍ਹਨਾ, ਅਧਿਐਨ ਕਰਨਾ ਬੜਾ ਕੁੱਝ ਸਿਖਾ ਦਿੰਦਾ ਹੈ। ਬਹੁਤ ਘੱਟ ਲੋਕ ਹੁੰਦੇ ਹਨ ਜਿਹਨਾਂ ਦੇ ਖ਼ੂਨ ਵਿੱਚ ਕਲਾ ਹੁੰਦੀ ਹੈ। ਨਹੀਂ ਬਹੁਗਿਣਤੀ ਕਲਾ ਦੇ ਨਾਮ ਉਤੇ ਕਲਾ ਦਾ ਨਿਰਾਦਰ ਕਰਦੇ ਹਨ ।

ਚੁੱਪ ਰਹਿਣਾ ਤਾਂ ਚੰਗਾ ਹੈ ਪਰ ਗੂੰਗੇ ਬਣ ਜਾਣਾ ਖਤਰਨਾਕ ਹੁੰਦਾ ਹੈ। ਅਸੀਂ ਗੂੰਗੇ, ਬੋਲੇ ਤੇ ਅੰਨ੍ਹੇ ਹੋ ਗਏ ਹਾਂ । ਇਹ ਬੀਮਾਰੀ ਸਾਡੇ ਅੰਦਰ ਦਿਨੋਂ ਦਿਨ ਵਧ ਰਹੀ ਹੈ। ਸਾਡੀਆਂ ਜੀਭਾਂ ਠਾਕੀਆਂ ਹੋਈਆਂ ਹਨ।

ਬੋਲਣਾ ਤਾਂ ਮਾੜਾ ਨਹੀਂ ਹੁੰਦਾ ਪਰ ਸਦਾ ਬੋਲਦੇ ਰਹਿਣਾ, ਕੁੱਝ ਵੀ ਨਾ ਸੁਨਣਾ ਤੇ ਮੰਨਣਾ ਆਪਣਾ ਹੀ ਪਤਨ ਹੁੰਦਾ ਹੈ। ਤੁਰਦੇ ਰਹਿਣਾ ਤਾਂ ਚਾਹੀਦਾ ਹੈ ਪਰ ਕੋਹਲੂ ਦੇ ਬੈਲ ਦੀ ਵਾਂਗ ਇੱਕ ਥਾਂ ਉੱਤੇ ਘੁੰਮੀ ਜਾਣਾ ਸਭ ਤੋਂ ਖਤਰਨਾਕ ਹੁੰਦਾ ਹੈ। ਬਹੁਗਿਣਤੀ ਲੋਕ ਕੋਹਲੂ ਦੇ ਬੈਲ ਬਣ ਕੇ ਇਕੋ ਥਾਂ ਘੁੰਮ ਰਹੇ ਹਨ। ਉਹ ਤੁਰਦੇ ਨਹੀਂ।

ਅੱਖਾਂ ਖੋਲ੍ਹ ਕੇ ਤੁਰਨਾ ਤਾਂ ਚਾਹੀਦਾ ਹੈ, ਪਰ ਖੁੱਲ੍ਹੀਆਂ ਅੱਖਾਂ ਦੇ ਹੁੰਦਿਆਂ ਕਿਸੇ ਵਿੱਚ ਟਕਰਾਅ ਜਾਣਾ ਨਹੀਂ ਹੁੰਦਾ। ਅਸੀਂ ਇੱਕ ਦੂਜੇ ਵਿੱਚ ਟੱਕਰਾਂ ਮਾਰਦੇ ਫਿਰਦੇ ਹਾਂ।

ਰਸੂਲ ਹਮਜ਼ਾਤੋਵ-ਮੇਰੇ ਦਾਗਿਸਤਾਨ ਵਿੱਚ ਲਿਖਦਾ ਹੈ ਕਿ :

ਇਹ ਨਾ ਕਹੋ ਕਿ ਮੈਨੂੰ ਵਿਸ਼ਾ ਦਿਓ
ਸਗੋਂ ਇਹ ਕਹੋ, ਮੈਨੂੰ ਅੱਖਾਂ ਦਿਓ।

ਸਾਰਾ ਸੰਸਾਰ ਵਿਸ਼ਿਆਂ ਨਾਲ ਭਰਿਆ ਪਿਆ ਹੈ, ਲੋੜ ਤਾਂ ਅੱਖਾਂ ਦੀ ਹੈ। ਅੱਖਾਂ ਦੇ ਸੋਚ ਸਮਝ ਤੇ ਤਰਕਵਾਨ ਬੁੱਧੀ ਤਾਂ ਕਿ ਦੇਖਿਆ, ਸੁਣਿਆ, ਮੰਨਿਆ, ਕਿਵੇਂ ਨਵੇਂ ਸਿਰਜਿਆ ਜਾ ਸਕਦਾ ਹੈ। ਇਹ ਤਾਂ ਇਹੋ ਹੁੰਦਾ ਹੈ ਕਿ ਅਸੀਂ ਲਿਖਦੇ ਤੇ ਬੋਲਦੇ ਤਾਂ ਬਹੁਤ ਹਾਂ ਪਰ ਸੁਣਦੇ, ਪੜ੍ਹਦੇ ਤਾਂ ਬਿਲਕੁਲ ਹੀ ਨਹੀਂ। ਵਿਦਿਆ ਸਾਨੂੰ ਜਗਾਉਦੀ ਹੈ। ਸ਼ਬਦ ਗੁਰੂ ਸਾਡਾ ਮਾਗਰ ਹੁੰਦਾ ਹੈ ਤੇ ਇਸ ਉਤੇ ਵਿਚਾਰ ਕਰਨਾ, ਉਸ ਉਤੇ ਅਮਲ ਕਰਨਾ ਤਾਂ ਦੂਰ ਦੀ ਗੱਲ ਹੈ। ਅਸੀਂ ਸ਼ਬਦ ਗੁਰੂ ਨਾਲੋਂ ਟੁੱਟ ਗਏ ਹਾਂ। ਦੇਹਧਾਰੀ ਗੁਰੂਡੰਮ ਨਾਲ ਜੁੜ ਗਏ ਹਾਂ।

ਅਸੀਂ ਦੂਰ ਦੀਆਂ ਬਾਤਾਂ ਤਾਂ ਬਹੁਤ ਪਾਉਂਦੇ ਹਾਂ, ਪਰ ਨੇੜੇ ਹੋਣ ਵਾਸਤੇ ਕਦੇ ਸੋਚਦੇ ਨਹੀਂ। ਅਸੀਂ ਜੋ ਸੋਚਦੇ ਹਾਂ, ਉਸ ਤੇ ਅਮਲ ਨਹੀਂ ਕਰਦੇ, ਜੋ ਕਰਦੇ ਹਾਂ, ਉਸ ਵਾਰੇ ਸੋਚਦੇ ਨਹੀਂ।

ਸੂਰਜ ਵਾਂਗ ਚਾਨਣ ਵੰਡਣਾ ਬਹੁਤ ਔਖਾ ਹੁੰਦਾ ਹੈ, ਪਰ ਅਸੀਂ ਤਾਂ ਚਾਨਣ ਦੇ ਨਾ ਉਤੇ ਹਨੇਰ ਹੀ ਬੀਜਦੇ ਤੁਰੀ ਜਾ ਰਹੇ ਹਾਂ। ਇਸ ਕਰਕੇ ਸਾਡੇ ਚਾਰੇ ਪਾਸੇ ਸੂਲਾਂ, ਕੰਡੇ ਉੱਗ ਆਏ ਹਨ। ਮਿੱਤਰ ਤਾਂ ਬਨਾਉਣਾ ਸੌਖਾ ਹੁੰਦਾ ਹੈ, ਪਰ ਮਿੱਤਰ ਪਿਆਰੇ ਦੇ ਨਾਲ ਸੱਥਰ ਤੇ ਸੌਣਾ ਔਖਾ ਹੁੰਦਾ ਹੈ।

ਕੋਈ ਕੰਮ, ਔਖਾ ਨਹੀਂ ਹੁੰਦਾ, ਲੋੜ ਤਾਂ ਪਹਿਲਾਂ ਕਦਮ ਪੁੱਟਣ ਦੀ ਹੁੰਦੀ ਹੈ। ਅਸੀਂ ਕਦਮ ਪੁੱਟਣ ਤੋਂ ਪਹਿਲਾਂ ਹੀ ਮੰਜ਼ਿਲ ਤੱਕ ਪੁੱਜਣ ਦੀ ਸੋਚ ਰੱਖਦੇ ਹਾਂ। ਇਸੇ ਕਰਕੇ ਅਸੀਂ ਸੂਰਜ ਵਾਂਗ ਖੜੇ ਰਹਿੰਦੇ ਹਾਂ। ਜਿਹੜੇ ਧਰਤੀ ਬਣ ਕੇ ਘੁੰਮਦੇ ਹਨ, ਉਹੀ ਮੰਜ਼ਿਲ ਚੁੰਮਦੇ ਹਨ। ਆਓ ਆਪਾਂ ਵੀ ਧਰਤੀ ਵਾਂਗ ਘੁੰਮੀਏ ਤਾਂ ਸੂਰਜ ਵਾਂਗ ਰੋਸ਼ਨੀ ਵੰਡੀਏ। ਐਵੇਂ ਹੀ ਨਾ ਕਿਸੇ ਨੂੰ ਭੰਡੀਏ ! ਇਸ ਅੱਗ ਦੇ ਦਰਿਆ ਨੂੰ ਤਰੀਏ ਤੇ ਆਪਣੇ ਨਾਲ ਦੀ ਜਿਉਂਣ ਦੀਆਂ ਜੁਗਤਾਂ ਦੱਸੀਏ ਤੇ ਹੱਸੀਏ।

ਆਓ ਪਿਆਰ ਲਈਏ ਤੇ ਪਿਆਰ ਵੰਡੀ ਏ !

# (ਸੁਣਿਆ ਕੁਝ)

ਸੁਣਿਆ ਕੁਝ
ਹੈਂ ਕੀ ਕਿਹਾ
ਸੁਣਿਆ ਕੁਝ
ਉਹ ਕਹਿੰਦੀਆਂ ਨੇ
ਕੌਣ ਕੀ ਕਹਿੰਦੀਆਂ ਨੇ
ਨਹੀਂ ਮੈਂ ਨਹੀਂ ਯਕੀਨ ਕਰਦੀ
ਦੋਸਤ ਨੇ ਮੇਰੀਆਂ ਉਹ
ਤੂੰ ਬਹੁਤ ਭੋਲੀ ਹੈ
ਸੱਚ ! ਉਹ ਕਹਿ ਰਹੀਆਂ ਨੇ
ਤੂੰ ਉਹਨਾਂ ਸਹੇਲੀਆਂ ਨੂੰ ਆਪਣੇ ਘਰ
ਬੁਲਾਉਂਦੀ ਹੈਂ , ਚਾਹ ਪਾਣੀ ਪਿਲਾਉਂਦੀ ਹੈਂ
ਹਾਂ ਕੀ ਹੋਇਆ ਫਿਰ
ਮਹਿਮਾਨ ਤੇ ਰੱਬ ਵਰਗੇ ਹੁੰਦੇ ਹਨ
ਘਰ ਆਏ ਮਹਿਮਾਨ ਦੀ ਮਹਿਮਾਨ ਨਿਵਾਜ਼ੀ
ਕਰਨਾ ਫ਼ਰਜ਼ ਹੈ ਸਾਡਾ
ਮੈਂ ਤੇ ਘਰ ਕੰਮ ਕਰਨ ਵਾਲੀਆਂ
ਬਾਈਆਂ ਨਾਲ ਵੀ ਕਦੀ
ਵਿਤਕਰਾ ਨਹੀਂ ਕੀਤਾ
ਰੋਜ਼ਾਨਾ ਉਹਨਾਂ ਨੂੰ ਸਮੇਂ ਅਨੁਸਾਰ
ਸੱਭ ਕੁਝ ਖਾਣ ਪੀਣ ਨੂੰ ਦਿੰਦੀ ਹਾਂ
ਪਰ ਇਹ ਤੇ ਆਪਣੇ ਮਰਦ ਦੋਸਤਾਂ
ਨੂੰ ਘਰ ਬੁਲਾ ਘੰਟਿਆਂ ਬੱਧੀ
ਗੱਪ-ਸ਼ੱਪ ਕਰਦੀਆਂ ਨੇ
ਬਾਹਰ ਘੁਮਾਉਣ ਫਿਰਾਉਣ ਲਈ
ਲੈ ਕੇ ਜਾਂਦੀਆਂ ਹਨ
ਰੈਸਤਰਾਂ ਵਿੱਚ ਖਿਲਾਉਣ ਪਿਲਾਉਣ
ਲਈ ਲੈ ਕੇ ਜਾਂਦੀਆਂ ਹਨ
ਉਹਨਾਂ ਤੇ ਕੋਈ ਉਂਗਲ ਨਹੀਂ ਉਠਾਉਂਦਾ
ਕਹਿੰਦੀਆਂ ਨੇ ਇਸਨੇ ਤੇ ਕਹਿ ਕਹਿ ਕੇ
ਮਾਣ ਸਨਮਾਨ ਕਰਾਏ
ਜਿਸਨੇ ਵੀ ਕੀਤੇ ਮੇਰੀ ਮਿਹਨਤ ਤੇ
ਕਾਬਲੀਅਤ ਨੂੰ ਦੇਖਕੇ ਕੀਤੇ
ਮੈਂ ਇਹਨਾਂ ਵਾਂਗ ਚਾਪਲੂਸੀਆਂ ਨਹੀਂ ਕੀਤੀਆਂ
ਫ਼ੋਨ ਨਹੀਂ ਕੀਤੇ ਕਿਸੇ ਨੂੰ
ਜੇਬਾਂ ਗਰਮ ਨਹੀਂ ਕੀਤੀਆਂ
ਸਨਮਾਨ ਖ੍ਰੀਦੇ ਨਹੀਂ
ਕਹਿੰਦੀਆਂ ਨੀ ਉਹ ਤੇ ਸਾਹਿਤਕ ਸਭਾਵਾਂ
ਵਿੱਚ ਲੈ ਲੈ ਕੇ ਜਾਂਦੀ ਹੈ ਸਾਹਿਤਕਾਰਾਂ ਨੂੰ
ਹਾਂ ਕੋਈ ਅੱਛਾ ਸਾਹਿਤਕਾਰ ਹੈ
ਅੱਛਾ ਕਾਬਿਲ ਇਨਸਾਨ ਹੈ
ਤੇ ਚਾਹੁੰਦੀ ਹਾਂ ਉਸਦੀ ਖ਼ੁਸ਼ਬੂ
ਚਹੁਕੁੰਟੀ ਫੈਲੇ , ਸੱਭਨੂੰ ਮਿਲਣ ਗਿਲਣ
ਇਕੱਲਿਆਂ ਆਪਣੇ ਘਰਾਂ ਵਿੱਚ
ਲਿਜਾ ਕੇ ਘੁਸਰ-ਮੁਸਰ ਨਹੀਂ ਕਰਦੀ
ਉਹਨਾਂ ਦੋਸਤਾਂ ਨਾਲ
ਇਹਨਾਂ ਵਾਂਗ ਮਣਾਂ ਮੂੰਹੀਂ ਝੂਠ ਬੋਲ ਕੇ
ਦੂਸਰੇ ਦੇ ਦਿਲਾਂ ਵਿਚ ਜ਼ਹਿਰ ਨਹੀਂ ਘੋਲਦੀ
ਤਾਂਕਿ ਮਜ਼ਬੂਰਨ ਉਹ ਸਾਨੂੰ
ਬਲਾਕ ਕਰ ਦੇਣ
ਇਹ ਤੇ ਘਟੀਆ ਸ਼ਾਇਰਾਂ ਨੂੰ
ਕਹਿ ਕਹਿ ਕੇ ਪੋਸਟਾਂ ਪਵਾਉਂਦੀਆਂ ਹਨ
ਗਰੁੱਪਾਂ ਵਿੱਚ ਮੈਸੇਜ
ਸ਼ੇਅਰ ਕਰਵਾਉਂਦੀਆਂ ਨੇ
ਬਹੁਤ ਕੁਝ ਤੁਸੀਂ ਦੱਸ ਦਿੱਤਾ
ਮੈਨੂੰ ਉਹਨਾਂ ਬਾਰੇ
ਸਮਝ ਵੀ ਗਈ
ਨਹੀਂ ਸੀ ਯਕੀਨ ਕਰਦੀ
ਕਿ ਸੱਚੇ ਤੇ ਪੱਕੇ ਦੋਸਤ
ਕਦੀ ਇਸ ਤਰਾਂ ਨਹੀਂ ਕਰਦੇ
ਪਰ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ
ਸਾਡੇ ਵੱਡੇ ਸ਼ਾਇਰਾਂ ਦੇ ਮੁਖੌਟੇ
ਅੰਦਰੋਂ ਹੋਰ ਤੇ ਬਾਹਰੋਂ ਹੋਰ ਨੇ
ਜੋ ਇਸ ਤਰਾਂ ਦੀਆਂ ਕੋਝੀਆਂ
ਹਰਕਤਾਂ ਕਰ ਵਰਗਲਾਉਂਦੀਆਂ ਹਨ
ਦੂਸਰਿਆਂ ਨੂੰ ਕਿ ਉਹ ਇਹ
ਸੱਭ ਸੱਚ ਕਹਿ ਰਹੀਆਂ ਹਨ
ਕਾਹਦੇ ਸ਼ਾਇਰ ਜਾਂ ਪੱਤਰਕਾਰ ਨੇ ਕਿ
ਸੱਚ ਕਹਿਣ ਸੁਨਣ ਤੇ ਲਿਖਣ ਦੀ
ਅਗਰ ਹਿੰਮਤ ਨਹੀਂ ਹੈ ਤੇ
ਮਰੀਆਂ ਜ਼ਮੀਰਾਂ ਵਾਲੇ ਨੇ ਉਹ ਲੋਕ
ਇਨਸਾਨੀਅਤ ਨਾਮ ਦੀ ਕੋਈ ਚੀਜ਼
ਹੈ ਨਹੀਂ ਉਹਨਾਂ ਵਿਚ
ਗੁਰਬਾਣੀ ਦੇ ਸ਼ਬਦ ਨੂੰ
ਭੁੱਲ ਗਏ ਨੇ ਇਹ
ਗੁਰਬਾਣੀ ਵਿਚ ਵੀ ਲਿਖਿਆ ਹੈ
" ਪਾਪ ਕਮਾਵਦਿਆ ਤੇਰਾ
ਕੋਇ ਨ ਬੇਲੀ ਰਾਮ " ।



(ਰਮਿੰਦਰ ਰੰਮੀ)

# ਹੱਸਦੀ ਵੱਸਦੀ ਜ਼ਿੰਦਗੀ

ਅਸੀਂ ਦਿਲ ਤੋਂ ਤੈਨੂੰ ਕਰ ਬੈਠੇ
ਤਾਹੀਓਂ ਹੌਕੇ ਇੰਨੇਂ ਜ਼ਰ ਬੈਠੇ

ਇਸ ਪਿਆਰ ਦੇ ਸਮੁੰਦਰ 'ਚ
ਅਸੀਂ ਐਵੇਂ ਹੀ ਬੱਸ ਹੜ ਬੈਠੇ

ਹੱਸਦੀ ਵੱਸਦੀ ਜ਼ਿੰਦਗੀ ਵਿੱਚ
ਬੱਸ' ਐਵੇਂ ਅੱਖੀਆਂ ਭਰ ਬੈਠੇ

ਜਿਹੜੇ ਰਾਹਾਂ ਤੇ ਅਸੀਂ ਤੁਰੇ ਸੀ
ਛੱਡ, ਹੋਰ ਰਾਵਾਂ ਤੇ ਚੜ੍ਹ ਬੈਠੇ

ਇਸ਼ਕ ਸਮੁੰਦਰ ਕੁੱਦਗੇ ਦੋਵੇਂ
ਪੱਲਾ ਇੱਕ-ਦੂਜੇ ਦਾ ਫੜ ਬੈਠੇ

ਅਸੀਂ ਦਿਲ ਦੇ ਫਰੇਮ 'ਚ ਯਾਰਾ
ਫੋਟੋਆਂ ਇਕੱਠੀ ਦੋਵੇਂ ਜੜ ਬੈਠੇ

ਲਾ ਗੋਤੇ ਮੁਹੱਬਤੀ ਲਹਿਰਾ ਦੇ
ਡੂੰਘੇ ਪੱਤਣਾਂ ਨੂੰ ਵੀ ਤਰ ਬੈਠੇ

ਸ਼ਹਿਰ ਤੇਰੇ 'ਚ ਹੋ ਗਏ ਚਰਚੇ
ਮੱਥੇ ਇਹ ਕਲੰਕ ਵੀ ਜਰ ਬੈਠੇ

ਤੂੰ ਫਿਕਰ ਨਾ ਸਾਡੀ ਕਰਦਾ ਏ
ਅਸੀਂ ਯਾਦ ਤੇਰੀ 'ਚ ਸੜ ਬੈਠੇ

ਨਾ ਰਹਿ ਸਕਦੇ,ਨਾ ਕਹਿ ਸਕਦੇ
"ਅਲੀ" ਯਾਰੀ ਟੁੱਟਣੋਂ ਡਰ ਬੈਠੇ।

ਅਲੀ ਘਨੌਰ

CANADIAN TRUCK TRAINING CENTRE







ਤਸੱਲੀਬਖਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level1
LIC# M14000011
BROKERAGE LIC#10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਆਪਣਾ ਖਿਆਲ ਰੱਖਿਆ ਕਰ...
# ਅੱਗਿਓਂ ਹੱਸ ਪਿਆ





ਵਰ੍ਹਿਆਂ ਦਹਾਕਿਆਂ ਤੋਂ ਅੰਦਰ ਘਰ ਕਰ ਗਈ ਇਕ ਸੋਚ ਇੱਕ ਪ੍ਰਤੀਬਿੰਬ ਇੱਕ ਇਮੇਜ..ਗਰੀਬੀ ਭੁੱਖਮਰੀ ਰੇਗਿਸਤਾਨ ਗਰਮੀਂ ਅੰਦਰ ਵਿੱਚਰਦੇ ਪੱਕ ਰੰਗੇ ਲੋਕ..ਪਾਣੀ ਲਈ ਤਰਸਦੀ ਖਲਕਤ ਅਤੇ ਹੋਰ ਵੀ ਕਿੰਨਾ ਕੁਝ..ਸਭ ਕੁਝ ਇੱਕੋ ਝਟਕੇ ਬਦਲ ਕੇ ਰੱਖ ਦਿੱਤਾ..!

ਸ਼ੁਰੂਆਤ ਵੇਲੇ ਫਿਕਰ ਕੀ ਤੇ ਕਿਓਂ ਕਰਨ ਲੱਗਾ ਅਣਜਾਣ ਰਾਹਾਂ ਬੇਗਾਨੇ ਲੋਕ ਵੱਖਰਾ ਕਲਚਰ ਓਪਰਾ ਚੇਹਰਾ ਮੁਹਰਾ ਕਿੱਦਾਂ ਵਿਚਰੇਗਾ..ਕੀ ਖਾਵੇਗਾ ਕਿੱਥੇ ਸੋਵੇਂਗਾ ਕੋਈ ਚੋਰ ਡਾਕੂ ਨਸ਼ੇੜੀ ਗੱਲ ਪੈ ਗਿਆ ਤਾਂ ਫੇਰ ਕੀ ਬਣੂ ਇੱਕ ਤੇ ਇੱਕ ਗਿਆਰਾਂ ਹੁੰਦੇ ਦੂਏ ਨੂੰ ਨਾਲ ਲੈ ਲੈਣਾ ਚਾਹੀਦਾ ਸੀ !

ਪਰ ਮਾਲਵੇ ਦਾ ਪੁੱਤ ਕੱਲਾ ਹੀ ਸਵਾ ਲੱਖ ਹੋ ਨਿਬੜਿਆ ਲਾਪਰਵਾਹੀ ਅਤੇ ਬੇਪਰਵਾਹੀ ਵਿੱਚ ਖਾਸਾ ਅੰਤਰ ਵੱਡੇ ਤੋਂ ਵੱਡੇ ਅੱਥਰੇ ਭੈੜੇ ਨਾਲ ਵੀ ਹੱਸ ਕੇ ਗੱਲ ਤੋਰ ਲਈ ਜਾਵੇ ਤਾਂ ਤੇਵਰ ਨਰਮ ਪੈ ਹੀ ਜਾਂਦੇ ਖੋਹਣ ਦੇ ਇਰਾਦੇ ਨਾਲ ਪੁੱਟੀ ਲਾਂਘ ਫੇਰ ਰਾਖੀ ਤੇ ਆਣ ਖਲੋਂਦੀ ਕੇਰਾਂ ਗੱਲ ਹੋਈ ਮਗਰੋਂ ਆਉਂਦੇ ਤੇਜ਼ ਵਾਹਨ, ਆਪਣਾ ਖਿਆਲ ਰੱਖਿਆ ਕਰ ਅੱਗਿਓਂ ਹੱਸ ਪਿਆ। ਫੇਰ ਵੇਖਿਆ ਵਾਕਿਆ ਹੀ ਕੋਲੋਂ ਲੰਘਣ ਵੇਲੇ ਵਿੱਥ ਬਣਾ ਕੇ ਹੀ ਲੰਘਦੇ ਤੰਗੀਆਂ ਤੁਰਸ਼ੀਆਂ ਵਿੱਚ ਵੀ ਇਨਸਾਨੀ ਕਦਰਾਂ ਕੀਮਤਾਂ ਦਾ ਖਿਆਲ ਰੱਖਦੇ ਅਫ਼ਰੀਕਨ ਡਰਾਈਵਰ।

ਟੋਏ ਟਿੱਬੇ ਚਿੱਕੜ ਝਾਲੇ ਜੰਗਲ ਜਨਵਰ ਸ਼ੇਰ ਚੀਤੇ ਜਿਰਾਫ ਬਾਂਦਰ ਲੱਕੜਬੱਗੇ ਹਿਰਨ ਅਤੇ ਸੱਪ ਸਪੂਲੇ..ਸਾਰਿਆਂ ਵਿੱਚ ਉਸ ਅਕਾਲ ਪੁਰਖ ਦੀ ਜੋਤ..ਪਹਿਲ ਕਦੇ ਨੀ ਕਰਦੇ ਠੀਕ ਜਿੱਦਾਂ ਨਵ ਜੰਮੇ ਨੂੰ ਸੱਪ ਕਦੇ ਡੰਗ ਨੀ ਮਾਰਦਾ।

ਸੁੰਨਸਾਨ ਰਾਹਾਂ ਤੇ ਦੌੜਾਂ ਲਾਉਂਦੇ ਨਿਆਣੇ ਟੌਫੀਆਂ ਫਲਾਂ ਹੋਰ ਸ਼ੈਵਾਂ ਦੀ ਨਿਰੰਤਰ ਵੰਡ ਵੰਡਾਈ ਖਣੀਂ-ਖਣੀਂ ਤੇ ਗੁਜਾਰਾ ਕਰਦੇ ਕੁਝ ਲੋਕ ਟੁੱਟੇ ਭੱਜੇ ਰਾਹਾਂ ਦੇ ਨਾਲ ਮੱਖਣ ਵਰਗੀਆਂ ਸੜਕਾਂ ਵੀ..ਜਿੰਨੇ ਜੋਗੇ ਹੈਨ ਕਰਦੇ ਹੀ ਨੇ ਵੱਖੋ-ਵੱਖ ਭੋਜਨ ਮੱਛਰ ਦਾਨੀਆਂ ਫੋਨ ਟਾਵਰਾਂ ਤੇ ਠਿਕਾਣਾ ਉਜਾੜ ਬੀਆਬਾਨ ਇਮਾਰਤਾਂ..ਅੰਦਰ ਗੁਰਬਾਣੀ ਦੀਆਂ ਤੁਕਾਂ ਪੜਦਾ ਪੰਜਾਬ ਦਾ ਪੁੱਤ ਸਿਮ ਕਾਰਡ ਕਰੰਸੀ ਵੇਚਣ ਵਾਲਿਆਂ ਦੀ ਖਿੱਚੋਤਾਣ ਉੱਚੇ-ਨੀਵੇਂ ਪੰਧ ਮਨਮੋਹਕ ਨਜਾਰੇ ਨੀਲੇ ਕਾਲੇ ਚਿੱਟੇ ਬੱਦਲ ਵਰਦਾ ਹਟਦਾ ਮੀਂਹ..ਚਿਲਚਿਲਾਉਂਦੀ ਧੁੱਪ ਕਾਲੀ ਪੈ ਗਈ ਚਮੜੀ ਕਲ ਕਲ ਕਰਦੇ ਵਹਿੰਦੇ ਪਾਣੀ..ਝੀਲਾਂ ਹਰੇ ਭਰੇ ਖੇਤ ਕਣਕ ਗੰਨਾ ਮੱਕੀ ਫਲ ਫਰੂਟ ਸਿੰਜਾਈ ਦੇ ਸਾਧਨ ਵੱਡੀ ਸੰਦ ਮਸ਼ੀਨਰੀ ਆਪੋ ਆਪਣੇ ਜੁਗਾੜ ਲਲਿਆਂਦੀ ਦੇ ਮੈਰੇ..ਓਥੇ ਬਣਾਏ ਫਾਰਮ ਹਾਊਸ..ਭੇਡ ਬੱਕਰੀਆਂ ਸਾਜੋ ਸਮਾਨ ਸੰਦ ਪੈੜੇ ਦੀ ਰਾਖ਼ੀ ਕਰਦੀ ਖੂੰਖਾਰ ਸ਼ਿਕਾਰੀਆਂ ਦੀ ਫੌਜ..ਅੱਡੋ ਅੱਡ ਮੁਲਖ..ਅੱਡੋ ਅੱਡ ਨਿਜਮ ਨਿਜ਼ਾਮ..ਬਲੋਗਿੰਗ ਯੂ ਟਯੂਬਿੰਗ ਸਬੰਦੀ ਪਈਆਂ ਨਵੀਆਂ ਪੈੜਾਂ..ਜਿਥੋਂ ਨਿੱਕਲ ਆਏ ਹੋਈਏ ਉਸ ਮੁਲਖ ਨੂੰ ਭੰਡਣਾ ਮਜਾਕ ਉਡਾਉਣਾ ਕਿੰਨਾ ਘਾਤਕ ਹੋ ਸਕਦਾ..ਨਿੱਕਲਦੀ ਹੋਈ ਪੱਤ ਉੱਤੋਂ ਮੈਲ ਕੱਖ ਕੰਡਾ ਪਾਸੇ ਹਟਾ ਅੰਦਰੋਂ ਮਿੱਠੇ ਤਾਜੇ ਗੁੜ ਦੇ ਉਪਯੋਗੀ ਤੱਤ ਆਪਣਿਆਂ ਮੂਹਰੇ ਲਿਆ ਧਰਨੇ..ਇਹੋ ਹੈ ਅਸਲ ਪਰਿਭਾਸ਼ਾ ਬਲੋਗਿੰਗ ਦੀ..ਸੱਪ ਵੀ ਮਾਰ ਦੇਣਾ..ਸੋਟੀ ਵੀ ਨਾ ਟੁੱਟਣ ਦੇਣਾ..!

ਸਦੀਆਂ ਤੋਂ ਲੁਕੇ ਹੋਏ ਅਨੇਕਾਂ ਪੱਖ..ਕਾਦਰ ਕੁਦਰਤ ਦੀ ਵਿਲੱਖਣ ਦੁਨੀਆ..ਅਨੋਖਾ ਕਲਚਰ..ਥੋੜੇ ਵਿੱਚ ਗੁਜਰ ਬਸਰ..ਸਰਫ਼ੇ ਅੰਦਰ ਗੁਜਾਰਾ..ਇਮਾਨਦਾਰ ਲੋਕ..ਆਪਣੇ ਕਾਰੋਬਾਰੀ..ਪਰਣਾਈ ਹੋਈ ਲੇਬਰ..ਇੱਕ ਵੱਲੋਂ ਆਖਣਾ..ਭਾਵੇਂ ਪੰਜਾਹ ਹਜਾਰ ਦੇ ਕੇ ਘੱਲ ਦੇਈਏ..ਕੋਈ ਹੇਰਾਫੇਰੀ ਨਹੀਂ..ਕੇਨੀਆਂ ਦਾ ਗੁਰਸਿੱਖ ਡਾਕਟਰ..ਘਰੇਲੂ ਬੀਬੀਆਂ ਭੈਣਾਂ ਬੱਚੇ ਬਜ਼ੁਰਗ..ਕੁਝ ਤੋਰਨ ਲੱਗੇ ਰੋ ਵੀ ਪਏ..ਰਹਿਣ ਸਹਿਣ ਕਨੇਡਾ ਅਮਰੀਕਾ ਤੋਂ ਘੱਟ ਨਹੀਂ..ਦਸਤਾਰ..ਦਾਹੜਾ..ਅਤੇ ਸਿੱਖੀ ਨੂੰ ਪਰਣਾਈ ਹੋਈ ਸੋਚ..ਢਾਈ ਸੌ ਸਾਲ ਪੁਰਾਣਾ ਸ੍ਰੀ ਗੁਰੂ ਗ੍ਰੰਥ ਸਾਬ..ਸੈਕੜੇ ਕਿਲੋਮੀਟਰ ਗਾਹ ਕੇ ਦਰਸ਼ਨ ਕਰਨ ਆਉਂਦੀ ਸੰਗਤ..ਲੋਕਲ ਵੀਰਾਂ ਵੱਲੋਂ ਪਕਾਇਆ ਜਾਂਦਾ ਲੰਗਰ ਪ੍ਰਸ਼ਾਦਾ..ਵੱਡੇ ਵੱਡੇ ਕਾਰੋਬਾਰੀ..ਮਹਿਲਾਂ ਵਰਗੇ ਘਰ..ਨਿੱਜੀ ਹਵਾਈ ਜਹਾਜ..ਖਾਸੇ ਵੱਡੇ ਬੰਦੇ ਦੀ ਔਲਾਦ..ਆਹ ਸੈਕੰਡ ਹੈਂਡ ਸਾਈਕਲਾਂ ਦੀ ਮੰਡੀ..ਮੈਂ ਆਪਣੇ ਜੋਗਾ ਵੀ ਇਥੋਂ ਹੀ ਲਿਆ..ਵਿਖਾਵੇ..ਚਕਾ ਚੌਂਦ ਤੋਂ ਕੋਹਾਂ ਦੂਰ ਵੱਸਦਾ ਫਲਸਫਾ..!

ਕਈ ਐਸੇ ਮਰਹਲੇ ਵੀ..ਜਿਥੇ ਨਾ ਬੰਦਾ ਨਾ ਬੰਦੇ ਦੀ ਜਾਤ..ਬਰੂੰਡੀ ਦੇ ਕੱਚੇ ਰਾਹ..ਲੱਕ ਲੱਕ ਪਾਣੀ..ਅੱਧੇ ਕਿਲੋਮੀਟਰ ਤੋਂ ਮੁੜ ਕੇ ਉਚੇਚਾ ਪਾਣੀ ਦੀ ਬੋਤਲ ਦੇਣ ਅਉਂਦਾ ਗੋਰਾ..ਸਾਫ ਸੁਥਰੀ ਹਵਾ..ਮਾਹੌਲ..ਖਣਿਜ ਪਦਾਰਥਾਂ ਨਾਲ ਲਬਰੇਜ ਧਰਤੀ..ਕੱਚੇ ਪੱਕੇ ਰਾਹ..ਪੈਂਚਰ..ਟਿਊਬਾਂ..ਟੁੱਟ ਗਈ ਕਾਠੀ..ਕਈ ਵੇਰ ਪੁੱਠੇ ਤੇ ਕਈ ਵੇਰ ਸਿਧੇ ਪੈ ਜਾਂਦੇ ਫੈਸਲੇ..ਕਿੰਨਾ ਕੁਝ ਹੋਰ ਵੀ..ਅਗਲੇਰਿਆਂ ਲਈ ਰਾਹ ਪੱਧਰ ਕਰ ਗਿਆ..!

ਅਫ਼ੀਕਾ ਦੇ ਮੁਲਖ..ਵੱਡੀਆਂ ਸੰਭਾਵਨਾਵਾਂ..ਵੱਡੇ ਵਸੀਲੇ..ਢੁਕਵਾਂ ਮੌਸਮ..ਢੁਕਵੇਂ ਮੌਕੇ..ਭੀੜਾਂ ਸਖਤੀਆਂ ਵਾਲੇ ਕਨੇਡੇ ਅਮਰੀਕੇ..ਚਾਲੀ ਚਾਲੀ ਲੱਖ ਪਰੋਸ ਕੇ ਲਾਈਆਂ ਡੌਂਕੀਆਂ ਨਾਲੋਂ ਏਧਰ ਸਹਿੰਦੇ ਮੁਲਖਾਂ ਵੱਲ ਮੋੜ ਲਈਆਂ ਮੁਹਾਰਾਂ..ਕੋਈ ਹਰਜ ਨਹੀਂ..!

ਐਸੀਆਂ ਸਦੀਵੀਂ ਪੈੜਾਂ ਪਾਉਣੀਆਂ ਸੌਖੀਆਂ ਵੀ ਹੈਨੀ..ਖਾਸਾ ਵੱਡਾ ਮੁੱਲ ਤਾਰਨਾ ਪੈਂਦਾ..ਅੱਠ ਅੱਠ ਮਹੀਨੇ ਸੁਖ ਸਹੂਲਤਾਂ ਪਰਿਵਾਰਾਂ ਤੋਂ ਕੋਹਾਂ ਦੂਰ ਸੱਪਾਂ ਠੂਹਿਆਂ ਦੇ ਨਾਲ ਵਿੱਚਰਨਾ ਪੈਂਦਾ..!

ਵਿਊਆਂ ਰੀਲਾਂ ਦੇ ਪਏ ਅਜੋਕੇ ਘੜਮੱਸ ਤੋਂ ਪਾਸੇ ਰਹਿ ਕੇ ਇੱਕ ਵਿਲੱਖਣ ਇਤਿਹਾਸ ਸਿਰਜਣਾ ਸਿਰਫ ਘੁੱਦਾ ਸਿੰਘ ਹਿੱਸੇ ਆਇਆ..ਅਕਾਲ ਪੁਰਖ ਚੜ੍ਹਦੀ ਕਲਾ ਬਣਾਈ ਰੱਖੇ !



ਹਰਪ੍ਰੀਤ ਸਿੰਘ ਜਵੰਦਾ

# ਇਨਸਾਨ



ਇਨਸਾਨ ਕੀਤੇ ਹੋਏ ਕਰਮਾਂ
ਨੂੰ ਹਰ ਪਲ ਹੈ ਭੋਗਦਾ
ਫਿਰ ਪਤਾ ਨਹੀਂ ਕਿਉਂ
ਪ੍ਰਮਾਤਮਾ ਨੂੰ ਰਹਿੰਦਾ ਕੋਸਦਾ
ਕੱਚੇ ਫ਼ਲ ਦੀ ਥਾਂ ਪੱਕੇ ਨੂੰ ਹੀ
ਹਰ ਪਲ ਕਿਉਂ ਫਿਰੇ ਲੋਚਦਾ
ਕਿਸੇ ਦਾ ਬੁਰਾ ਕਰ ਆਪਣਾ
ਚੰਗਾ ਕਿਉਂ ਫਿਰੇ ਸੋਚਦਾ
ਆਪਣੀ ਫੋਕੀ 'ਮੈਂ 'ਵਿੱਚ
ਹਰ ਪਲ ਗੁੰਮ ਹੋ ਰਹਿੰਦਾ
ਫਿਰ ਚੰਗੇ ਮਾੜੇ ਦੀ ਕੀ
ਗੱਲ ਬੰਦਿਆਂ ਕਹਿੰਦਾ
ਭੁੱਲ ਚੁੱਕ ਬਖਸ਼ਾਉਣ ਲਈ
ਪਰਮਾਤਮਾ ਅੱਗੇ ਦੋਵੇਂ ਹੱਥ
ਜੋੜ ਹਰ ਪਲ ਬਹਿੰਦਾ
ਪਰਮਾਤਮਾ ਸਭ ਦੇਖਦਾ ਰਹਿੰਦਾ
ਮਨ ਹੀ ਮਨ ਮੁਸਕਰਾ ਕੇ ਕਹਿੰਦਾ
ਬੰਦਿਆਂ ' ਮੈਂ ' ਤੇਰੀ ਆਤਮਾ ਵਿੱਚ
ਹੀ ਹਰ ਪਲ ਰਹਿੰਦਾ
ਤੇਰੇ ਹੰਕਾਰ ਵਿੱਚ ਹੀ ਮੈਂ ਤੇਰੇ ਨੇੜੇ
ਹੋ ਕੇ ਵੀ ਹਮੇਸ਼ਾ ਦੂਰ ਹਾਂ ਰਹਿੰਦਾ
ਤੇਰੇ ਪਲ ਪਲ ਦਾ ਮੈਂ ਹਿਸਾਬ ਹਾਂ ਲੈਂਦਾ
ਨਰਕ ਹੋਵੇ ਜਾਂ ਸਵਰਗ ਹੋਵੇ
ਸਭ ਕੁਝ ਇਥੇ ਦੇਖਣਾ ਪੈਂਦਾ
ਕੀਤੇ ਹੋਏ ਕਰਮਾਂ ਨੂੰ ਤਾਂ ਭੋਗਣਾ ਪੈਂਦਾ ।

ਪਰਮਬੀਰ ਕੌਰ ਰਿਆੜ

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖ ਭਾਈਚਾਰੇ ਲਈ ਕੀਤੇ ਵਿਲੱਖਣ ਕਾਰਜਾਂ ਨੂੰ ਆਪਣਾ ਫਰਜ਼ ਸਮਝ ਕੇ ਪੂਰਾ ਕੀਤਾ : ਮਨਜਿੰਦਰ ਸਿੰਘ ਸਿਰਸਾ ਕੈਬਨਿਟ ਮੰਤਰੀ ਦਿੱਲੀ ਸਰਕਾਰ

ਨਵੀਂ ਦਿੱਲੀ : ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਸਿੱਖ ਕੌਮ ਵਾਸਤੇ ਜੋ ਕੀਤਾ ਉਸਨੂੰ ਆਪਣਾ ਫਰਜ਼ ਸਮਝ ਕੇ ਕੀਤਾ। ਮੈਨੂੰ ਇਹ ਕਹਿੰਦੇ ਹੋਏ ਫ਼ਖ਼ਰ ਮਹਿਸੂਸ ਹੋ ਰਿਹਾ ਕਿ ਜਿਸ ਸੋਚ ਨਾਲ ਜਿਸ ਭਾਵਨਾ ਨਾਲ ਮੋਦੀ ਜੀ ਨੇ ਕੀਤਾ, ਇੱਕ ਸਿੱਖ ਹੀ ਆਪਣੇ ਗੁਰੂ ਵਾਸਤੇ ਉਸ ਭਾਵਨਾ ਨਾਲ ਕਰ ਸਕਦਾ ਹੈ। ਇਹ ਸ਼ਬਦ ਦਿੱਲੀ ਸਰਕਾਰ ਵਿੱਚ ਉਦਯੋਗ ਵਾਤਾਵਰਨ ਖੁਰਾਕ ਤੇ ਸਿਵਲ ਸਪਲਾਈ ਅਤੇ ਜੰਗਲੀ ਜੀਵ ਸੁਰੱਖਿਆ ਤੇ ਜੰਗਲਾਤ ਵਿਭਾਗ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਰਸਾ ਨੇ ਕਹੇ। ਉਹ ਗੁਰੂ ਦੀ ਨਗਰੀ ਅੰਮ੍ਰਿਤਸਰ ਵਿਖੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਵਜੋਂ 11 ਸਾਲ ਪੂਰੇ ਹੋਣ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਸਬੰਧੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।

ਸ. ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਇੱਥੇ ਇਹ ਗੱਲ ਦੱਸਣਯੋਗ ਹੈ ਕਿ ਇੱਕ ਪਾਸੇ 70 ਸਾਲ ਤੱਕ ਕਾਂਗਰਸ ਦਾ ਰਾਜ ਰਿਹਾ, ਤੇ ਉਨਾਂ ਦੇ ਰਾਜ ਦੇ ਦੌਰਾਨ ਲਗਾਤਾਰ ਭਾਵੇਂ 1947 ਤੋਂ ਬਾਅਦ ਦੀ ਗੱਲ ਹੋਵੇ, ਭਾਵੇ 1947 ਦੀ ਵੰਡ ਦੀ ਗੱਲ ਹੋਵੇ, ਭਾਵੇਂ ਪੰਜਾਬ ਦੇ ਸੂਬੇ ਨੂੰ ਤੋੜਨ ਦੀ ਗੱਲ ਹੋਵੇ, ਭਾਵੇਂ ਪੰਜਾਬ ਦੇ ਪਾਣੀ ਖੋਹਣ ਦੀ ਗੱਲ ਹੋਵੇ, ਭਾਵੇਂ ਪੰਜਾਬ ਦੇ ਸ੍ਰੀ ਦਰਬਾਰ ਸਾਹਿਬ ਸਿੱਖੀ ਦੇ ਪਵਿੱਤਰ ਸਥਾਨ ਤੇ ਟੈਂਕਾਂ ਨਾਲ ਹਮਲਾ ਕਰਨ ਦੀ ਗੱਲ ਹੋਵੇ ,ਭਾਵੇਂ ਪੰਜਾਬ ਦੇ ਅੰਦਰ ਹਜ਼ਾਰਾਂ ਬੇਕਸੂਰਾਂ ਲੋਕਾਂ ਨੂੰ ਨੌਜਵਾਨਾਂ ਨੂੰ ਮਾਰਨ ਤੱਕ ਦਾ ਹਿਸਾਬ ਹੋਵੇ, ਭਾਵੇਂ 1984 ਦੇ ਅੰਦਰ ਸਿੱਖਾਂ ਦੇ ਖ਼ਿਲਾਫ਼ ਸਟੈਂਡ ਪਾ ਕੇ ਅੱਗ ਲਾਉਣ ਦਾ ਵਿਸ਼ਾ ਹੋਏ ਕਾਂਗਰਸ ਨੇ ਹਮੇਸ਼ਾ ਸਿੱਖਾਂ ਨੂੰ ਆਪਣਾ ਦੁਸ਼ਮਣ ਸਮਝਦੇ ਹੋਏ ਲਗਾਤਾਰ ਸਿੱਖਾਂ ਦੇ ਉੱਤੇ ਹਮਲੇ ਕੀਤੇ ਹਨ।

ਸ. ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਦੁਨੀਆ ਦੇ ਇਤਿਹਾਸ ਵਿੱਚ ਕੋਈ ਵੀ ਚੁਣੀ ਸਰਕਾਰ ਅੱਜ ਤੱਕ ਐਸੀ ਨਹੀਂ ਹੋਈ , ਜਿਸ ਨੇ ਕਿਸੇ ਦੇ ਪਵਿੱਤਰ ਸਥਾਨ ਤੇ ਤੋਪ ਤੇ ਟੈਕਾਂ ਨਾਲ ਹਮਲਾ ਕਰਕੇ ਉਸ ਸਥਾਨ ਤੇ ਗਰਾਉਂਡ ਦਾ ਕੰਮ ਕੀਤਾ ਹੋਵੇ । ਇਹ ਪਾਪ ਕਾਂਗਰਸ ਨੇ ਕੀਤਾ ਹੈ ।



ਇਸੇ ਤਰ੍ਹਾਂ 1984 ਦੇ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਅੱਗ ਲਾਉਣੀ , ਗੁਰੂ ਘਰਾਂ ਨੂੰ ਅੱਗ ਦੇ ਭੇਟ ਕਰ ਦੇਣਾ ਅਤੇ ਉਹਨਾਂ ਗੁਰਦੁਆਰਾ ਸਾਹਿਬਾਨਾਂ ਚੋਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਪਵਿੱਤਰ ਸਰੂਪਾਂ ਦੀ ਜਿਸ ਤਰ੍ਹਾਂ ਬੇਅਦਬੀ ਕੀਤੀ ਉਸਨੂੰ ਦੱਸਿਆ ਨਹੀਂ ਜਾ ਸਕਦਾ।

ਸ. ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰਿੰਦਰ ਮੋਦੀ ਜੀ ਦੀ ਪਹਿਲੀ ਸਟੇਟਮੈਂਟ ਸੀ ਕਿ ਉਹ 1984 ਦੇ ਕਾਤਲਾਂ ਨੂੰ ਐਸ.ਆਈ.ਟੀ ਬਣਵਾ ਕੇ ਸਜ਼ਾ ਦੇਣਗੇ। 1984 ਐਸ.ਆਈ.ਟੀ ਬਣੀ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਐਸ.ਡੀ.ਐਮ .ਭਗਤ ਵਰਗੇ ਲੋਕ ਕਮਲ ਨਾਥ ਵਰਗੇ ਜੋ ਮੰਨਦੇ ਸਨ ਕਿ ਉਹਨਾਂ ਨੂੰ ਕੋਈ ਹੱਥ ਨਹੀਂ ਪਾ ਸਕਦਾ । ਸੱਜਣ ਕੁਮਾਰ ਨੂੰ ਲਗਭਗ 31 ਸਾਲਾ ਬਾਅਦ ਉਸ ਐਸ.ਆਈ.ਟੀ ਨੂੰ ਬਣਾ ਕੇ ਉਹਨੂੰ ਉਦੋਂ ਤੋਂ ਤਿਹਾੜ ਜੇਲ ਪਾਉਣ ਦਾ ਕੰਮ ਕੀਤਾ ਗਿਆ।

ਇਸੇ ਤਰ੍ਹਾਂ ਜਗਦੀਸ਼ ਟਾਈਟਲਰ ਜਿਸ ਨੂੰ ਕਾਂਗਰਸ ਨੇ ਕਲੀਨ ਚਿੱਟ ਦੇ ਦਿੱਤੀ ਸੀ, 2014 ਵਿੱਚ ਸਰਕਾਰ ਬਣਨ ਤੋਂ ਬਾਅਦ ਸੀ.ਬੀ ਆਈ ਤੋਂ ਕਲੀਨ ਚਿੱਟ ਵਾਪਸ ਲਈ ਮੋਦੀ ਜੀ ਨੇ ਹਦਾਇਤ ਦਿੱਤੀ ਕਿ ਇਸ ਤੇ ਚਾਰਜ ਸੀਟ ਦਾਇਰ ਹੋਵੇ ਤੇ ਇਹ ਚਾਰਜ ਸੀਟ ਦਾਇਰ ਹੋ ਕੇ ਹੁਣ ਜਗਦੀਸ਼ ਟਾਈਟਲਰ ਵੀ ਆਉਣ ਵਾਲੇ ਦਿਨਾਂ ਵਿੱਚ ਸੱਜਣ ਕੁਮਾਰ ਦਾ ਸਾਥੀ ਹੋਵੇਗਾ ਤਿਹਾੜ ਜੇਲ ਦੇ ਅੰਦਰ । ਸ. ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਮਲ ਨਾਥ ਜੋ ਕਿ ਨਿਰੰਤਰ ਫ਼ਰਾਰ ਹੈ ਉਸ ਦੇ ਖ਼ਿਲਾਫ਼ ਵੀ ਸਾਡਾ ਕੇਸ ਚੱਲ ਰਿਹਾ। ਇਸੇ ਤਰ੍ਹਾਂ ਹੀ ਇਸ ਐਸ.ਆਈ.ਟੀ ਨੇ ਉਨਾਂ ਲੋਕਾਂ ਨੂੰ ਜੋ ਆਪਣੇ ਘਰਾਂ ਵਿੱਚ ਇਹ ਸੋਚ ਕੇ ਆਰਾਮ ਨਾਲ ਸੌਂਦੇ ਹਨ ਕਿ ਉਨਾਂ ਤੇ ਕੋਈ ਕਾਰਵਾਈ ਨਹੀਂ ਹੋ ਸਕਦੀ, ਅਜਿਹੇ ਲੋਕਾਂ ਨੂੰ ਵੀ ਘਰਾਂ ਵਿੱਚੋਂ ਕੱਢ ਕੇ ਸਜ਼ਾ ਏ ਮੌਤ ਤੱਕ ਦੀ ਸਜਾ ਸੁਣਾਈ ਹੈ। ਅਜਿਹੇ ਲੋਕਾਂ ਨੂੰ ਸਜ਼ਾ ਏ ਮੌਤ ਤੱਕ ਦੀਆਂ ਸਜ਼ਾਵਾਂ ਹੋ ਗਈਆਂ, ਉਮਰ ਕੈਦ ਤੱਕ ਦੀਆਂ ਸਜ਼ਾਵਾ ਹੋ ਗਈਆਂ। ਜਿਨਾਂ ਤੇ ਕੇਸ ਤੱਕ ਨਹੀਂ ਚਲਾਏ ਜਾ ਰਹੇ ਸਨ। ਸ. ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਅਜਿਹੇ 250 ਤੋਂ ਜਿਆਦਾ ਕੇਸ ਖੋਲ ਕੇ ਉਹਨਾਂ ਤੇ ਕਾਰਵਾਈ ਕੀਤੀ ਗਈ ਹੈ। ਐਸ.ਆਈ .ਟੀ ਨੇ ਲਗਭਗ 85 ਲੋਕਾਂ ਤੇ ਕਾਰਵਾਈ ਤੇ ਉਹਨਾਂ ਤੇ ਕੇਸ ਦਰਜ਼ ਕੀਤੇ ਹਨ ਤੇ ਉਹਨਾਂ ਨੂੰ ਅਰੈਸਟ ਕਰਨ ਦਾ ਕੰਮ ਕੀਤਾ ਹੈ।

### ਮਨਜਿੰਦਰ ਸਿੰਘ ਸਿਰਸਾ ਅਨੁਸਾਰ

1984 ਦੇ ਪੀੜਤ ਪਰਿਵਾਰ ਜਿਹਨਾਂ ਦੇ ਪਰਿਵਾਰਾਂ ਨੂੰ ਮਾਰ ਦਿੱਤਾ ਗਿਆ ਸੀ, ਉਹਨਾਂ ਦੇ ਬੱਚਿਆਂ ਨੂੰ ਰੋਜ਼ਗਾਰ ਦੇਣ ਦਾ ਨੌਕਰੀ ਦੇਣ ਦਾ ਕੰਮ 40 ਸਾਲ ਬਾਅਦ ਜਦੋਂ ਹੁਣ ਸਾਡੀ ਦਿੱਲੀ ਵਿੱਚ ਸਰਕਾਰ ਬਣੀ, ਸਭ ਤੋਂ ਪਹਿਲਾਂ ਮੈਂ ਆਰਡਰ ਪਾਸ ਕਰਕੇ ਉਹਨਾਂ ਪਰਿਵਾਰਾਂ ਦੇ ਬੱਚਿਆਂ ਨੂੰ ਸਵਾ ਸੌਂ ਬੱਚਿਆਂ ਨੂੰ ਸਿੱਧੀਆਂ ਨੌਕਰੀਆਂ ਜੁਆਇਨ ਕਰਾ ਦਿੱਤੀਆਂ। ਲਗਭਗ 650 ਬੱਚਿਆਂ ਦੀ ਫਾਈਲਾਂ ਦਾ ਪਰੋਸੈਸ ਕਰ ਰਹੇ ਹਾਂ ਜਿਹਨਾਂ ਦੇ ਪਰਿਵਾਰਾਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ। ਪੀੜਿਤ ਪਰਿਵਾਰਾਂ ਦੇ ਜਿਹੜੇ ਬੱਚਿਆਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਉਹਨਾਂ ਵਿੱਚ ਉਮਰ ਦੀ ਮਿਆਦ ਨੂੰ ਵੀ ਖ਼ਤਮ ਕਰ ਦਿੱਤਾ ਗਿਆ, ਕਿਉਂਕਿ ਉਹਨਾਂ ਵਿੱਚ ਕਈ ਬੱਚੇ 50 ਸਾਲਾਂ ਤੋਂ ਉੱਪਰ ਸਨ ਬਲਕਿ ਕਈ ਐਜੂਕੇਸ਼ਨ ਵਿੱਚ ਵੀ ਅੱਠਵੀ ਪਾਸ ਸਨ, ਪਰ ਅਸੀਂ ਜੋ ਕੀਤਾ ਇਹਨਾਂ ਨੂੰ ਰੁਜ਼ਗਾਰ ਅਤੇ ਨੌਕਰੀਆਂ ਦੇਣ ਖਾਤਿਰ ਕੀਤਾ ਹੈ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ ਨੇ 'ਮਿੰਨੀ-ਸੈਮੀਨਾਰ' ਦਾ ਰੂਪ ਧਾਰਿਆ

## ਪੰਜਾਬ ਤੋਂ ਆਏ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ ਤੇ ਕਵੀ-ਦਰਬਾਰ ਹੋਇਆ






ਬਰੈਂਪਟਨ, (ਡਾ.ਝੰਡ) – ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰ ਸਮਾਗ਼ਮ ਲੰਘੇ ਐਤਵਾਰ 15 ਜੂਨ ਨੂੰ 2250 ਬੋਵੇਰਡ ਡਰਾਈਵ (ਈਸਟ) ਦੇ ਮੀਟਿੰਗ-ਹਾਲ ਵਿੱਚ ਹੋਇਆ। ਲਹਿੰਦੇ ਪੰਜਾਬ ਦੇ ਕਹਾਣੀਕਾਰ ਤੇ ਨਾਵਲਕਾਰ ਐਡਵੋਕੇਟ ਮੁਦੱਸਰ ਬਸ਼ੀਰ ਨੇ ਇਸ ਸਮਾਗ਼ਮ ਵਿੱਚ ਮੁੱਖ-ਮਹਿਮਾਨ ਵਜੋਂ ਹਾਜ਼ਰ ਹੋਣਾ ਸੀ ਪਰ ਲਾਹੌਰ ਤੋਂ ਉਨ੍ਹਾਂ ਦੀ ਫ਼ਲਾਈਟ ਲੇਟ ਹੋਣ ਕਾਰਨ ਉਹ ਨਾ ਪਹੁੰਚ ਸਕੇ। ਪ੍ਰਧਾਨਗੀ-ਮੰਡਲ ਵਿੱਚ ਐੱਚ.ਐੱਮ.ਵੀ. ਜਲੰਧਰ ਤੋਂ ਪ੍ਰੋ. ਕੁਲਜੀਤ ਕੌਰ, ਖਾਲਸਾ ਕਾਲਜ ਫ਼ਾਰ ਵੋਮੈਨ ਲੁਧਿਆਣਾ ਤੋਂ ਡਾ.ਨਰਿੰਦਰਜੀਤ ਕੌਰ, ਰਾਮਪੁਰਾ ਫੂਲ ਦੇ ਇੱਕ ਕਾਲਜ ਵਿੱਚ ਜਰਨਲਿਜ਼ਮ ਪੜ੍ਹਾ ਰਹੀ ਪ੍ਰੋ. ਸਿਮਰਨ ਅਕਸ, ਉੱਘੀ-ਕਵਿਤਰੀ ਸੁਰਜੀਤ ਕੌਰ ਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ। ਸਮਾਗ਼ਮ ਦੇ ਇਸ ਸੈਸ਼ਨ ਦਾ ਸੰਚਾਲਨ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਕੀਤਾ ਗਿਆ।

ਸਮਾਗ਼ਮ ਦੇ ਆਰੰਭ ਵਿੱਚ ਇੰਜੀ. ਈਸ਼ਰ ਸਿੰਘ ਵੱਲੋਂ ਸ. ਕਿਰਪਾਲ ਸਿੰਘ ਪੰਨੂੰ ਨੂੰ ਓਨਟਾਰੀਓ ਸੂਬਾ ਸਰਕਾਰ ਵੱਲੋਂ 25 ਜੂਨ ਨੂੰ ਪ੍ਰਦਾਨ ਕੀਤੇ ਜਾ ਰਹੇ 'ਓਨਟਾਰੀਓ ਸੀਨੀਅਰਜ਼ ਅਚੀਵਮੈਂਟ ਐਵਾਰਡ' ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪੰਨੂੰ ਸਾਹਿਬ ਨੇ ਕੰਪਿਊਟਰ ਖ਼ੇਤਰ ਵਿੱਚ ਕਮਾਲ ਦਾ ਕੰਮ ਕੀਤਾ ਹੈ ਅਤੇ ਹਜ਼ਾਰਾਂ ਹੀ ਸੀਨੀਅਰ ਵਿਅੱਕਤੀਆਂ ਨੂੰ ਕੰਪਿਊਟਰ ਦੇ ਲੜ ਲਾਇਆ ਹੈ। ਪੰਜਾਬੀ ਕਮਿਊਨਿਟੀ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਪੰਨੂੰ ਸਾਹਿਬ ਦੀਆਂ ਇਨ੍ਹਾਂ ਸੇਵਾਵਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਓਨਟਾਰੀਓ ਸੂਬਾ ਸਰਕਾਰ ਦਾ ਇਹ ਵੱਕਾਰੀ ਐਵਾਰਡ ਦਿੱਤਾ ਜਾ ਰਿਹਾ ਹੈ। ਪੰਨੂੰ ਸਾਹਿਬ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਓਨਟਾਰੀਓ ਸੂਬਾ ਸਰਕਾਰ ਤੇ ਸਮੁੱਚੀ ਪੰਜਾਬੀ ਕਮਿਊਨਿਟੀ ਦਾ ਇਸ ਐਵਾਰਡ ਲਈ ਧੰਨਵਾਦ ਕੀਤਾ ਅਤੇ ਨਾਲ ਹੀ ਸਬੱਬ ਨਾਲ ਇਸ ਦਿਨ ਮਨਾਏ ਜਾ ਰਹੇ 'ਪਿਤਾ-ਦਿਵਸ' ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਸਮਾਗ਼ਮ ਦੇ ਪਹਿਲੇ ਬੁਲਾਰੇ ਪ੍ਰੋ. ਕੁਲਜੀਤ ਕੌਰ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਗੱਲ ਕਰਦਿਆਂ ਅਗਲੀ ਤੀਸਰੀ ਪੀੜ੍ਹੀ ਨੂੰ ਪੰਜਾਬੀ ਬੋਲੀ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਪੰਜਾਬੀ ਬੋਲ ਤਾਂ ਭਾਵੇਂ ਬੇਸ਼ਕ ਲੈਣਗੇ ਪਰ ਪੰਜਾਬੀ ਸਾਹਿਤ ਨਾਲ ਉਨ੍ਹਾਂ ਦਾ ਜੁੜਨਾ ਮੁਸ਼ਕਲ ਲੱਗ ਰਿਹਾ ਹੈ। ਉਨ੍ਹਾਂ ਨੇ ਸਮੂਹ ਪੰਜਾਬੀਆਂ ਨੂੰ ਫ਼ੋਨਾਂ ਵਿੱਚ ਪੰਜਾਬੀ ਫੌਂਟਸ ਵਰਤਣ ਬਾਰੇ ਕਿਹਾ। ਉਨ੍ਹਾਂ ਦੱਸਿਆ ਕਿ 'ਆਰਟੀਫ਼ਿਸ਼ੀਅਲ ਇੰਟੈਲੀਜੈਂਸ' (ਏ.ਆਈ.) ਹੁਣ ਸਮੇਂ ਦੀ ਲੋੜ ਹੈ ਅਤੇ ਸਾਨੂੰ ਇਸ ਦੀ ਵਰਤੋਂ ਕਰਕੇ ਪੰਜਾਬੀ ਵਿੱਚ ਬੋਲ ਕੇ ਕੰਪਿਊਟਰ ਉੱਪਰ ਟਾਈਪ ਕਰਨ ਦੀ ਜਾਚ ਸਿੱਖਣੀ ਚਾਹੀਦੀ ਹੈ। ਇਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਦੂਸਰੇ ਬੁਲਾਰੇ ਡਾ. ਨਰਿੰਦਰਜੀਤ ਕੌਰ ਨੇ ਕਿਹਾ ਕਿ ਸਾਡੇ ਲਈ ਹੁਣ ਏ.ਆਈ. ਤੋਂ ਦੂਰ ਰਹਿਣਾ ਮੁਸ਼ਕਲ ਹੈ ਅਤੇ ਭਵਿੱਖ ਵਿੱਚ ਇਸ ਦੀ ਵਰਤੋਂ ਹੋਰ ਵੀ ਜ਼ਰੂਰੀ ਹੋ ਜਾਏਗੀ। ਉਨ੍ਹਾਂ ਕਿਹਾ ਕਿ ਦੁਨੀਆਂ ਵਿੱਚ ਬੋਲੀਆਂ ਜਾਣ ਵਾਲੀਆਂ ਲੱਗਭੱਗ 7000 ਭਾਸ਼ਾਵਾਂ ਵਿੱਚ ਪੰਜਾਬੀ ਬੋਲੀ ਨੇ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ ਅਤੇ ਗੁਰੂਆਂ, ਪੀਰਾਂ, ਸੂਫ਼ੀ ਸੰਤਾਂ ਤੇ ਕਿੱਸਾਕਾਰਾਂ ਦੀ ਇਹ ਬੋਲੀ ਕਦੇ ਵੀ ਮਰ ਨਹੀਂ ਸਕਦੀ, ਜਿਹਾ ਕਿ ਕਈਆਂ ਵੱਲੋਂ ਅਜਿਹਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਅਫ਼ਸੋਸ ਵੀ ਪ੍ਰਗਟ ਕੀਤਾ ਕਿ ਪੰਜਾਬੀ ਭਾਸ਼ਾ ਦੀ ਉਚੇਰੀ ਪੜ੍ਹਾਈ ਲਈ ਵਿਦਿਆਰਥੀਆਂ ਵਿੱਚ ਉਤਸ਼ਾਹ ਘੱਟਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਾਲਜਾਂ ਵਿੱਚ ਪੰਜਾਬੀ ਦੀਆਂ ਕਲਾਸਾਂ ਵਿੱਚ ਜਿੱਥੇ 60-70 ਵਿਦਿਆਰਥੀ ਹੋਇਆ ਕਰਦੇ ਸਨ, ਹੁਣ ਇਨ੍ਹਾਂ ਦੀ ਗਿਣਤੀ 10-12 ਤੀਕ ਰਹਿ ਗਈ ਹੈ। ਗ਼ਜ਼ਲ ਦੇ ਕੁਝ ਸ਼ਿਅਰਾਂ ਨਾਲ ਆਪਣੀ ਗੱਲ ਆਰੰਭ ਕਰਦਿਆਂ ਪ੍ਰੋ. ਸਿਮਰਨ ਅਕਸ ਨੇ ਕਿਹਾ ਕਿ ਪੰਜਾਬੀ ਬੋਲੀ ਨੂੰ ਖ਼ਤਰਾ ਬਾਹਰੋਂ ਕਿਤਿਉਂ ਨਹੀ, ਸਗੋਂ ਇਹ ਸਾਡੇ ਆਪਣੇ ਆਪ ਤੋਂ ਹੀ ਹੈ। ਉਨ੍ਹਾਂ ਕਿਹਾ ਕਿ ਜਿੰਨਾਂ ਚਿਰ ਅੱਖਰ ਚੱਲਦੇ ਹਨ ਤੇ ਸ਼ਬਦਾਂ ਦਾ ਸੰਚਾਰ ਹੁੰਦਾ ਰਹੇਗਾ, ਓਨਾ ਚਿਰ ਇਹ ਬੋਲੀ ਕਦੇ ਨਹੀਂ ਮਰ ਸਕਦੀ। ਉਨ੍ਹਾਂ ਕਿਹਾ ਕਿ ਸ਼ਬਦ ਕਦੇ ਮਰਦੇ ਨਹੀਂ। ਇਹ ਸਾਡੇ ਆਪਣੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਸ਼ਬਦਾਂ ਦਾ ਸੰਚਾਰ ਕਿਸ ਪੱਧਰ ਤੱਕ ਕਰਨਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਸੋਸ਼ਲ ਮੀਡੀਏ ਅਤੇ ਏ.ਆਈ. ਵੱਲੋਂ ਵੀ ਇਸ ਖ਼ੇਤਰ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਹੋਰ ਕਿਹਾ ਕਿ ਇਹ ਸਹੀ ਹੈ ਕਿ ਕਈ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨਾ ਕੀਤਾ ਜਾਂਦਾ ਹੈ ਪਰ ਦੂਸਰੇ ਪਾਸੇ ਸਰਕਾਰੀ ਸਕੂਲਾਂ ਵਿਚ ਕਿਸੇ ਵਿਦਿਆਰਥੀ ਨੂੰ ਫੇਲ੍ਹ ਹੀ ਨਹੀਂ ਕੀਤਾ ਜਾਂਦਾ, ਭਾਵੇਂ ਉਸ ਨੂੰ 'ਇੱਲ ਦਾ ਨਾਂ ਕੋਕੋ' ਵੀ ਨਾ ਆਉਂਦਾ ਹੋਵੇ। ਨਤੀਜੇ ਵਜੋਂ, ਦਸਵੀ ਦੇ ਇਮਤਿਹਾਨ ਵਿੱਚੋਂ ਵਿਦਿਆਰਥੀਆਂ ਦੀਆਂ ਪੰਜਾਬੀ ਵਿਸ਼ੇ ਵਿੱਚ ਕੰਪਾਰਟਮੈਂਟਾਂ ਆ ਰਹੀਆਂ ਹਨ। ਇਸ ਦੌਰਾਨ ਕਿਰਪਾਲ ਸਿੰਘ ਪੰਨੂੰ, ਸੁਰਜੀਤ ਕੌਰ, ਡਾ. ਸੁਖਦੇਵ ਸਿੰਘ ਝੰਡ, ਪ੍ਰੋ.ਜਗੀਰ ਸਿੰਘ ਕਾਹਲੋਂ ਤੇ ਨਾਟਕਕਾਰ ਨਾਹਰ ਸਿੰਘ ਔਜਲਾ ਵੱਲੋਂ ਵੀ ਪੰਜਾਬੀ ਬੋਲੀ ਦੇ ਭਵਿੱਖ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਕਰਨ ਅਜਾਇਬ ਸਿੰਘ ਸੰਘਾ ਵੱਲੋਂ ਇਸ ਸੈਸ਼ਨ ਦੀ ਕਾਰਵਾਈ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਸਮੇਟਿਆ ਗਿਆ ਅਤੇ ਸੈਸ਼ਨ ਦੇ ਸਮੂਹ ਬੁਲਾਰਿਆਂ ਦਾ ਧੰਨਵਾਦ ਕੀਤਾ ਗਿਆ। ਮਹਿਮਾਨ ਬੁਲਾਰਿਆਂ ਪ੍ਰੋ. ਕੁਲਜੀਤ ਕੌਰ, ਡਾ. ਨਰਿੰਦਰਜੀਤ ਕੌਰ ਤੇ ਪ੍ਰੋ. ਸਿਮਰਨ ਅਕਸ ਨੂੰ ਸਭਾ ਦੇ ਸ਼ਾਨਦਾਰ ਸਰਟੀਫ਼ੀਕੇਟਾਂ ਨਾਲ ਸਨਮਾਨਿਤ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਭਾਗ ਕਵੀ-ਦਰਬਾਰ ਨੂੰ ਉੱਘੇ ਪੰਜਾਬੀ ਕਵੀ ਸੁਰਜੀਤ ਪਾਤਰ ਦੀ ਨਿੱਘੀ ਯਾਦ ਨੂੰ ਸਮੱਰਪਿਤ ਕੀਤਾ ਗਿਆ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਪ੍ਰੋ.ਆਸ਼ਿਕ ਰਹੀਲ, ਐਡਵੋਕੇਟ ਦਰਸ਼ਨ ਸਿੰਧ ਦਰਸ਼ਨ,ਗਿਆਨ ਸਿੰਘ ਦਰਦੀ, ਹਰਭਜਨ ਕੌਰ ਗਿੱਲ ਤੇ ਸੁਰਿੰਦਰਜੀਤ ਕੌਰ ਸ਼ਾਮਲ ਸਨ। ਸੰਚਾਲਕ ਪਰਮਜੀਤ ਸਿੰਘ ਢਿੱਲੋਂ ਵੱਲੋਂ ਸੱਭ ਤੋਂ ਪਹਿਲਾਂ ਗਾਇਕ ਇਕਬਾਲ ਬਰਾੜ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਸ ਨੇ ਸੁਰਜੀਤ ਪਾਤਰ ਦੀ ਗ਼ਜ਼ਲ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ' ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕੀਤੀ। ਰਿੰਟੂ ਭਾਟੀਆ ਵੱਲੋਂ ਪਾਤਰ ਦਾ ਗੀਤ 'ਸ਼ਾਇਰ ਬਣ ਜਾ, ਬਿਹਬਲ ਹੋ ਜਾ, ਛੱਡ ਚਤਰਾਈਆਂ ਪਾਗ਼ਲ ਹੋ ਜਾ' ਸੁਣਾਇਆ। ਹਰਮੇਸ਼ ਜੀਂਦੋਵਾਲ ਵੱਲੋਂ ਪਾਤਰ ਦੀ ਗ਼ਜ਼ਲ 'ਬਲ਼ਦਾ ਬ੍ਰਿਖ ਹਾਂ ਖ਼ਤਮ ਹਾਂ, ਬੱਸ ਸ਼ਾਮ ਤੀਕ ਹਾਂ, ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ' ਪੇਸ਼ ਕੀਤੀ ਗਈ।

ਉਪਰੰਤ, ਪ੍ਰੀਤਮ ਧੰਜਲ, ਇਕਬਾਲ ਚਾਂਦ, ਨਾਹਰ ਔਜਲਾ, ਹੀਰਾ ਸਿੰਘ ਹੰਸਪਾਲ, ਪ੍ਰਿੰਸੀਪਲ ਗਿਆਨ ਸਿੰਘ ਘਈ, ਪ੍ਰੋ.ਜਗੀਰ ਸਿੰਘ ਕਾਹਲੋਂ, ਪ੍ਰੋ. ਆਸ਼ਕ ਰਹੀਲ, ਪ੍ਰੋ.ਕੁਲਜੀਤ ਕੌਰ, ਸੁਰਜੀਤ ਕੌਰ, ਸੁਰਿੰਦਰ ਸੂਰ, ਮਕਸੂਦ ਚੌਧਰੀ, ਡਾ. ਜਗਮੋਹਨ ਸੰਘਾ, ਡਾ.ਹਰਕੰਵਲਜੀਤ ਕੌਰਪਾਲ, ਡਾ. ਨਰਿੰਦਰਜੀਤ ਕੌਰ, ਡਾ. ਸੁਖਦੇਵ ਸਿੰਘ ਝੰਡ, ਪੰਜਾਬ ਸਿੰਘ ਕਾਹਲੋਂ, ਮਲੂਕ ਸਿੰਘ ਕਾਹਲੋਂ, ਹਰਜੀਤ ਬਾਜਵਾ, ਜੱਸੀ ਭੁੱਲਰ, ਸੁਰਿੰਦਰਜੀਤ ਕੌਰ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਕੌਰ ਗਿੱਲ, ਕਰਨ ਅਜਾਇਬ ਸਿੰਘ ਸੰਘਾ ਤੇ ਪਰਮਜੀਤ ਢਿੱਲੋਂ ਵੱਲੋਂ ਆਪਣੀਆਂ ਕਵਿਤਾਵਾਂ ਤੇ ਗੀਤ ਸੁਣਾਏ ਗਏ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਡਾ. ਸੁਖਦੇਵ ਸਿੰਘ ਝੰਡ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ। ਕਵੀਆਂ-ਕਵਿੱਤਰੀਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿੱਚ ਡਾ. ਪਰਗਟ ਸਿੰਘ ਬੱਗਾ, ਇੰਜੀ. ਈਸ਼ਰ ਸਿੰਘ, ਪ੍ਰੋ.ਸਿਕੰਦਰ ਸਿੰਘ ਗਿੱਲ, ਸ਼ਮਸ਼ੇਰ ਸਿੰਘ, ਸੁਜਾਨ ਸਿੰਘ ਸੁਜਾਨ, ਰਮਿੰਦਰ ਵਾਲੀਆ, ਹਰਦਿਆਲ ਸਿੰਘ ਝੀਤਾ, ਰਾਜੀਵ ਕੁਮਾਰ, ਪ੍ਰਤੀਕ ਸਿੰਘ, ਹਰਪਾਲ ਸਿੰਘ, ਆਸ਼ਾ ਰਾਣੀ, ਕਰਤਾਰੋ ਦੇਵੀ, ਹਰਭਿੰਦਰ ਕੌਰ, ਅਮਰਜੀਤ ਕੌਰ, ਪ੍ਰੋ. ਕੁਲਵੰਤ ਕੌਰ ਤੇ ਡਾ. ਇੰਦਰਜੀਤ ਕੌਰ ਸਮੇਤ ਕਈ ਹੋਰ ਹਾਜ਼ਰ ਸਨ।

# ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ-ਦਿਨ ਨੂੰ ਸਮੱਰਪਿਤ ਠੰਢੇ-ਮਿੱਠੇ ਜਲ ਦੀ ਛਬੀਲ ਗੋਰ ਸੀਨੀਅਰਜ਼ ਕਲੱਬ ਵੱਲੋਂ ਲਗਾਈ ਗਈ



ਬਰੈਂਪਟਨ, (ਡਾ. ਝੰਡ) – ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੋਰ ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹੀਦੀ ਨੂੰ ਯਾਦ ਕਰਦਿਆਂ ਠੰਢੇ-ਮਿੱਠੇ ਜਲ ਦੀ ਛਬੀਲ ਦਾ ਸ਼ਾਨਦਾਰ ਪ੍ਰਬੰਧ ਕੀਤਾ ਗਿਆ। ਕਲੱਬ ਦੇ ਪ੍ਰਧਾਨ ਸ. ਸੁਖਦੇਵ ਸਿੰਘ ਗਿੱਲ ਹੋਰਾਂ ਅਨੁਸਾਰ ਬੇਸ਼ਕ ਗੁਰੂ ਸਾਹਿਬ ਦਾ ਸ਼ਹੀਦੀ-ਦਿਵਸ ਇਸ ਵਾਰ 30 ਮਾਰਚ ਨੂੰ ਸੀ ਪਰ ਉਹ ਦਿਨ ਕਾਫ਼ੀ ਠੰਢਾ ਹੋਣ ਕਾਰਨ ਕਲੱਬ ਵੱਲੋਂ ਇਹ ਛਬੀਲ 4 ਜੂਨ ਨੂੰ ਲਗਾਉਣ ਦਾ ਫ਼ੈਸਲਾ ਕੀਤਾ ਗਿਆ। ਸੰਜੋਗ-ਵੱਸ ਏਸੇ ਹੀ ਦਿਨ ਪਿੰਗਲਵਾੜਾ ਸੰਸਥਾ ਦੇ ਬਾਨੀ ਪੂਰਨ ਸਿੰਘ ਜੀ ਦਾ ਜਨਮ-ਦਿਨ ਵੀ ਸੀ। ਇਨ੍ਹਾਂ ਦਿਨਾਂ ਵਿੱਚ ਹੀ 41 ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਕੰਪਲੈਕਸ ਵਿੱਚ 4 ਜੂਨ ਤੋਂ 6 ਜੂਨ 1984 ਨੂੰ ਬੇਹੱਦ ਦਰਦਨਾਕ ਘੱਲੂਘਾਰਾ ਵਾਪਰਿਆ ਸੀ ਜਿਸ ਨੂੰ ਭਾਰਤੀ ਫ਼ੌਜ ਵੱਲੋਂ 'ਨੀਲਾ ਤਾਰਾ ਆਪਰੇਸ਼ਨ' ਦਾ ਨਾਂ ਦਿੱਤਾ ਗਿਆ ਸੀ ਅਤੇ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਬੇਦੋਸ਼ੀਆਂ ਕੀਮਤੀ ਜਾਨਾਂ ਗਈਆਂ ਸਨ।

ਕਲੱਬ ਦੇ ਸਰਗ਼ਰਮ ਮੈਂਬਰ ਮਨਜੀਤ ਸਿੰਘ ਢੇਸੀ ਨੇ ਸਵੇਰੇ ਨੌਂ ਵਜੇ ਤੋਂ ਹੀ ਇਸ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਕੰਮ ਸ਼ੁਰੂ ਕਰ ਦਿੱਤਾ। ਛਬੀਲ ਲਈ ਜੋ ਵੀ 'ਰਸਦ' (ਦੁੱਧ, ਬਰਫ਼, ਰੂਹ-ਅਫ਼ਜ਼ਾ, ਖੰਡ, ਗਲਾਸ, ਵਗ਼ੈਰਾ) ਚਾਹੀਦੀ ਸੀ, ਇਕੱਠੀ ਕਰਕੇ 10.00 ਵਜੇ ਤੀਕ ਕਲੱਬ ਦੇ ਮੀਟਿੰਗ ਸੈਂਟਰ ਵਿੱਚ ਪਹੁੰਚਾ ਦਿੱਤੀ। ਬਾਅਦ ਵਿੱਚ ਗੁਰਦੇਵ ਸਿੰਘ ਜੌਹਲ ਅਤੇ ਗੁਰਨਾਮ ਸਿੰਘ ਜਿਨ੍ਹਾਂ ਨੂੰ ਪਿਆਰ ਤੇ ਸਤਿਕਾਰ ਨਾਲ ਸਾਰੇ 'ਮੰਤਰੀ' ਕਹਿ ਕੇ ਸੰਬੋਧਨ ਕਰਦੇ ਹਨ, ਨੇ ਛਬੀਲ ਦਾ ਲੋੜੀਂਦਾ ਜਲ ਤਿਆਰ ਕੀਤਾ ਅਤੇ ਅਰਦਾਸ ਉਪਰੰਤ ਗੋਰ ਰੋਡ ਤੇ ਐਬਨੇਜ਼ਰ ਰੋਡ ਦੇ ਚੌਰਸਤੇ ਨੇੜਲੇ ਬੱਸ-ਸਟਾਪ ਦੇ ਨਜ਼ਦੀਕ ਸਜਾਏ ਇੱਕ ਮੇਜ਼ ਉੱਪਰ ਰੱਖ ਦਿੱਤਾ ਤੇ ਆਉਂਦੇ-ਜਾਂਦੇ ਰਾਹਗੀਰਾਂ ਨੂੰ ਵਰਤਾਉਣਾ ਸ਼ੁਰੂ ਕਰ ਦਿੱਤਾ। ਛਬੀਲ ਵਰਤਾਉਣ ਦੀ ਇਹ ਸੇਵਾ ਹਰਨੇਕ ਸਿੰਘ ਗਰੇਵਾਲ, ਸੰਤੋਖ ਸਿੰਘ ਗਰੇਵਾਲ ਤੇ ਮਨਜੀਤ ਸਿੰਘ ਮੱਲ੍ਹਾ ਵੱਲੋਂ ਸਵੇਰੇ 11.00 ਤੋਂ ਸ਼ਾਮ ਦੇ 3.00 ਵਜੇ ਤੱਕ ਨਿਰੰਤਰ ਨਿਭਾਈ ਗਈ। ਠੰਢੇ-ਮਿੱਠੇ ਜਲ ਦੇ ਨਾਲ ਜੀਰੇ ਵਾਲੇ ਨਮਕੀਨ ਤੇ ਮਿੱਠੇ ਬਿਸਕੁਟਾਂ ਦੇ ਛੋਟੇ-ਛੋਟੇ ਪੈਕਟ ਵੀ ਬੱਸਾਂ ਤੋਂ ਉੱਤਰਦੀਆਂ ਤੇ ਚੜ੍ਹਦੀਆਂ ਸਵਾਰੀਆਂ ਤੇ ਆਉਂਦੇ-ਜਾਦੇ ਰਾਗੀਰਾਂ ਨੂੰ ਖਾਣ ਲਈ ਦਿੱਤੇ ਗਏ। ਪ੍ਰਬੰਧਕਾਂ ਦੇ ਇੱਕ ਅੰਦਾਜ਼ੇ ਅਨੁਸਾਰ 600 ਤੋਂ ਵਧੀਕ ਲੋਕਾਂ ਨੇ ਇਸ ਛਬੀਲ ਦਾ ਅਨੰਦ ਮਾਣਿਆਂ। ਇਸ ਦੇ ਨਾਲ ਹੀ ਰਾਹਗੀਰਾਂ ਨੂੰ ਇਸ ਛਬੀਲ ਦੀ ਮਹੱਤਤਾ ਅਤੇ ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਵੀ ਜਾਣਕਾਰੀ ਪੰਜਾਬੀ ਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿੱਚ ਦਿੱਤੀ ਗਈ। ਹੈਰਾਨੀ ਦੀ ਗੱਲ ਹੈ ਕਿ ਕਿ ਕਈ ਪੜ੍ਹੇ-ਲਿਖੇ ਪੰਜਾਬੀ ਬੱਚਿਆਂ ਨੂੰ ਵੀ ਇਸ ਦੇ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਨੂੰ ਆਪਣੀ ਪੜ੍ਹਾਈ ਦੇ ਨਾਲ-ਨਾਲ ਪੰਜਾਬ ਅਤੇ ਸਿੱਖ ਇਤਿਹਾਸ ਬਾਰੇ ਜਾਨਣ/ਪੜ੍ਹਨ ਦੀ ਵੀ ਪ੍ਰੇਰਨਾ ਕੀਤੀ ਗਈ।

ਛਬੀਲ ਦੀ ਇਸ ਸੇਵਾ ਲਈ ਗੁਰਨਾਮ ਸਿੰਘ, ਗੁਰਮੇਲ ਸਿੰਘ ਗਿੱਲ, ਤਰਲੋਕ ਸਿੰਘ ਸੰਧੂ, ਮਾਸਟਰ ਦਰਸ਼ਨ ਸਿੰਘ, ਦਲਵਿੰਦਰ ਸ਼ਰਮਾ, ਜਗਜੀਤ ਸਿੰਘ, ਝਲਮਣ ਸਿੰਘ, ਅਮਰਜੀਤ ਸਿੰਘ ਤੇ ਕਲੱਬ ਦੇ ਹੋਰ ਕਈ ਮੈਂਬਰਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਅਤੇ ਇਹ ਸਾਰਾ ਕੰਮ ਸਫ਼ਲਤਾ ਪੂਰਵਕ ਸੰਪੰਨ ਹੋਇਆ। ਕਲੱਬ ਦੇ ਸਮੂਹ ਮੈਂਬਰਾਂ ਨੇ ਇਸ ਸ਼ੁਭ ਕੰਮ ਲਈ ਮਾਇਕ ਤੇ ਹੋਰ ਸੇਵਾ ਵਿਚ ਆਪਣਾ ਹਿੱਸਾ ਪਾਇਆ ਅਤਤੇ ਅੱਗੋਂ ਵੀ ਏਸੇ ਤਰ੍ਹਾਂ ਅਜਿਹੇ ਕਾਰਜ ਕਰਨ ਦਾ ਸੰਕਲਪ ਲਿਆ।

GTA Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਕੀ ਤੁਹਾਡਾ ਵੀ ਹਰ ਵੇਲੇ ਮਿੱਠਾ ਖਾਣ ਦਾ ਮਨ ਕਰਦਾ ਹੈ?



ਜੇਕਰ ਤੁਹਾਨੂੰ ਵੀ ਹਰ ਥੋੜ੍ਹੀ ਦੇਰ ਵਿੱਚ ਮਿੱਠਾ ਖਾਣ ਦੀ ਬਹੁਤ ਜ਼ਿਆਦਾ ਤਲਬ ਮਹਿਸੂਸ ਹੁੰਦੀ ਹੈ ਅਤੇ ਤੁਸੀਂ ਇਸ 'Sugar Cravings' ਤੋਂ ਬਾਹਰ ਆਉਣਾ ਚਾਹੁੰਦੇ ਹੋ ਤਾਂ ਇਹ ਲੇਖ ਤੁਹਾਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ। ਚੰਗੀ ਖ਼ਬਰ ਇਹ ਹੈ ਕਿ ਇਸ ਮਿੱਠੇ ਦੀ ਲਤ ਨੂੰ ਛੱਡਣਾ ਮੁਸ਼ਕਲ ਨਹੀਂ, ਜਿੰਨਾ ਕਿ ਲੱਗਦਾ ਹੈ। ਜੀ ਹਾਂ, ਹਾਰਵਰਡ ਦੇ ਡਾਕਟਰ ਨੇ ਕੁਝ ਅਜਿਹੇ ਸ਼ਾਨਦਾਰ ਤਰੀਕੇ ਦੱਸੇ ਹਨ, ਜਿਨ੍ਹਾਂ ਨਾਲ ਤੁਸੀਂ ਆਪਣੀ ਮਿੱਠੇ ਦੀ ਚਾਹਤ ਨੂੰ ਹਮੇਸ਼ਾ ਲਈ ਸ਼ਾਂਤ ਕਰ ਸਕਦੇ ਹੋ ਅਤੇ ਇਕ ਸਿਹਤਮੰਦ ਜੀਵਨਸ਼ੈਲੀ ਨੂੰ ਅਪਣਾ ਸਕਦੇ ਹੋ।

**ਫਾਈਬਰ ਨਾਲ ਭਰਪੂਰ ਖੁਰਾਕ ਨੂੰ ਬਣਾਓ ਆਪਣੀ ਡਾਈਟ ਦਾ ਹਿੱਸਾ**

ਡਾਕਟਰ ਦਾ ਕਹਿਣਾ ਹੈ ਕਿ ਮਿੱਠੇ ਦੀ ਤਲਬ ਨੂੰ ਘਟਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਆਪਣੇ ਖਾਣੇ ਵਿਚ ਫਾਈਬਰ ਦੀ ਮਾਤਰਾ ਵਧਾਉਣਾ। ਦੱਸ ਦਈਏ ਕਿ ਫਾਈਬਰ ਵਾਲੇ ਚੋਦਸ ਪੇਟ ਨੂੰ ਲੰਬੇ ਸਮੇਂ ਤੱਕ ਭਰਿਆ ਰੱਖਦੇ ਹਨ, ਜਿਸ ਨਾਲ ਤੁਹਾਨੂੰ ਜਲਦੀ ਭੁੱਖ ਨਹੀਂ ਲੱਗਦੀ ਅਤੇ ਮਿੱਠਾ ਖਾਣ ਦੀ ਇੱਛਾ ਘਟਦੀ ਹੈ।

**ਕੀ ਖਾਓ?**

- ਸਾਬਤ ਅਨਾਜ: ਦਲੀਆ, ਬ੍ਰਾਊਨ ਰਾਇਸ, ਬਾਜਰਾ, ਰਾਗੀ।
- ਫਲ: ਸੇਬ, ਨਾਸ਼ਪਾਤੀ, ਬੇਰੀਜ਼ (ਸਟ੍ਰਾਬੇਰੀ, ਬਲੂਬੇਰੀ), ਸੰਤਰੇ, ਅਮਰੂਦ।
- ਸਬਜ਼ੀਆਂ: ਹਰੀ ਪੱਤੇਦਾਰ ਸਬਜ਼ੀਆਂ, ਬ੍ਰੋਕੋਲੀ, ਗਾਜਰ, ਮਟਰ।
- ਦਾਲਾਂ ਅਤੇ ਫਲੀਆਂ: ਚਨਾ, ਰਾਜਮਾ, ਮਸੂਰ ਦਾਲ।
- ਨਟਸ ਅਤੇ ਬੀਜ: ਬਾਦਾਮ, ਅਖਰੋਟ, ਚੀਆ ਸੀਡਸ, ਅਲਸੀ।

**ਖੰਡ ਦੀ ਥਾਂ ਫਲਾਂ ਨੂੰ ਚੁਣੋ**

ਜਦੋਂ ਵੀ ਮਿੱਠਾ ਖਾਣ ਦਾ ਮਨ ਕਰੇ ਤਾਂ ਤੁਰੰਤ ਕਿਸੇ ਕੈਂਡੀ ਜਾਂ ਪੇਸਟਰੀ ਦੀ ਥਾਂ ਤਾਜ਼ਾ ਫਲ ਖਾਓ। ਫਲਾਂ ਵਿਚ ਕੁਦਰਤੀ ਮਿਠਾਸ ਹੁੰਦੀ ਹੈ ਅਤੇ ਨਾਲ ਹੀ ਇਨ੍ਹਾਂ ਵਿਚ ਵਿਟਾਮਿਨ, ਮਿਨਰਲ ਅਤੇ ਫਾਈਬਰ ਵੀ ਭਰਪੂਰ ਮਾਤਰਾ ਵਿਚ ਹੁੰਦੇ ਹਨ, ਜੋ ਤੁਹਾਡੇ ਸਿਹਤ ਲਈ ਬਹੁਤ ਫਾਇਦੇਮੰਦ ਹਨ।

**ਕਿਵੇਂ ਕਰੋ ਬਦਲਾਅ?**

- ਮਿੱਠੇ ਸਨੈਕਸ ਦੀ ਥਾਂ ਇਕ ਕੇਲਾ, ਇਕ ਸੇਬ ਜਾਂ ਕੁਝ ਅੰਗੂਰ ਖਾਓ।
- ਆਪਣੀ ਸਮੂਦੀ ਵਿਚ ਮਿੱਠੇ ਦੀ ਥਾਂ ਖਜੂਰ ਜਾਂ ਥੋੜਾ ਸ਼ਹਿਦ ਪਾਓ।
- ਜੇਕਰ ਤੁਹਾਨੂੰ ਡੇਜ਼ਰਟ ਪਸੰਦ ਹਨ ਤਾਂ ਫਰੂਟ ਕਸਟਰਡ ਜਾਂ ਫਰੂਟ ਚਾਟ ਵਰਗੇ ਬਦਲ ਅਜ਼ਮਾਓ।

**ਪ੍ਰੋਟੀਨ ਅਤੇ ਹੈਲਦੀ ਫੈਟ ਵੀ ਜ਼ਰੂਰੀ ਹਨ**

ਫਾਈਬਰ ਦੇ ਨਾਲ-ਨਾਲ, ਆਪਣੀ ਖੁਰਾਕ ਵਿਚ ਪ੍ਰੋਟੀਨ ਅਤੇ ਹੈਲਦੀ ਫੈਟ ਨੂੰ ਵੀ ਸ਼ਾਮਲ ਕਰੋ। ਇਹ ਦੋਵੇਂ ਚੀਜ਼ਾਂ ਵੀ ਪੇਟ ਨੂੰ ਭਰਿਆ ਰੱਖਦੀਆਂ ਹਨ ਅਤੇ ਬਲੱਡ ਸ਼ੂਗਰ ਦੇ ਪੱਧਰ ਨੂੰ ਸਥਿਰ ਰੱਖਣ ਵਿਚ ਮਦਦ ਕਰਦੀਆਂ ਹਨ, ਜਿਸ ਨਾਲ ਅਚਾਨਕ ਮਿੱਠੇ ਦੀ ਤਲਬ ਨਹੀਂ ਉੱਠਦੀ।

**ਕੀ ਖਾਓ?**

- ਪ੍ਰੋਟੀਨ: ਅੰਡੇ, ਦਾਲਾਂ, ਪਨੀਰ, ਦਹੀਂ, ਚਿਕਨ, ਮੱਛੀ।
- ਹੈਲਦੀ ਫੈਟ: ਐਵੋਕਾਡੋ, ਨਟਸ, ਬੀਜ, ਜੈਤੂਨ ਦਾ ਤੇਲ।

**ਭਰਪੂਰ ਪਾਣੀ ਪੀਓ**

ਕਈ ਵਾਰੀ ਸਾਨੂੰ ਲੱਗਦਾ ਹੈ ਕਿ ਸਾਨੂੰ ਭੁੱਖ ਲੱਗੀ ਹੈ ਜਾਂ ਮਿੱਠਾ ਖਾਣ ਦਾ ਮਨ ਕਰ ਰਿਹਾ ਹੈ, ਜਦਕਿ ਅਸਲ ਵਿਚ ਅਸੀਂ ਪਿਆਸੇ ਹੁੰਦੇ ਹਾਂ। ਪਾਣੀ ਪੀਣ ਨਾਲ ਸਿਰਫ਼ ਸਰੀਰ ਹਾਈਡਰੇਟ ਰਹਿੰਦਾ ਹੈ, ਸਗੋਂ ਇਹ ਬੇਕਾਰ ਦੀਆਂ ਕਰੇਵਿੰਗ ਨੂੰ ਵੀ ਘਟਾਉਣ ਵਿਚ ਮਦਦ ਕਰਦਾ ਹੈ।

**ਤਣਾਅ ਘਟਾਓ ਅਤੇ ਚੰਗੀ ਨੀਂਦ ਲਓ**

ਤਣਾਅ ਅਤੇ ਨੀਂਦ ਦੀ ਕਮੀ ਵੀ ਮਿੱਠੇ ਦੀ ਤਲਬ ਨੂੰ ਵਧਾ ਸਕਦੀ ਹੈ। ਜਦੋਂ ਤੁਸੀਂ ਤਣਾਅ ਵਿਚ ਹੁੰਦੇ ਹੋ ਤਾਂ ਤੁਹਾਡਾ ਸਰੀਰ ਕੋਰਟਿਸੋਲ ਹਾਰਮੋਨ ਰਿਲੀਜ਼ ਕਰਦਾ ਹੈ, ਜਿਸ ਨਾਲ ਮਿੱਠਾ ਖਾਣ ਦੀ ਇੱਛਾ ਵਧ ਜਾਂਦੀ ਹੈ। ਇਸੇ ਤਰ੍ਹਾਂ, ਲੋੜੀਂਦੀ ਨੀਂਦ ਨਾ ਲੈਣ ਨਾਲ ਵੀ ਸਰੀਰ ਦੀ ਭੁੱਖ ਅਤੇ ਸੰਤੁਸ਼ਟੀ ਨੂੰ ਕੰਟਰੋਲ ਕਰਨ ਵਾਲੇ ਹਾਰਮੋਨ ਅਸੰਤੁਲਿਤ ਹੋ ਜਾਂਦੇ ਹਨ।

ਇਸ ਲਈ, ਤਣਾਅ ਘਟਾਉਣ ਲਈ ਯੋਗ, ਧਿਆਨ ਜਾਂ ਆਪਣੀ ਪਸੰਦ ਦੀ ਕੋਈ ਵੀ ਗਤੀਵਿਧੀ ਕਰੋ। ਇਸ ਤੋਂ ਇਲਾਵਾ, ਰੋਜ਼ਾਨਾ 7-8 ਘੰਟੇ ਦੀ ਨੀਂਦ ਲੈਣ ਦੀ ਕੋਸ਼ਿਸ਼ ਕਰੋ।

# ਪੈਸਾ

ਇਸ ਦੁਨੀਆਂ ਦੇ ਅੰਦਰ,
ਮੈਂ ਕੀ ਦੇਖਦੀ ਹਾਂ ।
ਕਿ ਹਰ ਪਾਸੇ ਦਿੱਸਦਾ ਏ,
ਪੈਸੇ ਦਾ ਰੌਲਾ।
ਕਿਸੇ ਚੰਗੇ ਦਿਲ ਦੀ,
ਕੋਈ ਕੀਮਤ ਨਹੀਂ ਹੈ।
ਦੁਨੀਆਂ ਤੇ ਇੱਕੋ ਹੈ,
ਪੈਸੇ ਦਾ ਰੌਲਾ।

ਪੈਸੇ ਦੀ ਖ਼ਾਤਰ,
ਦਿਲਾਂ ਤਾਈਂ ਤੋੜਨ।
ਦੌਲਤ ਦੇ ਪਿੱਛੇ,
ਹੈ ਸੰਸਾਰ ਭੱਜਦਾ।
ਪੈਸੇ ਦੀ ਖ਼ਾਤਰ,
ਹੁੰਦੇ ਕਤਲ ਨੇ।
ਲੱਖਾਂ ਦਾ ਮਾਲਕ,
ਬੰਦਾ ਨਾ ਰੱਜਦਾ।

ਹਾਏ ਪੈਸਾ, ਹਾਏ ਪੈਸਾ,
ਬੁੱਲਾਂ ਦਾ ਗੀਤ ਏ।
ਸੋਨੇ ਤੇ ਚਾਂਦੀ ਨੂੰ ,
ਦੁਨੀਆਂ ਹੈ ਗਾਉਂਦੀ।
ਪੈਸੇ ਦੀ ਖ਼ਾਤਰ,
ਭਰਾਵਾਂ 'ਚ ਝਗੜੇ।
ਪੈਸੇ ਦੀ ਖ਼ਾਤਰ ਹੀ,
ਵੰਡੀਆਂ ਇਹ ਪਾਉਂਦੀ ।

ਅੱਜ ਪੈਸੇ ਦਾ ਰੁਤਬਾ,
ਰੱਬ ਤੋਂ ਵੀ ਉੱਚਾ।
ਪੈਸੇ ਲਈ ਮਾਰਦਾ ਹੈ,
ਸੰਸਾਰ ਸਾਡਾ।
ਨਾਂ ਇਖ਼ਲਾਕ ਦਿਸੇ,
ਨਾ ਦਿਸਦਾ ਧਰਮ ਹੈ।
ਕੇਵਲ ਅੱਜ ਦੀ ਦੁਨੀਆਂ ,
ਦਾ ਪੈਸਾ ਸਹਾਰਾ ।

ਦੀਪ, ਲੁਧਿਆਣਵੀ।

# ਲਹਿਰਾਂ

ਸਮੁੰਦਰ ਦੀਆਂ ਸ਼ਾਂਤ ਲਹਿਰਾਂ
ਨੂੰ ਦੇਖ ਕੇ ਅੱਗੇ ਵੱਧੇ ਤਾਂ
ਅਚਾਨਕ ਹੀ ਕੁਝ ਪਲਾਂ
ਵਿੱਚ ਸ਼ਾਂਤ ਲਹਿਰਾਂ ਉੱਚੀਆਂ
ਉਠਦੀਆਂ ਤੇਜ਼ ਲਹਿਰਾਂ
ਵਿੱਚ ਤਬਦੀਲ ਹੋ ਕੇ ਅੱਗ
ਵਾਂਗ ਅੱਗੇ ਵੱਧਣ ਲੱਗੀਆਂ
ਉੱਚੀਆਂ ਲਹਿਰਾਂ ਦਾ ਸ਼ੋਰ
ਦਿਲ ਦਹਿਲਾਉਣ ਲੱਗੀਆਂ
ਕੁਝ ਲਹਿਰਾਂ ਤਾਂ ਬਹੁਤ ਹੀ
ਨਜ਼ਦੀਕੀ ਤੋਂ ਗੁਜ਼ਰਨ ਲੱਗੀਆਂ
ਜਿਵੇਂ ਕੋਈ ਮੌਤ ਦਾ ਸਾਇਆ
ਬਣ ਕੋਲੋਂ ਹੋਣ ਗੁਜ਼ਰੀਆਂ
ਨਾਲ ਲੈ ਕੇ ਜਾਣ ਦੀ
ਚਾਹਤ ਹੋਣ ਰੱਖਦੀਆਂ
ਮੌਤ੍ਰ ਨੂੰ ਏਨੇ ਪਾਸ ਹੋਣ ਦਾ
ਅਹਿਸਾਸ ਕਰਾ ਤੁਰੀਆਂ
ਕਿ ਅੱਗੇ ਵੱਧਦੇ ਕਦਮਾਂ ਨੂੰ
ਪਿਛਾਂਹ ਕਰ ਤੁਰੀਆਂ
ਇਹ ਸ਼ੋਰ ਮਚਾਉਂਦੀਆਂ ਹੋਈਆਂ
ਲਹਿਰਾਂ ਕਿ ਕੋਲੋਂ ਹੋ ਤੁਰੀਆਂ
ਜ਼ਿੰਦਗੀ ਮੌਤ ਦੀ ਦਾਸਤਾਨ
ਸੁਣਾ ਤੁਰੀਆਂ।


ਪਰਮਬੀਰ ਕੌਰ ਰਿਆੜ

# ਅਭੁੱਲ ਯਾਦ ਬਣੀ - ਦੁਬਈ ਡੈਜ਼ਰਟ ਸਫਾਰੀ




ਅੱਜ ਚਮਕ ਦਮਕ ਵਾਲੇ ਸ਼ਹਿਰ ਤੋਂ ਦੂਰ ਰੇਗਿਸਤਾਨ ਦਾ ਵੱਖਰਾ ਅਨੁਭਵ ਲੈਣ ਲਈ ਸੁੰਦਰ ਅਤੇ ਸ਼ਾਂਤੀਪੂਰਨ ਦੁਬਈ ਡੈਜ਼ਰਟ ਸਫਾਰੀ ਕੰਜ਼ਰਵੇਸ਼ਨ ਰਿਜ਼ਰਵ, ਦੀ ਇੱਕ ਰੋਮਾਂਚਕ ਟਿੱਬੇ ਦੀ ਡ੍ਰਾਈਵ ਦਾ ਆਨੰਦ ਲਿਆ। ਸ਼ਹਿਰ ਦੀ ਗੂੰਜ ਤੋਂ ਦੂਰ ਕਦੇ ਨਾ ਭੁੱਲਨ ਵਾਲਾ ਅਨੁਭਵ ਮਹਿਸੂਸ ਹੋਇਆ। ਰੇਗਿਸਤਾਨੀ ਇਲਾਕੇ 'ਚ ਸੂਰਜ ਡੁੱਬਣ ਦਾ ਦ੍ਰਿਸ਼ ਉੱਥੇ ਹਰ ਵਿਅਕਤੀ ਨੂੰ ਇੱਕ ਯਾਦ ਦੇ ਜਾਂਦਾ ਹੈ।

ਦੁਬਈ ਡੈਜ਼ਰਟ ਸਫਾਰੀ ਅੰਤਰਰਾਸ਼ਟਰੀ ਟੂਰਿਸਟਾਂ ਲਈ ਇੱਕ ਮੁੱਖ ਆਕਰਸ਼ਣ ਹੈ। ਇੱਥੇ ਆਉਣ ਵਾਲੇ ਲੱਖਾਂ ਲੋਕ ਦੁਬਈ ਸੱਭਿਆਚਾਰਕ ਅਤੇ ਰਵਾਇਤੀ ਪੱਖ ਦਾ ਅਨੁਭਵ ਕਰਦੇ ਹਨ। ਸੱਭ ਤੋਂ ਵੱਧੀਆ ਡੈਜ਼ਰਟ ਸਫਾਰੀ ਦੁਬਈ ਸੁੰਦਰ ਅਰਬੀ ਰੇਗਿਸਤਾਨਾਂ 'ਚ ਆਪਣੀਆਂ ਜੜਾਂ ਲੱਭਦੀ ਹੈ, ਜਿੱਥੇ ਸਿਰਫ ਇੱਕ ਸਦੀ ਪਹਿਲਾਂ ਲੋਕ ਤੰਬੂਆਂ 'ਚ ਰਹਿੰਦੇ ਸਨ। ਅਤੇ ਊਠਾਂ 'ਤੇ ਸਫਰ ਕਰਦੇ ਸਨ। ਉਸ ਸਮੇਂ ਕੋਈ ਟੀਵੀ ਵਗੈਰਾ ਨਹੀਂ ਸਨ। ਉਹ ਡਾਂਸ ਪ੍ਰਦਰਸ਼ਨ ਅਤੇ ਖੇਡ ਸਮਾਗਮਾਂ ਨਾਲ ਆਪਣਾ ਮਨੋਰੰਜਨ ਕਰਦੇ ਸੀ। ਸਾਂਨਕ ਲੋਕ ਆਣੀਆਂ ਜੜਾਂ ਨੂੰ ਨਹੀਂ ਭੁੱਲੇ ਹਨ ਅਤੇ ਟੂਰਿਸਟਾਂ ਨੂੰ ਇੱਕ ਚੰਗੀ ਤਰ੍ਹਾਂ ਸੰਗਠਿਤ ਡੇਜ਼ਰਟ ਯਾਨਿ ਮਰੂਥਲ ਸਫਾਰੀ ਟੂਰ 'ਤੇ ਅਨੁਭਵ ਕਰਨ ਲਈ ਇਨਾਂ ਸਾਰੀਆਂ ਪਰੰਪਰਾਵਾਂ ਨੂੰ ਜ਼ਿੰਦਾ ਰੱਖਿਆ ਹੈ।



**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਅੱਜ ਦੁਬਈ ਦੇ ਨਾਂ ਨਾਲ ਜਾਣਿਆ ਜਾਂਦਾ ਖੇਤਰ ਇੱਕ ਸਮੇਂ ਇੱਕ ਵਿਸ਼ਾਲ ਰੇਗਿਸਤਾਨ ਸੀ। ਜੋ ਮੀਲਾਂ ਤੱਕ ਫੈਲਿਆ ਹੋਇਆ ਸੀ। ਖਾਨਾਬਦੋ ਸ਼ਲੋਕ ਇੱਥੇ ਕੈਂਪਾਂ 'ਚ ਰਹਿੰਦੇ ਸਨ ਅਤੇ ਲੋੜ ਪੈਣ 'ਤੇ ਨੇੜਲੇ ਇਲਾਕਿਆਂ 'ਚ ਊਠਾਂ ਉੱਤੇ ਸਫਰ ਕਰਦੇ ਸਨ। ਇਹ 20ਵੀਂ ਸਦੀ ਤੱਕ ਜੀਵਨ ਦਾ ਤਰੀਕਾ ਸੀ। ਜਦੋਂ ਇਸ ਖੇਤਰ 'ਚ ਤੇਲ ਦੀ ਖੋਜ ਕੀਤੀ ਗਈ, ਨਤੀਜੇ ਵੱਜੋਂ ਖੇਤਰ ਬਦਲ ਗਿਆ, ਅਤੇ ਅੱਜ ਇਹ ਵਿਸ਼ਵ ਦਾ ਪ੍ਰਮੁੱਖ ਆਰਥਿਕ ਖੇਤਰ ਬਣ ਗਿਆ ਹੈ। ਹਾਲਾਂ ਕਿ ਲੋਕਲ ਲੋਕ ਅਜੇ ਵੀ ਆਪਣੀਆਂ ਬੇਦੋਇਨ ਪਰੰਪਰਾਵਾਂ ਅਤੇ ਵਿਰਾਸਤ ਨੂੰ ਸੁਰੱਖਿਅਤ ਰੱਖਣ 'ਚ ਦਿਲਚਸਪੀ ਰੱਖਦੇ ਹਨ। ਇਹ ਸੋਚ ਨੇ 80 ਦੇ ਦਹਾਕੇ ਦੇ ਅਖੀਰ 'ਚ ਡੈਜ਼ਰਟ ਸਫਾਰੀ ਸਾਹਸ ਦੀ ਸਥਾਪਨਾ ਕੀਤੀ। ਟੈਨੋਲੋਜੀ ਹੋਣ ਦੇ ਨਾਲ-ਨਾਲ ਸਾਲਾਂ ਦੌਰਾਣ ਇਸ 'ਚ ਬੜੇ ਸਾਰੇ ਬਦਲਾਅ ਹੋਏ ਹਨ। ਉਦਾਹਰਨ ਦੇ ਲਈ, ਡੂਨ ਵੇਸ਼ਿੰਗ ਰਾਈਡਜ, ਕਵਾਡ ਬਾਈਕਿੰਗ, ਹੋਟ ਏਅਰ ਬੈਲੂਨ ਰਾਈਡਜ ਵਰਗੀਆਂ ਗਤੀਵਿਧੀਆਂ ਨੂੰ ਹਾਲ ਹੀ 'ਚ ਜੋੜਿਆ ਗਿਆ ਹੈ। ਰਗਿਸਤਾਨ ਸਫਾਰੀ ਕੈਂਪ ਦੀਆਂ ਸਹੂਲਤਾਂ ਨੂੰ ਪਖਾਨੇ ਅਤੇ ਏਅਰ ਕੰਡੀਸ਼ਨ ਜੋੜ ਕੇ ਅਪਗ੍ਰੇਡ ਕੀਤਾ ਗਿਆ ਹੈ। ਅਜਿਹੇ ਵਿਕਾਸ ਨੇ ਸਫਾਰੀ ਟੂਰ ਦੀ ਪ੍ਰਸਿੱਧੀ 'ਚ ਵਾਧਾ ਕੀਤਾ ਹੈ। ਪਿਛਲੇ ਸਾਲਾਂ 'ਚ ਡੈਜ਼ਰਟ ਸਫਾਰੀ ਯਾਤਰਾ ਅਤੇ ਏਟੀਵੀ ਟੂਰ ਨੂੰ ਦੁਬਈ 'ਚ ਸੱਭ ਤੋਂ ਮਸ਼ਹੂਰ ਗਤੀਵਿਧੀਆਂ 'ਚ ਨੰਬਰ 2 ਸਥਾਨ 'ਤੇ ਦਰਜ ਕੀਤਾ ਗਿਆ ਹੈ। ਰੇਗਿਸਤਾਨ ਦੇ ਹਰ ਇੰਚ ਖੇਤਰ ਨੂੰ ਜਾਣਣ ਵਾਲੇ ਮਾਹਿਰ ਗਾਈਡ ਤੁਹਾਡੇ ਅਨੁਭਵ ਨੂੰ ਯਾਦਗਾਰ ਬਣਾ ਦਿੰਦੇ ਹਨ।

ਊਠ ਅਰਬ ਸੱਭਿਆਚਾਰ ਦਾ ਇੱਕ ਅਨਿਖੜਵਾਂ ਅੰਗ ਰਹੇ ਹਨ ਅਤੇ ਅਸਲ 'ਚ ਅਤੀਤ 'ਚ ਅਵਾਜਾਈ ਦਾ ਮੁੱਖ ਸਾਧਨ ਸਨ। ਇਹਨਾਂ ਦੀ ਵਰਤੋਂ ਵਪਾਰ ਕਰਨ, ਯਾਤਰਾ ਕਰਨ ਅਤੇ ਮਾਲ ਨੂੰ ਇੱਕ ਥਾਂ ਤੋਂ ਦੂਜੀ ਤੱਕ ਪਹੁੰਚਾਉਣ ਲਈ ਕੀਤੀ ਜਾਂਦੀ ਸੀ। ਸਥਾਨਕ ਲੋਕਾਂ ਨੇ ਊਠਾਂ ਦੀ ਨਸਲ ਅਤੇ ਸੰਭਾਲ ਲਈ ਊਠਾਂ ਦੇ ਫਾਰਮ ਬਣਾਏ ਹੋਏ ਹਨ। ਦੁਬਈ ਡੈਜ਼ਰਟ ਸਫਾਰੀ ਟੂਰ ਦੌਰਾਣ ਤੁਸੀਂ ਊਠ ਫਾਰਮਾਂ 'ਤੇ ਜਾ ਕੇ ਸਫਾਰੀ ਦਾ ਆਨੰਦ ਵੀ ਲੈ ਸਕਦੇ ਹੋ। ਤਨੂਰਾ ਵਾਂਗ, ਇੱਕ ਮਰਦ ਡਾਂਸਰ ਦੁਆਰਾ ਲੋਕਧਾਰਾ ਡਾਂਸ, ਸੂਫੀਆ 'ਚ ਇਸਦੀ ਸ਼ੁਰੂਆਤ ਦੇ ਨਤੀਜੇ ਵੱਜੋਂ, ਇਹ ਦੁਬਈ ਦੇ ਸੱਭ ਤੋਂ ਪ੍ਰਸਿੱਧ ਆਕਰਸ਼ਨਾਂ 'ਚੋਂ ਇੱਕ ਬਣ ਗਿਆ ਹੈ। ਡਾਂਸਰ ਇੱਕ ਵਜ਼ਨਦਾਰ ਸਕਰਟ ਪਹਿਨਦੇ ਹਨ, ਜਿਸਨੂੰ ਤਨੂਰਾ ਕਿਹਾ ਜਾਂਦਾ ਹੈ। ਪੂਰੇ ਡਾਂਸ ਦੌਰਾਣ ਕਲਾਕਾਰ ਘੁੰਮਦਾ ਰਹਿੰਦਾ ਹੈ। ਇਸ ਤੋਂ ਬਾਅਦ ਧੀਮੇ ਤਾਲ ਵਾਲੇ ਸੰਗੀਤ ਦੇ ਟੁੱਕੜੇ 'ਤੇ ਯੰਗ ਵੂਮੇਨ ਦੁਆਰਾ ਉਸੇ ਸ਼ੈਲੀ 'ਚ ਬੇਲੀ ਡਾਂਸ ਕੀਤਾ ਜਾਂਦਾ ਹੈ। ਆਖਿਰ 'ਚ ਇੱਕ ਫਾਇਰ ਸ਼ੋਅ ਹੁੰਦਾ ਹੈ। ਜੋ ਨਿਸ਼ਚਿਤ ਤੌਰ 'ਤੇ ਇੱਕ ਦਲੇਰਾਨਾ ਗਤੀਵਿਧੀ ਹੈ। ਕਿਉਂਕਿ ਪ੍ਰਦਰਸ਼ਨਕਾਰ ਸ਼ਾਨਦਾਰ ਡਿਸਪਲੇ ਬਣਾਉਣ 'ਚ ਵੱਖ-ਵੱਖ ਪ੍ਰੋਪਸ, ਜਿਵੇਂ ਕਿ ਪੋਈ, ਸਟਾਫ ਜਾਂ ਫਾਇਰ ਫੇਨ ਦੀ ਵਰਤੋਂ ਕਰਦੇ ਹਨ। ਉਹ ਅੱਗ ਬੁਝਾਣ ਵਾਲੇ ਵੀ ਕਰਦੇ ਹਨ ਜਦੋਂ ਉ ਹਇੱਕ ਖੁੱਲੀ ਲਾਟ ਉੱਤੇ ਬਾਲਣ ਦੀ ਇੱਕ ਵੱਧੀਆ ਧੁੰਦ ਨੂੰ ਬਾਹਰ ਕੱਢ ਕੇ ਅੱਗ 'ਚ ਹੇਰਾਫੇਰੀ ਵੀ ਕਰਦੇ ਹਨ।

ਮਨੋਰੰਜਨ ਅਤੇ ਬੁਫੇ ਤੋਂ ਇਲਾਵਾ, ਕੈਂਪ ਸਾਈਟ'ਤੇ ਕੁੱਝ ਪਰਿਵਾਰਕ ਅਨੁਕੂਲ ਗਤੀਵਿਧੀਆਂ ਵੀ ਪੇਸ਼ ਕੀਤੀਆਂ ਜਾਂਦੀਆਂ ਹਨ। ਇਹਨਾਂ 'ਚ ਹੇਨਾ ਪੇਟਿੰਗ, ਸੈਸ਼ਨ ਸ਼ਾਮਲ ਹਨ ਜਿੱਥੇ ਇੱਕ ਮਾਹਿਰ ਡਿਜ਼ਾਈਨਰ ਤੁਹਾਡੇ ਸਰੀਰ 'ਤੇ ਸੁੰਦਰ 'ਤੇ ਆਕਰਸ਼ਕ ਗਿਜ਼ਾਇਨ ਤਿਆਰ ਕਰਦਾ ਹੈ। ਹੇਨ ਦੀਆਂ ਪੇਂਟਿੰਗਾਂ ਪ੍ਰਾਚੀਨ ਮਿਸਰ ਦੀਆਂ ਹਨ, ਅਤੇ ਇਹ ਡਿਜ਼ਾਇਨ ਵਿਅਕਤੀਆਂ ਅਤੇ ਜੋੜਿਆਂ ਲਈ ਚੰਗੀ, ਉਪਜਾਊ ਸ਼ਕਤੀ ਬੱਧੀ ਅਤੇ ਸੁਰੱਖਿਆ ਲਈ ਸਨ।

**ਖਾਸ ਗੱਲਾਂ:**

* ਬਾਰਬੀਕਿਊ ਬੂਫੇ 'ਚ ਲੇਂਬ ਚੋਪਸ, ਕਬਾਬ ਗਰਿੱਲਡ ਚਿਕਨ ਹਮਸ ਦੇ ਨਾਲ ਪਰੋਸਿਆ ਜਾਂਦਾ ਹੈ ਅਤੇ ਗਰਮ ਸਾਸ ਜੋ ਯਕੀਨੀ ਤੌਰ 'ਤੇ ਸੁਆਦ ਵਧਾ ਦਿੰਦੀ ਹੈ। ਇੱਥੇ ਸਟਾਰਟਰ 'ਚ ਸਲਾਦ, ਤਬੁਲੇਹ, ਫੈਟੂਸ਼ ਅਤੇ ਅਰਬੀ ਰੋਟੀ ਦਾ ਅਨੰਦ ਵੀ ਲਿਆ ਜਾਂਦਾ ਹੈ।

* ਡੈਜ਼ਰਟ ਸਫਾਰੀ ਡ੍ਰਾਈਵ ਦੌਰਾਣ ਰਸਤੇ 'ਚ ਕਈ ਜਾਦੂਈ ਕੈਂਪਸਾਈਟ ਆਉਂਦੇ ਹਨ। ਜਿੱਥੇ ਰਵਾਇਤੀ ਲਾਈਵ ਸ਼ੋਅ ਦਿਖਾਏ ਜਾਂਦੇ ਹਨ।

* ਬਾਜ਼ ਯੂਏਈ ਦਾ ਇੱਕ ਸੱਭਿਆਚਾਰਕ ਪ੍ਰਤੀਕ ਹੈ ਅਤੇ ਅਤੀਤ 'ਚ ਲੋਕ ਹਿਨਾਂ ਪੰਛੀਆਂ ਦੀ ਵਰਤੋਂ ਇਹਨਾਂ ਧਰਤੀਆਂ 'ਤੇ ਯਾਤਰਾ ਕਰਦੇ ਸਮੇਂ ਸ਼ਿਕਾਰ ਕਰਨ ਲਈ ਕਰਦੇ ਸਨ। ਭਾਵੇਂ ਅੱਜਕਲ ਸ਼ਾਇਦ ਹੀ ਕੋਈ ਸ਼ਿਕਾਰ ਕਰਦਾ ਹੋਵੇ, ਪਰ ਸਥਾਨਕ ਲੋਕਾਂ ਨੇ ਜੇ ਹੋ ਸਕੇ ਤਾਂ ਆਪਣੀ ਪਰੰਪਰਾ ਨੂੰ ਜ਼ਿੰਦਾ ਰੱਖਿਆ ਹੈ। ਚਾਹਵਾਨ ਬਾਜ਼ ਨਾਲ ਫੋਟੋ ਕੱਲਿਕ ਕਰਕੇ ਯਾਦਗਾਰ ਬਣਾ ਲੈਂਦੇ ਹਨ।

**ਨੋਟ:** ਛੋਟੇ ਬੱਚੇ, ਬਜ਼ੁਰਗ, ਗਰਭਵਤੀ ਔਰਤਾਂ, ਕਮਜ਼ੋਰ ਦਿਲ ਵਾਲੇ, ਪਿੱਠ ਦਰਦ ਤੋਂ ਪ੍ਰੇਸ਼ਾਨ ਲੋਕ ਡੈਜ਼ਰਟ ਸਫਾਰੀ ਕਰਨ ਤੋਂ ਪਹਿਲਾਂ ਜ਼ਰੂਰ ਸੋਚਣ, ਸਮੱਸਿਆ ਵੀ ਹੋ ਸਕਦੀ ਹੈ।

TOPLINK
TOPLINK LOAN & LEASING INC.

Services: Truck Finance, Trailer Finance, Heavy Equipment Finance, Pre-Owned Inventory
LOCATIONS:
#14 - 6965 Davand Drive, Mississauga, ON L5T1Y6, Tel: (905) 565-866, Email: info@toplinkloanandleasing.com
#205 - 31549 South Fraser Way, Abbotsford, BC V2T 4A3, Tel: (778) 716-8667
2040 Logan Avenue, Winnipeg, MB R2R 0H9, Tel: (204) 480-9600

AZ DRIVERS & OWNER OPERATORS NEEDED
ਅਮਰੀਕਾ ਲਈ ਏ ਜ਼ੈਡ ਡਰਾਈਵਰ ਅਤੇ ਓਨਰ ਔਪਰੇਟਰ ਚਾਹੀਦੇ ਹਨ
Call: Balkar, Harry 905-791-3090
Hunter Express Ltd
1940 Steeles Ave., E.
Brampton, ON
Toll Free: 1-866-659-2300
www.hunterexpress.ca
* Competitive Pay Rates
* Steady Work
* Dedicated Run
* Satellite Dispatch
* Safety Bonus


RESIDENTIAL OR COMMERCIAL
REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਾਵੇਂ ਘਰ ਹੋਵੇ, ਵਿਓਪਾਰ ਹੋਵੇ ਜਾਂ ਇਨਵੈਸਟਮੈਂਟ ਹੋਵੇ, ਕੁਲਵਿੰਦਰ ਨਿੱਜਰ ਨਾਲ ਸੰਪਰਕ ਕਰੋ

KULWINDER NIJJAR
Sales Representative
Dir#: 416-508-1340
Homelife Miracle Realty Ltd. Brokerage,
Independently owned & operated
HOMELIFE HIGHER STANDARDS
Ph: 905-454-4000

BRAMPTON TV & APPLIANCES
Ph.: (905) 450-2828

6 Months Financing Available
All collections : Audio Systems and Radios, Beverage Centers, Computer Monitors, Cooktops, Dishwashers, Dryers, Freezers, Home Audio, Home Speakers, Home Theater Projectors, Kitchen, Kitchen Sets, Laundry, Laundry Centers, Laundry Pedestals, LED TV, Microwave Ovens, Wall Ovens, Portable Speakers, Rangehoods, Ranges, Refrigerators, Small Home Appliances, Sound Bars, Warming Drawers, Washers, Wine Storage.
801 BOVAIRD DR W, BRAMPTON, ON L6X 0T9

# ਰਾਸ਼ੀਫਲ

**ਮੇਖ :** ਨਿਰਾਸ਼ਾਵਾਦੀ ਨਜ਼ਰੀਏ ਤੋਂ ਬਚੋ ਕਿਉਂ ਕਿ ਨਾ ਸਿਰਫ ਇਹ ਤੁਹਾਡੀ ਸੰਭਾਵਨਾ ਨੂੰ ਘੱਟ ਕਰ ਦੇਵੇਗਾ ਬਲ ਕਿ ਸਰੀਰ ਦੇ ਅਤਿਰਿਕਤ ਸੰਤੁਲਨ ਨੂੰ ਵਿਗਾੜ ਦੇਵੇਗਾ। ਅੱਜ ਤੁਹਾਡੇ ਕੋਲ ਕਾਫੀ ਧੰਨ ਹੋਵੇਗਾ ਅਤੇ ਇਸ ਨਾਲ ਮਨ ਵਿਚ ਸ਼ਾਤੀ ਰਹੇਗੀ। ਤੁਹਾਨੂੰ ਆਪਣਾ ਬਾਕੀ ਸਮਾਂ ਬੱਚਿਆਂ ਨਾਲ ਗੁਜਾਰਨਾ ਚਾਹੀਦਾ ਹੈ ਇਸ ਲਈ ਤੁਹਾਨੂੰ ਕੁਝ ਖਾਸ ਹੀ ਕਿਉਂ ਨਾ ਕਰਨਾ ਪਵੇ। ਪਿਆਰ ਵਿਚ ਉਤਰਾਅ ਚੜਾਅ ਦਾ ਸਾਹਮਣਾ ਕਰਨ ਲਈ ਖੁਸ਼ ਅਤੇ ਹਿੰਮਤੀ ਬਣੋ। ਕੰਮ ਦੇ ਵਿਚ ਤੁਹਾਡੇ ਪ੍ਰੋਫੈਸ਼ਨ ਦੀ ਪਰੀਖਿਆ ਹੋਵੇਗੀ। ਇੱਛਤ ਪਰਿਣਾਮ ਦੇਣ ਦੇ ਲਈ ਤੁਹਾਨੂੰ ਆਪਣੀ ਕੋਸ਼ਿਸ਼ ਤੇ ਇਕਾਗਰਤਾ ਬਣਾਏ ਰੱਖਣ ਦੀ ਲੋੜ ਹੈ। ਤੁਹਾਡੇ ਪਰਿਵਾਰ ਵਿਚੋਂ ਕੋਈ ਮੈਂਬਰ ਅੱਜ ਤੁਹਾਡੇ ਨਾਲ ਸਮਾਂ ਬਿਤਾਉਣ ਦੀ ਜ਼ਿੱਦ ਕਰ ਸਕਦਾ ਹੈ ਉਸ ਨਾਲ ਤੁਸੀ ਸਹਿਮਤ ਵੀ ਹੋਵੋਂਗੇ ਪਰੰਤੂ ਇਸ ਨਾਲ ਤੁਹਾਡਾ ਕੁਝ ਸਮਾਂ ਖਰਾਬ ਹੋ ਸਕਦਾ ਹੈ। ਰੋਜ਼ਮਰਾ ਆਪਣੇ ਜੀਵਨਸਾਥੀ ਨੂੰ ਤੋਹਫੇ ਦਿੰਦੇ ਰਹੋ ਨਹੀਂ ਤਾਂ ਉਹ ਖੁਦ ਨੂੰ ਅਖਾਸ ਕਰਨਾ ਸ਼ੁਰੂ ਮਹਿਸੂਸ ਕਰ ਸਕਦਾ ਹੈ।

**ਬ੍ਰਿਸ਼ਭ:** ਬੱਚੇ ਤੁਹਾਡੇ ਮੁਤਾਬਿਕ ਨਹੀਂ ਚੱਲਣਗੇ ਜੋ ਤੁਹਾਡੇ ਝੁਜ਼ਲਾਹਟ ਦੀ ਵਜਾਹ ਬਣ ਸਕਦੀ ਹੈ ਤੁਹਾਨੂੰ ਖੁਦ ਤੇ ਨਿਯੰਤਰਣ ਰੱਖਣਾ ਚਾਹੀਦਾ ਹੈ ਕਿਉਂ ਕਿ ਨਾਰਾਜ਼ਗੀ ਸਭ ਲਈ ਨੁਕਸਾਨਦੇਹ ਹੈ ਅਤੇ ਇਹ ਸੋਚਣ ਸਮਝਣ ਦੀ ਤਾਕਤ ਨੂੰ ਖਤਮ ਕਰ ਦਿੰਦਾ ਹੈ ਇਸ ਨਾਲ ਸਿਰਫ ਮੁਸ਼ਕਿਲ ਵਧਦੀ ਹੈ। ਜੇਕਰ ਤੁਸੀ ਲੋਨ ਲੈਣ ਵਾਲੇ ਸੀ ਅਤੇ ਕਾਫੀ ਦਿਨਾਂ ਤੋਂ ਇਸ ਕੰਮ ਵਿਚ ਲੱਗੇ ਹੋਏ ਸੀ ਤਾਂ ਅੱਜ ਦੇ ਦਿਨ ਤੁਹਾਨੂੰ ਲੋਨ ਮਿਲ ਸਕਦਾ ਹੈ। ਤੁਹਾਡੇ ਜੀਵਨਸਾਥੀ ਦੀ ਸਿਹਤ ਤਣਾਨ ਅਤੇ ਚਿੰਤਾ ਦਾ ਕਾਰਨ ਬਣ ਸਕਦੀ ਹੈ। ਅੱਜ ਪਿਆਰ ਦੀ ਘਾਟ ਮਹਿਸੂਸ ਹੋ ਸਕਦੀ ਹੈ। ਅੱਜ ਦੇ ਦਿਨ ਤੁਹਾਡਾ ਸਖਤ ਕੰਮ ਦੇ ਪੈਸੇ ਲਾਭਦਾਇਕ ਸਿਧ ਹੋਣਗੇ। ਸਮੇਂ ਤੋਂ ਵੱਧ ਕੇ ਕੁਝ ਨਹੀਂ ਹੁੰਦਾ ਇਸ ਲਈ ਤੁਸੀ ਸਮੇਂ ਦਾ ਸਦਉਪਯੋਗ ਕਰਦੇ ਰਹੋ ਪਰੰਤੂ ਕਈਂ ਵਾਰ ਤੁਹਾਡੇ ਜੀਵਨ ਨੂੰ ਲਚੀਲਾ ਬਣਾਉਣ ਦੀ ਲੋੜ ਵੀ ਹੁੰਦੀ ਹੈ ਅਤੇ ਆਪਣੇ ਘਰ ਪਰਿਵਾਰ ਦੇ ਨਾਲ ਸਮਾਂ ਬਿਤਾਉਣ ਦੀ ਲੋੜ ਹੈ। ਤੁਹਾਡੀ ਵਿਆਹੁਤਾ ਜ਼ਿੰਦਗੀ ਵਿਚ ਸਾਰੀ ਮੋਜ ਮਸਤੀ ਖੋ ਗਈ ਲਗਦੀ ਹੈ ਆਪਣੇ ਸਾਥੀ ਨਾਲ ਗੱਲਬਾਤ ਕਰੋ ਅਤੇ ਕੁਝ ਮਸਤੀਭਰੀ ਯੋਜਨਾ ਬਣਾਉ।

**ਮਿਥੁਨ :** ਇਕੱਲੇਪਣ ਅਤੇ ਤਨਹਾਈ ਦੀ ਭਾਵਨਾ ਤੋਂ ਬਾਹਰ ਆਉ ਅਤੇ ਪਰਿਵਾਰ ਨਾਲ ਕੁਝ ਪਲ ਬਿਤਾਉ। ਜਿਹੜੇ ਲੋਕ ਵਿਆਹੇ ਹੋਏ ਹਨ ਉਨਾਂ ਨੂੰ ਅੱਜ ਆਪਣੇ ਬੱਚਿਆਂ ਦੀ ਪੜ੍ਹਾਈ ਤੇ ਚੰਗਾ ਖਾਸਾ ਧੰਨ ਖਰਚ ਕਰਨਾ ਪੈ ਸਕਦਾ ਹੈ। ਦੋਸਤ ਸ਼ਾਮ ਦੇ ਲਈ ਕੋਈ ਵਧੀਆ ਯੋਜਨਾ ਬਣਾ ਕੇ ਤੁਹਾਡਾ ਦਿਨ ਖੁਸ਼ੀ ਭਰਿਆ ਬਣਾ ਦੇਣਗੇ।



ਕੁਝ ਲੋਕਾਂ ਦੇ ਲਈ ਨਵਾਂ ਰੋਮਾਂਸ ਤਾਜ਼ਗੀ ਲਿਆਏਗਾ ਅਤੇ ਤੁਹਾਡੇ ਮੂਡ ਨੂੰ ਖੁਸ਼ਮਿਜਾਜ ਰੱਖੇਗਾ। ਆਪਣੀ ਕੰਮ ਦੀ ਕੁਸ਼ਲਤਾ ਵਧਾਉਣ ਦੇ ਲਈ ਨਵੀਂ ਤਕਨੀਕਾਂ ਦਾ ਸਹਾਰਾ ਲਉ। ਤੁਹਾਡੀ ਸ਼ੈਲੀ ਅਤੇ ਕੰਮ ਕਰਨ ਦਾ ਨਵਾਂ ਅੰਦਾਜ਼ ਉਨਾਂ ਲੋਕਾਂ ਵਿਚ ਦਿਲਚਸਪੀ ਪੈਦਾ ਕਰੇਗਾ। ਜੋ ਤੁਹਾਡੇ ਤੇ ਨੇੜੇ ਤੋਂ ਧਿਆਨ ਰੱਖਦੇ ਹਨ। ਲੰਬੇ ਸਮੇਂ ਤੋਂ ਲਟਕੀਆਂ ਮੁਸ਼ਕਿਲਾਂ ਨੂੰ ਜਲਦੀ ਹੀ ਹੱਲ ਕਰਨ ਦੀ ਲੋੜ ਹੈ ਅਤੇ ਤੁਸੀ ਜਾਣਦੇ ਹੋ ਕਿ ਤੁਹਾਨੂੰ ਕਿਤੋ ਨਾ ਕਿਤੋ ਸ਼ੁਰੂਆਤ ਕਰਨੀ ਹੋਵੇਗੀ ਸਾਕਾਰਤਮਕ ਰਹੋ ਅਤੇ ਅੱਜ ਤੋਂ ਪ੍ਰਯਾਸ ਸ਼ੁਰੂ ਕਰ ਦਿਉ। ਤੁਹਾਡੇ ਜੀਵਨਸਾਥੀ ਦੇ ਚਲਦੇ ਤੁਸੀ ਮਹਿਸੂਸ ਕਰੋਂਗੇ ਕਿ ਸਵਰਗ ਧਰਤੀ ਤੇ ਹੀ ਹੈ।

**ਕਰਕ :** ਗਰਭਵਤੀ ਔਰਤਾਂ ਲਈ ਅਤਿਰਿਕਤ ਤੌਰ ਤੇ ਸਾਵਧਾਨ ਰਹਿਣ ਦਾ ਦਿਨ ਹੈ। ਘਰ ਵਿਚ ਕਿਸੀ ਸਮਾਰੋਹ ਦੇ ਹੋਣ ਦੀ ਵਜਾਹ ਨਾਲ ਅੱਜ ਤੁਹਾਡਾ ਬਹੁਤ ਪੈਸਾ ਖਰਚ ਕਰਨਾ ਪਵੇਗਾ ਜਿਸਦੇ ਕਾਰਨ ਤੁਹਾਡੀ ਆਰਥਿਕ ਸਥਿਤੀ ਖਰਾਬ ਹੋ ਸਕਦੀ ਹੈ। ਕਿਸੇ ਪਰਿਵਾਰਿਕ ਭੇਦ ਦਾ ਖੁੱਲਣਾ ਤੁਹਾਨੂੰ ਤੋਹਫਾ ਦੇ ਸਕਦਾ ਹੈ। ਤੁਹਾਡੀ ਪਿਆਰ ਵਚਨਬੱਧਤਾ ਦੀ ਗੱਲ ਕਰੇਗਾ। ਅਜਿਹੇ ਲੋਕਾਂ ਦੇ ਨਾਲ ਜੁੜੋ ਜੋ ਸਥਾਪਿਤ ਹੋਣ ਅਤੇ ਭਵਿੱਖ ਦੇ ਰੁਝਾਨਾ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਅੱਜ ਪੂਰਾ ਦਿਨ ਤੁਸੀ ਖਾਲੀ ਰਹਿ ਸਕਦੇ ਹੋ ਅਤੇ ਟੀਵੀ ਤੇ ਕਈਂ ਫਿਲਮਾਂ ਅਤ ਪ੍ਰੋਗਰਾਮ ਦੇਖ ਸਕਦੇ ਹੋ। ਤੁਸੀ ਅੱਜ ਵਿਆਹੇ ਹੋਣ ਲਈ ਖੁਸ਼ਕਿਸਮਤ ਮਹਿਸੂਸ ਕਰ ਰਹੇ ਹੋ।

**ਸਿੰਘ:** ਆਪਣੇ ਦਫਤਰ ਤੋਂ ਜਲਦੀ ਨਿਕਲਣ ਦੀ ਕੋਸ਼ਿਸ਼ ਕਰੋ ਅਤੇ ਉਹ ਕੰਮ ਕਰੋ ਜਿਸ ਨੂੰ ਤੁਸੀ ਵਾਕਾਈ ਪਸੰਦ ਕਰਦੇ ਹੋ। ਅੱਜ ਤੁਹਾਡੇ ਭੈਣ ਭਰਾ ਤੁਹਾਡੇ ਤੋਂ ਆਰਥਿਕ ਮਦਦ ਮੰਗ ਸਕਦੇ ਹਨ ਪਰ ਮਦਦ ਕਰਕੇ ਤੁਸੀ ਆਰਧਿਕ ਦਬਾਅ ਵਿਚ ਆ ਸਕਦੇ ਹੋ ਹਾਲਾਂ ਕਿ ਜਲਦ ਹੀ ਸਥਿਤੀ ਵਿਚ ਸੁਧਾਰ ਹੋਵੇਗਾ। ਬੱਚੇ ਦੀ ਸਿਹਤ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ। ਤੁਸੀ ਰੋਮਾਂਟਿਕ ਖਿਆਲਾਂ ਅਤੇ ਸੁਪਨਿਆਂ ਦੀ ਦੁਨੀਆ ਵਿਚ ਲੀਨ ਹੋ ਸਕਦੇ ਹੋ। ਤੁਸੀ ਆਪਣੇ ਸੀਨੀਅਰਾਂ ਨੂੰ ਨਜ਼ਰ ਅੰਦਾਜ਼ ਨਾ ਕਰੋ। ਇਹ ਪਰੇਸ਼ਾਨ ਕਰਨ ਵਾਲਾ ਦਿਨ ਹੋਵੇਗਾ ਜੇਕਰ ਤੁਸੀ ਇਕ ਲਗਤ ਸਿੱਟੇ ਤੇ ਪਹੁੰਚਦੇ ਹੋ ਅਤੇ ਬੇਲੋੜੀਆਂ ਕਾਰਵਾਈਆਂ ਕਰਦੇ ਹੋ। ਵਿਵਾਹਿਕ ਸੁੱਖ ਦੇ ਦ੍ਰਿਸ਼ਟੀਕੋਣ ਤੋਂ ਅੱਜ ਤੁਹਾਨੂੰ ਕੁਝ ਅਨੋਖਾ ਤੋਹਫਾ ਮਿਲ ਸਕਦਾ ਹੈ।

**ਕੰਨਿਆ:** ਬਚਪਨ ਦੀਆਂ ਯਾਦਾਂ ਤੁਹਾਡੇ ਮਨ ਤੇ ਛਾਈਆਂ ਰਹਿਣਗੀਆਂ। ਪਰੰਤੂ ਇਸ ਕੰਮ ਵਿਚ ਤੁਸੀ ਖੁਦ ਨੂੰ ਮਾਨਸਿਕ ਤਣਾਅ ਦੇ ਸਕਦੇ ਹੋ ਤੁਹਾਡੇ ਤਣਾਅ ਅਤੇ ਪਰੇਸ਼ਾਨੀ ਦੀ ਇਕ ਵਜਾਹ ਬਚਪਨ ਦੀ ਮਾਸੂਮੀਅਤ ਨੂੰ ਜੀਣ ਦਾ ਚਾਅ ਹੈ ਇਸ ਲਈ ਖੁੱਲ ਕੇ ਜੀਉ। ਸੰਭਵ ਹੈ ਕੀ ਧੰਨ ਵਿਚ ਹਾਨੀ ਹੋਵੇਗੀ ਇਸ ਲਈ ਲੈਣ ਦੇਣ ਦੇ ਮਾਮਲੇ ਵਿਚ ਜਿੰਨਾਂ ਸਤਕ ਰਹੋਂਗੇ ਤੁਹਾਡੇ ਲਈ ਉਨਾਂ ਹੀ ਚੰਗਾ ਹੈ। ਤੁਹਾਡੀ ਲਾਪਰਵਾਹ ਰਵੱਈਆ ਤੁਹਾਡੇ ਮਾਤਾ ਪਿਤਾ ਨੂੰ ਦੁਖੀ ਕਰ ਸਕਦਾ ਹੈ ਕੋਈ ਵੀ ਨਵੀਂ ਪਰਿਯੋਜਨਾ ਸ਼ੁਰੂ ਕਰਨ ਤੋਂ ਪਹਿਲਾਂ ਉਨਾਂ ਦੀ ਸਲਾਹ ਵੀ ਜਾਣ ਲਵੋ। ਬੇਲੋੜੀ ਸ਼ੰਕਾ ਅਤੇ ਸ਼ੱਕ ਰਿਸ਼ਤੇ ਨੂੰ ਵਿਗਾੜ ਦਿੰਦੇ ਹਨ ਤੁਹਾਨੂੰ ਵੀ ਆਪਣੇ ਪਿਆਰੇ ਤੇ ਸ਼ੱਕ ਨਹੀਂ ਕਰਨਾ ਚਾਹੀਦਾ ਜੇਕਰ ਤੁਸੀ ਕਿਸੇ ਚੀਜ ਬਾਰੇ ਮਹਿਸੂਸ ਕਰ ਰਹੇ ਹੋ ਜੋ ਤੁਹਾਨੂੰ ਖਾ ਰਹੀ ਹੈ ਤਾਂ ਉਨਾਂ ਨਾਲ ਬੈਠੋ ਅਤੇ ਹੱਲ ਕੱਢਣ ਦੀ ਕੋਸ਼ਿਸ਼ ਕਰੋ। ਆਪਣਾ ਰੈਜ਼ਿਉਮ ਭੇਜਣ ਜਾਂ ਕਿਸੇ ਇੰਟਰਵਿਊ ਵਿਚ ਜਾਣ ਲਈ ਚੰਗਾ ਸਮਾਂ ਹੈ। ਅੱਜ ਤੁਹਾਡੀ ਕਾਫੀ ਦਿਮਾਗੀ ਪਰੀਖਿਆ ਰਹੇਗੀ ਤੁਹਾਡੇ ਵਿਚੋਂ ਕੁਝ ਸ਼ਤਰੰਜ ਖੇਡ ਸਕਦੇ ਹਨ ਅਤੇ ਹੋਰ ਇਕ ਕਹਾਣੀ, ਕਵਿਤਾ ਜਾਂ ਭਵਿੱਖ ਲਈ ਕੁਝ ਯੋਜਨਾ ਦਾ ਕੰਮ ਕਰ ਸਕਦੇ ਹਨ। ਰਿਸ਼ਤੇਦਾਰਾਂ ਦੇ ਕਾਰਨ ਅੱਜ ਇਕ ਝਗੜਾ ਸੰਭਵ ਹੈ ਪਰ ਦਿਨ ਦੇ ਅੰਤ ਵਿਚ ਸਭ ਕੁਝ ਸੁੰਦਰਤਾ ਨਾਲ ਠੀਕ ਹੋ ਜਾਵੇਗਾ।

**ਤੁਲਾ:** ਅੱਜ ਤੁਹਾਡੇ ਕੋਲ ਆਪਣੀ ਸਿਹਤ ਅਤੇ ਦੇਖਣੀ ਨਾਲ ਜੁੜੀ ਚੀਜਾਂ ਨੂੰ ਸੁਧਾਰਨ ਦੇ ਲਈ ਚੰਗਾ ਸਮਾਂ ਹੋਵੇਗਾ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੇ ਲਈ ਲੋੜ ਤੋਂ ਜ਼ਿਆਦਾ ਖਰਚ ਨਾ ਕਰੋ । ਆਪਣੇ ਘਰ ਦੇ ਵਾਤਾਵਰਣ ਵਿਚ ਬਦਲਾਅ ਕਰਨ ਤੋਂ ਪਹਿਲਾਂ ਤੁਹਾਨੂੰ ਸਾਰਿਆਂ ਦੀ ਸਲਾਹ ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤੁਹਾਨੂੰ ਆਪਣੀ ਤਰਫ ਤੋਂ ਸਭ ਬੇਹਤਰ ਤਰੀਕੇ ਨਾਲ ਵਿਵਹਾਰ ਕਰਨ ਦੀ ਲੋੜ ਹੈ ਕਿਉਂ ਕਿ ਅੱਜ ਤੁਹਾਡਾ ਪ੍ਰੇਮੀ ਜਲਦ ਹੀ ਨਾਰਾਜ ਹੋ ਸਕਦਾ ਹੈ। ਅੱਜ ਜੇ ਤੁਸੀ ਨਿਮਰ ਅਤੇ ਮਦਦਗਾਰ ਹੋਂ ਤਾਂ ਤੁਹਾਨੂੰ ਆਪਣੇ ਸਹਿਭਾਗੀਆਂ ਦੁਆਰਾ ਸਾਕਾਰਾਤਮਕ ਹੁੰਗਾਰਾ ਮਿਲਦਾ ਹੈ। ਜਾਣਕਾਰਾਂ ਨਾਲ ਗੱਲ ਕਰਨਾ ਠੀਕ ਹੈ ਪਰ ਉਨਾਂ ਦੇ ਇਰਾਦਿਆਂ ਨੂੰ ਜਾਣੇ ਬਿਨਾਂ ਤੁਹਾਡੇ ਸਭ ਤੋਂ ਡੂੰਘੇ ਰਾਜ਼ਾਂ ਨੂੰ ਸਾਝਾਂ ਕਰਨਾ ਤੁਹਾਡੇ ਸਮੇਂ ਅਤੇ ਵਿਸ਼ਵਾਸ਼ ਦੀ ਬਰਬਾਦੀ ਹੈ। ਤੁਹਾਡੇ ਜੀਵਨ ਸਾਥੀ ਦੀ ਸੁਸਤੀ ਤੁਹਾਡੇ ਕਈਂ ਕੰਮਾਂ ਤੇ ਪਾਣੀ ਫੇਰ ਸਕਦੀ ਹੈ।

**ਬ੍ਰਿਸ਼ਚਕ:** ਆਪਣੇ ਖਾਣ ਪੀਣ ਦਾ ਧਿਆਨ ਰੱਖੋ ਖਾਸ ਤੋਰ ਮਾਈਗ੍ਰੇਨ ਦੇ ਮਰੀਜ਼ਾ ਨੂੰ ਸਮੇਂ ਤੇ ਖਾਣਾ ਨਹੀਂ ਛੱਡਣਾ ਚਾਹੀਦਾ ਨਹੀਂ ਤਾਂ ਉਹਨਾਂ ਨੂੰ ਵਿਅਰਥ ਵਿਚ ਭਾਵਨਾਤਮਕ ਤਣਾਅ ਵਿਚੋਂ ਗੁਜ਼ਰਨਾ ਪੈ ਸਕਦਾ ਹੈ। ਨਵਾਂ ਆਰਥਿਕ ਸੋਦਾ ਆਖਰ ਰੂਪ ਲਵੇਗਾ ਅਤੇ ਪੈਸਾ ਤੁਹਾਡੇ ਵੱਲ ਆਵੇਗਾ। ਅੱਜ ਕੰਮ ਦਾ ਤਣਾਅ ਅਤੇ ਥਕਾਵਟ ਭਰਿਆ ਰਹੇਗਾ, ਪਰੰਤੂ ਦੋਸਤਾਂ ਦਾ ਸਾਥ ਤੁਹਾਨੂੰ ਖੁਸ਼ਮਿਜ਼ਾਜ ਅਤੇ ਜ਼ਿੰਦਾਦਿਲ ਬਣਾ ਕੇ ਰੱਖਗੇ। ਪਿਆਰ ਹਮੇਸ਼ਾ ਆਤਮਿਕ ਹੁੰਦਾ ਹੈ ਅਤੇ ਅੱਜ ਤੁਸੀ ਇਹੀ ਅਨੁਭਵ ਕਰੋਂਗੇ। ਤੁਹਾਡੀ ਲਗਨ ਅਤੇ ਆਤਮਵਿਸ਼ਵਾਸ਼ ਦਾ ਸਤਰ ਉੱਚਾ ਹੋਵੇਗਾ ਅਤੇ ਤੁਸੀ ਉਮੀਦ ਤੋਂ ਜ਼ਿਆਦਾ ਪ੍ਰਦਸ਼ਨ ਕਰੋਂਗੇ। ਇਸ ਰਾਸ਼ੀ ਦੇ ਵਿਦਿਆਰਥੀਆਂ ਨੂੰ ਅੱਜ ਦੇ ਦਿਨ ਪੜ੍ਹਾਈ ਵਿਚ ਮਨ ਲਗਾਉਣ ਵਿਚ ਮੁਸ਼ਕਿਲ ਆ ਸਕਦੀ ਹੈ ਅੱਜ ਤੁਸੀ ਆਪਣਾ ਕੀਮਤੀ ਸਮਾਂ ਦੋਸਤਾਂ ਦੇ ਚੱਕਰ ਵਿਚ ਬਰਬਾਦ ਕਰ ਸਕਦੇ ਹੋ ਤੁਹਾਡੇ ਜੀਵਨਸਾਥੀ ਦੁਆਰਾ ਤੁਹਾਨੂੰ ਨੀਚਾ ਦਿਖਾਇਆ ਜਾ ਸਕਦਾ ਹੈ ਅਤੇ ਇਹ ਤੁਹਾਨੂੰ ਵਿਆਹ ਤੋੜਨ ਲਈ ਮਜ਼ਬੂਰ ਕਰ ਸਕਦਾ ਹੈ।

**ਧਨੂੰ:** ਇਕੱਲੇਪਣ ਅਤੇ ਤਨਹਾਈ ਦੀ ਭਾਵਨਾ ਤੋਂ ਬਾਹਰ ਆਉ ਅਤੇ ਪਰਿਵਾਰ ਨਾਲ ਕੁਝ ਪਲ ਬਿਤਾਉ। ਅੱਜ ਤੁਸੀ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਅਜਿਹਾ ਰਿਸ਼ਤੇਦਾਰ ਜੋ ਕਾਫੀ ਦੂਰ ਰਹਿੰਦਾ ਹੈ ਅੱਜ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ। ਨਵੇਂ ਰਿਸ਼ਤੇ ਲਈ ਖੁਸ਼ਹਾਲੀ ਦੀ ਉਮੀਦ ਕਰੋ। ਬਦਲਦੇ ਸਮੇਂ ਦੇ ਨਾਲ ਕਦਮਤਾਲ ਕਰਨ ਦੇ ਲਈ ਨਵੀਂ ਤਕਨੀਕ ਨਾਲ ਤਾਲਮੇਲ ਉਠਾਉਣਾ ਮੱਹਤਵਪੂਰਨ ਰਹੇਗਾ। ਖਾਲੀ ਸਮੇਂ ਵਿਚ ਤੁਸੀ ਕੋਈ ਖੇਡ ਅੱਜ ਦੇ ਦਿਨ ਖੇਡ ਸਕਦੇ ਹੋ ਪਰੰਤੂ ਇਸ ਦੋਰਾਨ ਕੋਈ ਦੁਰਘਟਨਾ ਹੋਣ ਦੀ ਸੰਭਾਵਨਾ ਹੈ ਇਸ ਲਈ ਸੰਭਲ ਕੇ ਰਹੋ। ਤੁਸੀ ਜਾਣਦੇ ਹੋ ਕਿ ਸਿਹਤ ਦੇ ਨਜ਼ਰੀਏ ਨਾਲ ਜੱਫੀ ਪਾਉਣ ਦੇ ਕੀ ਲਾਭ ਹਨ ਤੁਸੀ ਅੱਜ ਆਪਣੇ ਜੀਵਨ ਸਾਥੀ ਨੂੰ ਮਿਲ ਸਕਦੇ ਹੋ।

**ਮਕਰ:** ਆਪਣੀਆਂ ਨਾਕਾਰਾਤਮਕ ਭਾਵਨਾਵਾਂ ਅਤੇ ਬਿਰਤੀਆਂ ਨੂੰ ਕਾਬੂ ਵਿੱਚ ਰੱਖੋ ਤੁਹਾਡੀ ਰੂੜ੍ਹਵਾਦੀ ਸੋਚ ਪੁਰਾਣੇ ਖਿਆਲ ਤੁਹਾਡੀ ਪ੍ਰਗਤੀ ਵਿਚ ਅੜਚਣ ਬਣ ਸਕਦੀ ਹੈ ਉਸ ਦੀ ਦਿਸ਼ਾ ਬਦਲ ਸਕਦੇ ਹੋ ਅਤੇ ਤੁਹਾਨੂੰ ਰਾਹ ਵਿੱਚ ਅੱਗੇ ਕਈਂ ਮੁਸ਼ਕਿਲਾਂ ਖੜੀ ਕਰ ਸਕਦੀ ਹੈ। ਅੱਜ ਤੁਸੀ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਇਕ ਬੇਹਤਰੀਨ ਸ਼ਾਮ ਦੇ ਲਈ ਰਿਸ਼ਤੇਦਾਰ ਦੋਸਤ ਘਰ ਆ ਸਕਦੇ ਹਨ। ਰੁਮਾਂਟਿਕ ਮੁਨੋਭਾਵਾਂ ਵਿਚ ਅਚਾਨਕ ਆਇਆ ਬਦਲਾਅ ਤੁਹਾਨੂੰ ਕਾਫੀ ਦੁਖੀ ਕਰ ਸਕਦਾ ਹੈ। ਕੰਮ ਕਾਰ ਤੋਂ ਬਾਅਦ ਤੁਹਾਡੇ ਸਹਿਕਰਮੀ ਤੁਹਾਨੂੰ ਕਿਸੇ ਛੋਟੇ ਘਰੇਲੂ ਉਤਸਵ ਤੇ ਬੁਲਾ ਸਕਦੇ ਹਨ। ਅੱਜ ਪੂਰਾ ਦਿਨ ਤੁਸੀ ਖਾਲੀ ਰਹਿ ਸਕਦੇ ਹੋ ਅਤੇ ਟੀਵੀ ਤੇ ਕਈਂ ਫਿਲਮਾਂ ਅਤ ਪ੍ਰੋਗਰਾਮ ਦੇਖ ਸਕਦੇ ਹੋ। ਅੱਜ ਆਪਣੇ ਜੀਵਨ ਸਾਥੀ ਦਾ ਅਜਿਹਾ ਪਾਸਾ ਦੇਖਣ ਨੂੰ ਮਿਲ ਸਕਦਾ ਹੈ ਜੋ ਉਨਾਂ ਚੰਗਾ ਨਹੀਂ ਹੈ।

**ਕੁੰਭ:** ਇਕੱਲੇਪਣ ਅਤੇ ਤਨਹਾਈ ਦੀ ਭਾਵਨਾ ਤੋਂ ਬਾਹਰ ਆਉ ਅਤੇ ਪਰਿਵਾਰ ਨਾਲ ਕੁਝ ਪਲ ਬਿਤਾਉ। ਜਿਹੜੇ ਲੋਕ ਹੁਣ ਤੱਕ ਬਿਨਾਂ ਸੋਚੇ ਸਮਝੇ ਪੈਸੇ ਉਡਾ ਰਹੇ ਹਨ ਉਨਾਂ ਨੂੰ ਅੱਜ ਪੈਸੇ ਦੀ ਕਾਫੀ ਲੋੜ ਪੈ ਸਕਦੀ ਹੈ ਅੱਜ ਉਨਾਂ ਨੂੰ ਸਮਝ ਆ ਸਕਦਾ ਹੈ ਕਿ ਜੀਵਨ ਵਿਚ ਪੈਸੇ ਦੀ ਕੀ ਕੀਮਤ ਹੈ। ਜੇਕਰ ਤੁਸੀ ਪਾਰਟੀ ਕਰਨ ਦੀ ਸੋਚ ਰਹੇ ਹੋ ਤਾਂ ਆਪਣੇ ਚੰਗੇ ਦੋਸਤਾਂ ਨੂੰ ਬੁਲਾਉ। ਅਜਿਹੇ ਕਈਂ ਲੋਕ ਹੋਣਗੇ ਜੋ ਤੁਹਾਡਾ ਉਤਸ਼ਾਹ ਵਧਾਉਣਗੇ। ਤੁਹਾਡਾ ਰੂਹ ਦਾ ਦੋਸਤ ਸਾਰਾ ਦਿਨ ਤੁਹਾਡੇ ਬਾਰੇ ਸੋਚਦਾ ਰਹੇਗਾ। ਫੈਂਸਲੇ ਲੈਂਦੇ ਸਮੇਂ ਆਪਣੇ ਅਹਮ ਨੂੰ ਵਿਚ ਨਾ ਆਉਣ ਦਿਉ ਸੁਣੋ ਕਿ ਅਧੀਨ ਕੰਮ ਕਰਨ ਵਾਲਿਆਂ ਦਾ ਕੀ ਕਹਿਣਾ ਹੈ। ਚੀਜ਼ਾਂ ਨੂੰ ਸਹੀ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰਨਾ ਵਧੀਆ ਹੈ ਨਹੀਂ ਤਾਂ ਅਜਿਹੇ ਦ੍ਰਿਸ਼ਾ ਬਾਰੇ ਲਗਾਤਾਰ ਸੋਚ ਕੇ ਤੁਸੀ ਆਪਣਾ ਖਾਲੀ ਸਮਾਂ ਖਰਾਬ ਕਰੋਂਗੇ। ਪਿਆਰ, ਚੁੰਮੀ, ਜੱਫੀ ਅਤੇ ਮਜ਼ਾਕ ਜੀਵਨ ਦੇ ਨਾਲ ਇਹ ਇਕ ਰੋਮਾਂਸ ਭਰਿਆ ਦਿਨ ਹੈ।

**ਮੀਨ:** ਸੰਭਾਵਨਾ ਹੈ ਕਿ ਅੱਜ ਦੇ ਦਿਨ ਤੁਹਾਡੀ ਸਿਹਤ ਠੀਕ ਨਾ ਰਹੇ। ਅੱਜ ਦੇ ਦਿਨ ਤੁਸੀ ਧੰਨ ਨਾਲ ਜੁੜੀ ਸਮੱਸਿਆ ਦੇ ਕਾਰਨ ਪਰੇਸ਼ਾਨ ਰਹਿ ਸਕਦੇ ਹੋ ਇਸ ਲਈ ਤੁਹਾਨੂੰ ਆਪਣੇ ਵਿਸ਼ਵਾਸ਼ ਪਾਤਰ ਦੀ ਸਲਾਹ ਲੈਣੀ ਚਾਹੀਦੀ ਹੈ। ਪੋਤੇ ਤੋਂ ਅੱਜ ਕਾਫੀ ਖੁਸ਼ੀ ਮਿਲ ਸਕਦੀ ਹੈ। ਅੱਜ ਦਾ ਦਿਨ ਰੋਮਾਂਸ ਨਾਲ ਭਰਪੂਰ ਹੋਣ ਦੀ ਪੂਰੀ ਸੰਭਾਵਨਾ ਹੈ। ਨਵੇਂ ਪਰੋਜੈਕਟ ਅਤੇ ਖਰਚਿਆਂ ਨੂੰ ਰੋਕ ਦਿਉ। ਅੱਜ ਤੁਹਾਡੀ ਕਾਫੀ ਦਿਮਾਗੀ ਪਰੀਖਿਆ ਰਹੇਗੀ ਤੁਹਾਡੇ ਵਿਚੋਂ ਕੁਝ ਸ਼ਤਰੰਜ ਖੇਡ ਸਕਦੇ ਹਨ ਅਤੇ ਹੋਰ ਇਕ ਕਹਾਣੀ, ਕਵਿਤਾ ਜਾਂ ਭਵਿੱਖ ਲਈ ਕੁਝ ਯੋਜਨਾ ਦਾ ਕੰਮ ਕਰ ਸਕਦੇ ਹਨ। ਤੁਸੀ ਅੱਜ ਆਪਣੇ ਜੀਵਨਸਾਥੀ ਨਾਲ ਆਪਣੇ ਜੀਵਨ ਦਾ ਸਭ ਤੋਂ ਵਧੀਆ ਦਿਨ ਖਰਚ ਸਕਦੇ ਹੋ।

# ਲਿੰਕ ਸੜਕਾਂ : ਵੱਡੀਆਂ ਫ਼ਰਮਾਂ ਲਈ ਖੋਲ੍ਹੇ ਰਾਹ



ਚਰਨਜੀਤ ਭੁੱਲਰ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਹੁਣ ਲਿੰਕ ਸੜਕਾਂ ਦੀ ਮੁਰੰਮਤ ਲਈ ਵੱਡੀਆਂ ਫ਼ਰਮਾਂ ਲਈ ਰਾਹ ਖੋਲ੍ਹ ਦਿੱਤੇ ਹਨ ਅਤੇ ਮੌਜੂਦਾ ਟੈਂਡਰ ਪ੍ਰਕਿਰਿਆ ਨੂੰ ਫ਼ਿਲਹਾਲ ਬਰੇਕ ਲੱਗ ਗਈ ਹੈ। ਵੱਡੀਆਂ ਫ਼ਰਮਾਂ ਨੂੰ ਮੌਕਾ ਦੇਣ ਖ਼ਾਤਰ ਪਹਿਲੋਂ ਹੀ ਪ੍ਰਕਿਰਿਆ ਅਧੀਨ ਕਈ ਜ਼ਿਲ੍ਹਿਆਂ ਦੇ ਟੈਂਡਰ ਖੋਲ੍ਹੇ ਜਾਣ ਨੂੰ ਤਿੰਨ ਵਾਰ ਮੁਲਤਵੀ ਕਰਨਾ ਪਿਆ। ਮੁੱਖ ਮੰਤਰੀ ਦੇ ਤਕਨੀਕੀ ਸਲਾਹਕਾਰ ਨੇ ਅੱਜ ਮੁੱਖ ਇੰਜਨੀਅਰਾਂ ਨਾਲ ਮੀਟਿੰਗ 'ਚ ਹਰ ਜ਼ਿਲ੍ਹੇ 'ਚ 45 ਕਿਲੋਮੀਟਰ ਦੇ ਘੇਰੇ ਦੇ ਨਵੇਂ ਗਰੁੱਪ ਬਣਾ ਕੇ ਇੱਕ ਕਰੋੜ ਰੁਪਏ ਤੋਂ 50 ਕਰੋੜ ਰੁਪਏ ਤੱਕ ਦੇ ਕੰਮ ਦੇਣ ਨੂੰ ਹਰੀ ਝੰਡੀ ਦੇ ਦਿੱਤੀ ਹੈ ਜਦੋਂ ਕਿ ਪਹਿਲਾਂ ਇੱਕ ਤੋਂ ਦੋ ਕਰੋੜ ਰੁਪਏ ਤੱਕ ਦੇ ਕੰਮ ਹੀ ਅਲਾਟ ਹੁੰਦੇ ਸਨ। ਵੱਡੀਆਂ ਫ਼ਰਮਾਂ ਨੂੰ ਮੌਕਾ ਦੇਣ ਦੇ ਫ਼ੈਸਲੇ ਕਰਕੇ ਲਿੰਕ ਸੜਕਾਂ ਦੀ ਟੈਂਡਰ ਪ੍ਰਕਿਰਿਆ ਨਵੇਂ ਸਿਰਿਓਂ ਸ਼ੁਰੂ ਹੋਵੇਗੀ ਜਿਸ ਕਰਕੇ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਕਰੀਬ ਇੱਕ ਮਹੀਨਾ ਪੱਛੜ ਜਾਣਾ ਹੈ।



ਮੁੱਖ ਮੰਤਰੀ ਭਗਵੰਤ ਮਾਨ ਨੇ 9 ਅਪਰੈਲ 2025 ਨੂੰ ਮੀਟਿੰਗ ਕਰਕੇ ਪੰਜਾਬ ਵਿੱਚ 18,944 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ 2872.68 ਕਰੋੜ ਦੀ ਲਾਗਤ ਨਾਲ ਕੀਤੇ ਜਾਣ ਨੂੰ ਹਰੀ ਝੰਡੀ ਦੇ ਦਿੱਤੀ ਸੀ ਅਤੇ ਪੰਜ ਸਾਲ ਦੀ ਵਾਰੰਟੀ ਦੀ ਰਾਸ਼ੀ 587.27 ਕਰੋੜ ਵੀ ਕੁੱਲ ਲਾਗਤ ਖ਼ਰਚੇ ਵਿੱਚ ਸ਼ਾਮਲ ਕੀਤੀ ਗਈ। ਉਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਇਸ ਬਾਰੇ 15 ਅਕਤੂਬਰ 2024 ਨੂੰ ਫ਼ੈਸਲਾ ਲੈ ਚੁੱਕੇ ਹਨ। ਪੰਜਾਬ 'ਚ ਲੰਘੇ ਚਾਰ ਵਰ੍ਹਿਆਂ ਦੌਰਾਨ ਬਕਾਇਆ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਜਾਣੀ ਹੈ ਕਿਉਂਕਿ ਤਿੰਨ ਵਰ੍ਹਿਆਂ ਤੋਂ ਮੁਰੰਮਤ ਨਾ ਹੋਣ ਕਰਕੇ ਸੜਕਾਂ 'ਚ ਖੱਡੇ ਪੈ ਚੁੱਕੇ ਹਨ ਜੋ ਸਰਕਾਰ ਲਈ ਬਦਨਾਮੀ ਦਾ ਘਰ ਬਣੇ ਹੋਏ ਹਨ। ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਮੰਡੀ ਬੋਰਡ ਨੇ ਕੁੱਲ 156 ਮਾਰਕੀਟ ਕਮੇਟੀਆਂ ਅਧੀਨ ਪੈਂਦੀਆਂ ਲਿੰਕ ਸੜਕਾਂ ਲਈ ਕਈ ਜ਼ਿਲ੍ਹਿਆਂ ਵਿੱਚ ਟੈਂਡਰ ਲਗਾ ਦਿੱਤੇ ਸਨ ਤਾਂ ਜੋ ਬਰਸਾਤਾਂ ਤੋਂ ਪਹਿਲਾਂ ਮੁਰੰਮਤ ਦਾ ਕੰਮ ਮੁਕੰਮਲ ਕੀਤਾ ਜਾ ਸਕੇ।

ਪਿਛਾਂਹ ਨਜ਼ਰ ਮਾਰੀਏ ਤਾਂ ਮੁੱਖ ਮੰਤਰੀ ਦੇ ਤਕਨੀਕੀ ਸਲਾਹਕਾਰ ਦੇ 5 ਮਾਰਚ 2018 ਦੇ ਪੱਤਰ ਨੰ. 2101–2102 ਅਨੁਸਾਰ ਸੂਬੇ ਵਿੱਚ ਸੜਕਾਂ ਦੀ ਮੁਰੰਮਤ ਦੇ ਟੈਂਡਰ ਇੱਕ ਕਰੋੜ ਤੋਂ ਦੋ ਕਰੋੜ ਰੁਪਏ ਤੱਕ ਦੇ ਗਰੁੱਪ ਬਣਾ ਕੇ ਲਗਾਏ ਜਾਂਦੇ ਹਨ। ਇਸ ਤਰ੍ਹਾਂ ਸਟੈਂਡਰਡ ਬਿਡਿੰਗ ਡਾਕੂਮੈਂਟ 'ਚ ਸੈਕਸ਼ਨ ਪੰਜ ਅਧੀਨ ਦਰਜ ਤਕਨੀਕੀ ਸ਼ਰਤ 16 ਅਨੁਸਾਰ ਜਿਸ ਸੜਕ 'ਤੇ ਲੁੱਕ ਦਾ ਕੰਮ ਕੀਤਾ ਜਾਣਾ ਹੁੰਦਾ ਹੈ, ਸਬੰਧਤ ਸੜਕ ਤੋਂ ਹਾਟ ਮਿਕਸ ਪਲਾਂਟ ਦੀ ਦੂਰੀ 45 ਕਿਲੋਮੀਟਰ ਤੱਕ ਹੋਣੀ ਚਾਹੀਦੀ ਹੈ। ਪੰਜਾਬ ਮੰਡੀ ਬੋਰਡ ਨੇ ਲੰਘੇ ਕੱਲ੍ਹ ਮੁੱਖ ਮੰਤਰੀ ਦੇ ਤਕਨੀਕੀ ਸਲਾਹਕਾਰ ਨੂੰ ਪੱਤਰ ਲਿਖਿਆ ਜਿਸ 'ਚ ਕਿਹਾ ਗਿਆ ਸੀ ਕਿ ਦੋ ਕਰੋੜ ਦੇ ਟੈਂਡਰਾਂ ਵਿੱਚ ਵੱਡੀਆਂ ਫ਼ਰਮਾਂ ਵੱਲੋਂ ਭਾਗ ਨਹੀਂ ਲਿਆ ਜਾਂਦਾ ਹੈ ਜਿਸ ਕਰਕੇ ਇੱਕ ਕਰੋੜ ਤੋਂ 50 ਕਰੋੜ ਤੱਕ ਦੇ ਟੈਂਡਰ ਲਗਾਏ ਜਾਣ ਤਾਂ ਜੋ ਛੋਟੇ ਠੇਕੇਦਾਰ ਅਤੇ ਵੱਡੀਆਂ ਫ਼ਰਮਾਂ ਵੀ ਭਾਗ ਲੈ ਸਕਣ।

ਪੱਤਰ 'ਚ ਤਰਕ ਦਿੱਤਾ ਹੈ ਕਿ ਵੱਡੀਆਂ ਕੰਪਨੀਆਂ ਕੋਲ ਮਸ਼ੀਨਰੀ ਵਗ਼ੈਰਾ ਹੁੰਦੀ ਹੈ ਜਿਸ ਕਰਕੇ ਕੰਮ ਦੀ ਕੁਆਲਿਟੀ ਵਿੱਚ ਸੁਧਾਰ ਹੋਵੇਗਾ ਅਤੇ ਕੰਮ ਜਲਦੀ ਹੋਵੇਗਾ। ਮਾਹਿਰ ਦੱਸਦੇ ਹਨ ਕਿ ਜੇ ਸਰਕਾਰ ਵੱਡੀਆਂ ਫ਼ਰਮਾਂ ਨੂੰ ਕੰਮ ਦੇਣਾ ਚਾਹੁੰਦੀ ਹੈ ਤਾਂ ਉਸ ਤੋਂ ਪਹਿਲਾਂ ਪ੍ਰਵਾਨਿਤ ਸਟੈਂਡਰਡ ਬਿਡਿੰਗ ਡਾਕੂਮੈਂਟ ਨਾਲ ਸਬੰਧਤ ਸ਼ਰਤਾਂ ਨੂੰ ਵੀ ਸੋਧਣ ਦੀ ਲੋੜ ਹੋਵੇਗੀ। ਅੱਜ ਮੁੱਖ ਮੰਤਰੀ ਦੇ ਤਕਨੀਕੀ ਸਲਾਹਕਾਰ ਨੇ ਮੁੱਖ ਇੰਜਨੀਅਰਾਂ ਦੀ ਮੀਟਿੰਗ ਵਿੱਚ ਸਪੱਸ਼ਟ ਕਰ ਦਿੱਤਾ ਕਿ 45 ਕਿਲੋਮੀਟਰ ਦੇ ਘੇਰੇ ਵਿਚਲੀਆਂ ਸੜਕਾਂ ਦੇ ਗਰੁੱਪ ਬਣਾ ਕੇ ਟੈਂਡਰ ਲਗਾਏ ਜਾਣ। ਇਸ ਨਾਲ ਵੱਡੀਆਂ ਫ਼ਰਮਾਂ ਨੂੰ ਵੀ ਕੰਮ ਮਿਲਣ ਦਾ ਰਾਹ ਖੁੱਲ੍ਹ ਗਿਆ ਹੈ। ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਮੰਡੀ ਬੋਰਡ ਨੇ ਨਵੇਂ ਗਰੁੱਪਾਂ ਦੇ ਹਿਸਾਬ ਨਾਲ ਟੈਂਡਰ ਲਗਾਏ ਜਾਣ ਵਾਸਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਹੁਣ ਨਵੇਂ ਟੈਂਡਰ ਇੱਕ ਕਰੋੜ ਤੋਂ ਪੰਜਾਹ ਕਰੋੜ ਤੱਕ ਦੀ ਰਾਸ਼ੀ ਦੇ ਲਗਾਏ ਜਾਣੇ ਹਨ।

**ਚਾਰ ਜ਼ਿਲ੍ਹਿਆਂ 'ਚ ਪਹਿਲਾਂ ਹੀ ਹੋ ਚੁੱਕੈ ਕੰਮ ਅਲਾਟ**

ਪੰਜਾਬ ਦੇ ਚਾਰ ਜ਼ਿਲ੍ਹਿਆਂ ਫ਼ਰੀਦਕੋਟ, ਬਰਨਾਲਾ, ਨਵਾਂ ਸ਼ਹਿਰ ਅਤੇ ਪਠਾਨਕੋਟ ਵਿੱਚ ਪਹਿਲਾਂ ਹੀ ਕੰਮ ਅਲਾਟ ਹੋ ਚੁੱਕਾ ਹੈ ਤੇ ਉਨ੍ਹਾਂ ਵਿੱਚ ਕੋਈ ਫੇਰਬਦਲ ਨਹੀਂ ਕੀਤਾ ਜਾਵੇਗਾ। ਖ਼ਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਜੇ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਇੱਕ ਮਹੀਨੇ ਲਈ ਹੋਰ ਪੱਛੜ ਗਿਆ ਤਾਂ ਅੱਗੇ ਬਰਸਾਤਾਂ ਦਾ ਸੀਜ਼ਨ ਸ਼ੁਰੂ ਹੋ ਜਾਣਾ ਹੈ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਪੇਂਡੂ ਵਿਕਾਸ ਫ਼ੰਡ ਰੋਕੇ ਜਾਣ ਕਰਕੇ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਪਹਿਲਾਂ ਹੀ ਪੱਛੜਿਆ ਹੋਇਆ ਸੀ। ਪੰਜਾਬ ਸਰਕਾਰ ਹੁਣ ਨਾਬਾਰਡ ਤੋਂ ਕਰਜ਼ਾ ਲੈ ਕੇ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਕਰਾ ਰਹੀ ਹੈ।

# ਵਿਸ਼ਾ ਹਲਾਤ ਸਮਾਜ ਅਸੀਂ ਅਤੇ ਸਾਡਾ ਜਾਬਤਾ




ਕੰਚਨ ਕੁਮਾਰੀ ਜਾਂ ਕਮਲ ਕੌਰ ਇਸ ਬਾਰੇ ਦੋ ਸੱਚ ਇਹ ਹਨ ਕਿ ਬੀਬੀ ਬਹੁਤ ਹੇਠਲੇ ਦਰਜੇ ਤੱਕ ਵੀਡੀਓ ਪੇਸ਼ਕਾਰੀ ਕਰਦੀ ਸੀ ਅਤੇ ਇਸ ਸਮੱਗਰੀ ਦਾ ਵੱਡਾ ਖਪਤਕਾਰ ਵਰਗ ਸੀ। ਬੀਬੀ ਦਾ ਕਤਲ ਹੋ ਗਿਆ ਹੈ ਅਤੇ ਸਬੰਧਿਤ ਬੰਦੇ ਫੜ੍ਹੇ ਗਏ ਹਨ ਅਤੇ ਇੱਕ ਪੁਲਿਸ ਦੇ ਬਿਆਨ ਮੁਤਾਬਕ ਦੁਬਈ ਭੱਜ ਗਿਆ ਹੈ।

ਇਸ ਬਹਾਨੇ ਸਭ ਦੀਆਂ ਪਹਿਲਾਂ ਤੋਂ ਤੈਅਸ਼ੁਦਾ ਪੋਜੀਸ਼ਨਾਂ ਹਨ ਅਤੇ ਇਸ ਬਹਾਨੇ ਸਭ ਆਪੋ ਆਪਣੀ ਪੋਜੀਸ਼ਨ ਚਾਹੇ ਉਹ ਨਫ਼ਰਤ ਦੀ ਹੋਵੇ ਕਿਸੇ ਧੜੇ ਕੁਨਬੇ ਜਾਂ ਧਰਮ ਖਿਲਾਫ ਹੋਵੇ ਲੈ ਬੈਠੇ ਹਨ ਅਤੇ ਇਸ ਬਹਾਨੇ ਸ਼ਬਦੀ ਜੰਗ ਤੋਂ ਸ਼ਬਦੀ ਹਿੰਸਾ ਅਤੇ ਸ਼ਬਦੀ ਟਰੋਲਿੰਗ ਪੂਰੀ ਚਰਚਾ ਵਿੱਚ ਹੈ। ਸੱਭਿਅਕ ਸਮਾਜ ਵਿੱਚ ਅਜਿਹਾ ਹਾਦਸਾ ਹੀ ਸਦਮਾ ਹੈ। ਬੇਸ਼ੱਕ ਕਿਸੇ ਨੂੰ ਵੀ ਇੰਜ ਕਤਲ ਕਰ ਦੇਣਾ ਜਾਇਜ਼ ਨਹੀਂ ਹੈ ਭਾਂਵੇ ਕੋਈ ਵੀ ਵਾਸਤਾ ਕਿਉਂ ਨਾ ਪਾਇਆ ਹੋਵੇ।

ਪਰ ਇਹ ਮਸਲਾ ਹੈ। ਇਸ ਬਾਰੇ ਚਰਚਾ ਕੋਈ ਨਵੀਂ ਨਹੀਂ ਹੈ। ਲੋਕ ਬੋਲੀਆਂ ਦਾ ਹਵਾਲਾ ਤੱਕ ਦਿੰਦਾ ਜਾਂਦਾ ਹੈ। ਪਰ ਉਹਨਾਂ ਵੇਲਿਆਂ ਵਿੱਚ ਅਜਿਹੀਆਂ ਬੋਲੀਆਂ ਦੇ ਨਾਲ ਬਹੁਤ ਕੰਟਰੋਲ ਮਾਹੌਲ ਸਮਾਂ ਅਤੇ ਅਨੁਸ਼ਾਸ਼ਨ ਵੀ ਸੀ। ਉਂਗਲੀਆਂ ‘ਤੇ ਥਿਰਕਦਾ ਸਾਡਾ ਡਿਜੀਟਲ ਗੁਆਂਢ ਅਤੇ ਦੁਨੀਆਂ ਵਿੱਚ ਇਹ ਸੰਭਵ ਨਹੀਂ ਕਿ ਸਮਾਂ ਮਾਹੌਲ ਏਡਾ ਕਾਬੂ ਕੀਤਾ ਜਾ ਸਕੇ।

ਜਦੋਂ ਸੂਚਨਾ ਪ੍ਰਸਾਰਣ ਮੰਤਰੀ ਵਸੰਤ ਰਾਜ ਸਾਠੇ ਮੈਕਸਿਕੋ ਗਏ ਅਤੇ 1982 ਵਿੱਚ ਸੋਪ ਓਪੇਰਾ ਦਾ ਵਿਚਾਰ ਲੈਕੇ ਆਏ। ਇੰਝ ਪਹਿਲੀ ਵਾਰ ਸਾਨੂੰ ਹਮ ਲੋਗ ਨਾਮ ਦਾ ਸੀਰੀਅਲ ਮਿਲਿਆ। ਇਸ ਨਾਲ ਜੁੜੇ ਬੰਦੇ ਅਸ਼ੋਕ ਕੁਮਾਰ ਵਰਗੇ ਸਨ। ਲਿਖਣ ਵਾਲੇ ਮਨੋਹਰ ਸ਼ਿਆਮ ਜੋਸ਼ੀ ਜਹੇ ਅਦੀਬ ਸਨ।

ਇਹ ਸਮਾਂ ਏਨੀ ਤੇਜ਼ੀ ਨਾਲ ਵਧਿਆ ਕਿ ਟੀਵੀ ‘ਤੇ ਰਮਾਇਣ ਆਈ। ਲਾਹੌਰ ਦੇ ਚੰਦਰਾਮੌਲੀ ਚੋਪੜਾ ਉਰਫ ਰਾਮਾਨੰਦ ਸਾਗਰ ਨੇ 1987 ਵਿੱਚ ਇਹਨੂੰ ਪੇਸ਼ ਕੀਤਾ ਤਾਂ ਮੌਜੂਦਾ ਸਰਕਾਰ ਵਿੱਚ ਰਾਜੀਵ ਗਾਂਧੀ ਇਹਦੇ ਪ੍ਰਸਾਰਣ ਤੋਂ ਝਿਜਕਦਾ ਸੀ। ਭਾਵਾਂਕਿ ਸ਼ਾਹਬਾਨੋ ਕੇਸ ਅਤੇ ਬਾਬਰੀ ਵਰਗੇ ਸਹੇੜੇ ਮੁੱਦਿਆਂ ਵਿੱਚ ਇਹਦਾ ਵਿਚਾਰ ਵੀ ਰਾਜੀਵ ਸਰਕਾਰ ਦਾ ਸੀ। ਫਿਰ ਉਸ ਵੇਲੇ ਇਹ ਦਲੀਲ ਆਈ ਕਿ ਜੇ ਰਮਾਇਣ ਭਾਰਤ ਵਿੱਚ ਨਹੀਂ ਵਿਖਾਉਣੀ ਤਾਂ ਕੀ ਨਿਊਯਾਰਕ ਵਿਖਾਈਏ? ਰਮਾਇਣ ਬਾਰੇ ਬਹੁਤ ਕਿਤਾਬਾਂ ਅਤੇ ਲੇਖ ਲਿਖੇ ਗਏ ਹਨ। ਚੰਗੇ ਦੇ ਨਾਲ ਨਾਲ ਰਮਾਇਣ ਨੇ ਹਿੰਦੂਤਵ ਸਿਆਸਤ ਨੂੰ ਉਭਾਰਣ ਵਿੱਚ ਵੱਡਾ ਕਾਰਜ ਕੀਤਾ ਹੈ।

ਖੈਰ ਇਹਨਾਂ ਸਮਿਆਂ ਵਿੱਚ ਬੀ ਗ੍ਰੇਡ ਸਿਨੇਮਾ ਵੀ ਬਣਦਾ ਸੀ। ਦੋ ਅਰਥੀ ਸੰਵਾਦ ਅਤੇ ਅਸ਼ਲੀਲ ਦ੍ਰਿਸ਼ਾਂ ਦੀ ਭਰਮਾਰ ਕਹਾਣੀ ਵਿੱਚ ਰਲਾ ਇਹਨੂੰ ਕਾਂਤੀ ਸ਼ਾਹ ਵਰਗੇ ਖੂਬ ਲੈਕੇ ਆਏ। ਸਿੰਗਲ ਸਕ੍ਰੀਨ ਸਿਨੇਮਾ ਵਿੱਚ ਇਹਨਾਂ ਫਿਲਮਾਂ ਦੀ ਮੁਕੰਮਲ ਵੱਖਰੀ ਇੰਡਸਟਰੀ ਸੀ। ਬਾਵਜੂਦ ਇਹਦੇ ਇੱਕ ਹੱਦਬੰਦੀ ਸੀ। ਗੱਲਾਂ ਰੱਲਗੱਡ ਨਹੀਂ ਸਨ।

ਵਿਸ਼ੇ ਅਤੇ ਮਾਹੌਲ ਪਿਛਲੇ ਤਿੰਨ ਦਹਾਕਿਆਂ ਵਿੱਚ ਬਹੁਤ ਤੇਜ਼ ਬਦਲਿਆ ਹੈ। ਟੀਵੀ ਜੋ ਘਰਾਂ ਵਿੱਚ ਵੇਖਿਆ ਜਾਂਦਾ ਸੀ ਪਰ ਤੈਅਸ਼ੁਦਾ ਵਰਗੀਕਰਨ ਫਿਰ ਵੀ ਸੀ। ਹਰ ਵਿਸ਼ੇ ਦਾ ਆਪਣਾ ਉਪਭੋਗਤਾ ਸੀ। ਫਿਰ ਦਾਖਲ ਹੁੰਦਾ ਹੈ – ਬਿਗ ਬੌਸ !

ਇਸ ਵਿੱਚ ਜਦੋਂ ਸਨੀ ਲਿਓਨ ਦਾਖਲ ਹੁੰਦੀ ਹੈ। ਲੋਕਾਂ ਨੂੰ ਪਤਾ ਹੀ ਨਾ ਚੱਲਿਆ ਕਿ ਕਿਵੇਂ ਇੱਕ ਹੱਦਬੰਦੀ ਵਿੱਚ ਵਰਤੀ ਜਾਂਦੀ ਸਮੱਗਰੀ ਟੀਵੀ ਰਾਹੀਂ ਸਾਡੇ ਘਰਾਂ ਵਿੱਚ ਪਰਿਵਾਰਾਂ ਵਿੱਚ ਪੋਰਨਗ੍ਰਾਫੀ ਨਾਲ ਜਨਤਕ ਆਮ ਜਾਂਣ ਪਛਾਣ ਹੋ ਗਈ। ਇਹ ਵੱਡਾ ਬਦਲਾਅ ਸੀ।

ਬੀ ਗ੍ਰੇਡ ਸਿਨੇਮਾ ਵਿੱਚ ਕਿਸੇ ਵੇਲੇ ਧਰਮਿੰਦਰ ਮਿਥੁਨ ਚੱਕਰਵਰਤੀ ਜਹੇ ਅਦਾਕਾਰ ਵੀ ਫਿਲਮਾਂ ਕਰਨ ਲੱਗ ਗਏ ਸਨ। ਫਿਰ ਬੀ ਗ੍ਰੇਡ ਵਿੱਚ ਪੰਜ ਮਿੰਟ ਦੇ ਵੱਖਰੇ ਕੱਟ ਨਾਲ ਪੋਰਨ ਫਿਲਮ ਸਿਨੇਮਿਆਂ ਵਿੱਚ ਵਿਖਾਉਣ ਲੱਗੇ। ਇਸ ਤੋਂ ਅੱਗੇ ਵੱਡਾ ਬਦਲਾਅ ਉਦੋਂ ਆਇਆ ਜਦੋਂ ਸਮਾਰਟ ਫੋਨ + 4ਘ ਨੈੱਟ ਦੀ ਸਹੂਲਤ ਵਧੀ।

ਇਹਦੇ ਮਗਰ ਮਗਰ ਜੇ ਬੀ ਗ੍ਰੇਡ ਸਿਨੇਮਾ ਖਤਮ ਹੋ ਗਿਆ ਅਤੇ ਰਮਾਇਣ ਹਮ ਲੋਗ ਤੋਂ ਅੱਗੇ ਬਿਗ ਬੌਸ ਆ ਗਿਆ ਤਾਂ ਨਾਲੋਂ ਨਾਲ ਸਮਾਰਟ ਫੋਨ ਨੇ ਬੀ ਗ੍ਰੇਡ ਫਿਲਮਾਂ ਦੇ ਵਿਸ਼ੇ ਅਦਾਕਾਰੀ ਰੀਲਾਂ ਦੇ ਰੂਪ ਵਿੱਚ ਆਮ ਘਰਾਂ ਦੇ ਜੀਆਂ ਨੂੰ ਹੀ ਇਹਦਾ ਸਰੋਤ ਬਣਾ ਦਿੱਤਾ ਹੈ। ਪੋਰਨ ਵਿਸ਼ੇ ਦੀ ਸਮੱਗਰੀ ਦੇ ਸਿਰਲੇਖ ਵੇਖੋ ਤਾਂ ਸਮਝ ਆਉਂਦਾ ਕਿ ਇਹ ਇੰਡਸਟਰੀ ਸਮਾਜ ਦੇ ਮਨੋਵਿਗਿਆਨ ਦੇ ਅੰਦਰ ਲੁੱਕੀ ਹੋਈ ਕਿਹੜੀ ਪ੍ਰਵਿਰਤੀ ਨੂੰ ਹੱਲਾਸ਼ੇਰੀ ਦੇ ਰਹੀ ਹੈ ?

ਇਸ ਬਾਰੇ ਸਹਿਜ ਅਤੇ ਗੰਭੀਰਤਾ ਦੀ ਬਹੁਤ ਲੋੜ ਹੈ। ਲ਼ਗਭਗ ਜਹੇ ਵਿਸ਼ੇ ਹੋਣ ਜਾਂ ਅਸ਼ਲੀਲ ਜਾਂ ਅਜਿਹੇ ਵਿਸ਼ੇ ਇਸ ਬਾਰੇ ਛਾਨਣੀ ਜਾਬਤਾ ਅਨੁਸ਼ਾਸ਼ਨ ਦਾ ਵਿਧਾਨ ਪਰਿਵਾਰਕ ਇਕਾਈ ਸੰਸਥਾ ਅਤੇ ਹਰ ਵਿਅਕਤੀਗਤ ਮਸ਼ੱਕਤ ਹੈ।

ਇਹ ਨਾ ਹੋਣ ਕਰਕੇ ਹੀ ਮਸਲਾ ਕੋਈ ਹੋਰ ਹੁੰਦਾ ਪਰ ਟਰੋਲਿੰਗ ਦੇ ਨਾਮ ‘ਤੇ ਅਸੀਂ ਚਰਚਾ ਅਤੇ ਨਿਸ਼ਾਨਾ, ਸ਼ਬਦੀ ਹਿੰਸਾ ਅਤੇ ਟਰੋਲਿੰਗ ਕੁਝ ਹੋਰ ਕਰਕੇ ਆਪਣੇ ਆਪ ਨੂੰ ਅਨੰਦ ਦੇ ਰਹੇ ਹੁੰਦੇ ਹਾਂ। ਸਮਾਜ ਸਾਡਾ ਜੋ ਕਿਸੇ ਵੀ ਖਤਰਨਾਕ ਬਦਲਾਅ ਵਿੱਚ ਸਹਿਮਦਾ ਹੈ ਭੈਭੀਤ ਹੁੰਦਾ ਹੈ ਉਹ ਸਮੁੱਚੇ ਖਾਕੇ ਦਾ ਪੀੜਤ ਹੈ। ਇਸ ਵਿੱਚ ਬੀਬੀ ਵੀ ਪੀੜਤ ਹੈ ਅਤੇ ਕਤਲ ਕਰਨ ਵਾਲਾ ਵੀ ਪੀੜਤ ਹੈ।

ਫਿਰ ਇਸ ਨੂੰ ਨਿਜਿੱਠਣ ਵਿੱਚ ਵੀ ਸਮਾਜ ਨੂੰ ਵਿਤਕਰਾ ਮਹਿਸੂਸ ਹੁੰਦਾ ਹੈ। ਇਹ ਵਿਤਕਰਾ ਜਮਾਤ ਵਿੱਚ ਪਿਆ ਹੈ। ਜਦੋਂ ਪੁਲਿਸ ਦੀ ਦੇਖ ਰੇਖ ਵਿੱਚ ਤਸੀਹੇ ਭੁਗਤਦੇ ਇੱਕ ਨੌਜਵਾਨ ਦਾ ਕਾਨੂੰਨੀ ਸ਼ਹਿ ਹੇਠ ਕਤਲ ਹੁੰਦਾ ਹੈ ਤਾਂ ਕਾਰਵਾਈ ਸੁਸਤ ਹੈ ਪਰ ਅਜਿਹੇ ਮਾਮਲੇ ਵਿੱਚ ਖਬਰ ਇਹ ਵੀ ਆਉਂਦੀ ਹੈ ਕਿ ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਦੇ ਪਰਿਵਾਰ ਨੂੰ ਪਰੇਸ਼ਾਨ ਕੀਤਾ ਗਿਆ ਜਾਂ ਫੌਰੀ ਐਕਸ਼ਨ ਹੋ ਰਿਹਾ ਹੈ।

ਸਮਾਜ ਦੀ ਬਹੁਤ ਗੁੰਝਲਦਾਰ ਹਾਲਤ ਹੈ। ਹਾਂ ਇਹ ਪੂਰੇ ਹੋਸ਼ ਵਿੱਚ ਕਹੀ ਗੱਲ ਹੈ ਕਿ ਕਾਰਨ ਜੋ ਵੀ ਹੋਣ ਕਤਲ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਪਰ ਨਾਲ ਸਵਾਲ ਇਹ ਵੀ ਹੈ ਕਿ ਇਹ ਹਲਾਤ ਬਣਦੇ ਕਿਉਂ ਹਨ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਫਰਤ ਫੈਲਾਉਂਦੇ ਪੇਜਾਂ ਅਤੇ ਸੋਸ਼ਲ ਮੀਡੀਆ ਬਾਰੇ ਕਿੰਨੀ ਹੀ ਵਾਰ ਸ਼ਕਾਇਤ ਦਰਜ ਕਰਵਾਉਂਦੀ ਹੈ ਪਰ ਇਸ ਬਾਰੇ ਕਾਰਵਾਈ ਨਾ ਮਾਤਰ ਜਾਂ ਹੁੰਦੀ ਨਹੀਂ। ਅੱਜ ਬੀਬੀ ਦੇ ਕਤਲ ਬਹਾਨੇ ਵੱਡੀ ਚਰਚਾ ਹੈ ਪਰ ਮਹੀਨਾ ਪਹਿਲਾਂ ਪਾਕਿਸਤਾਨ ਗਏ ਯੂਟਿਊਬਰ ਜੋੜਿਆਂ ਨੂੰ ਖੂਬ ਟਰੋਲ ਕੀਤਾ ਜਾ ਰਿਹਾ ਸੀ।

ਸਮਾਜ ਪਰਿਵਾਰ ਅਤੇ ਅਨੁਸ਼ਾਸ਼ਨ ਵਿਚਕਾਰ ਕਾਨੂੰਨ ਨੈਤਿਕਤਾ ਅਤੇ ਵਿਚਾਰਾਂ ਦੀ ਅਜ਼ਾਦੀ ਦਾ ਮਹੀਨ ਜਿਹਾ ਜਾਬਤਾ ਹੈ। ਇਹ ਸ਼ਬਦੀ ਹਿੰਸਾ ਅਤੇ ਟਰੋਲਿੰਗ ਇੱਕਲੀ ਅਜਿਹੇ ਵਿਸ਼ੇ ਦੇ ਇਨਫੂਲੈਂਸਰਾਂ ਤੱਕ ਨਹੀਂ ਹੈ। ਕਹਿੰਦੇ ਕਹਾਉਂਦੇ ਚੈਨਲਾਂ ਦੇ ਸਿਰਲੇਖ ਵੇਖੋ ਜ਼ਰਾ ਵੱਡੇ ਚੈਨਲਾਂ ਤੋਂ ਲੈਕੇ ਨਿੱਕੇ ਤੱਕ ਪੱਤਰਕਾਰੀ ਵਿੱਚ ਅਨਪੜ੍ਹਤਾ ਅਤੇ ਵਹਿਸ਼ਤ ਵੀ ਸਿਖਰ ‘ਤੇ ਹੈ।



ਹਰਪ੍ਰੀਤ ਸਿੰਘ ਕਾਹਲੋਂ

# ਹਰ ਰੋਜ਼ ਹੀ ਫਾਦਰ ਡੇਅ

ਉਂਝ ਤਾਂ ਹਰ ਰੋਜ਼ ਹੀ ਫਾਦਰ ਡੇਅ ਹੈ ਤੇ ਮਦਰ ਡੇਅ ਹੈ ਕਿਉਂਕਿ ਇਹਨਾਂ ਦੋਹਾਂ ਕਰਕੇ ਸਾਡਾ ਵਜੂਦ ਹੈ। ਮਾਂ ਬਾਪ ਦੇ ਡੀਐੱਨਏ ਰਾਹੀਂ ਸਾਡੇ ਬਾਲ੍ਹਾਂ ਦਾ ਰੰਗ, ਅੱਖਾਂ ਦਾ ਰੰਗ, ਸਾਡਾ ਕੱਦ ਤੇ ਹੋਰ ਬਹੁਤ ਕੁਝ ਤੈਅ ਹੁੰਦਾ ਹੈ। ਸਾਡੀ ਸੋਚਣੀ, ਸਾਡੇ ਸੰਸਕਾਰ ਇਹਨਾਂ ਤੋਂ ਹੀ ਮਿਲੇ ਨੇ।



ਜੇ ਆਦਮੀ ਸੱਠ ਪ੍ਰਤੀਸ਼ਤ ਆਦਮੀ ਹੈ ਤੇ ਚਾਲੀ ਪ੍ਰਤੀਸ਼ਤ ਔਰਤ ਹੁੰਦੀ ਹੈ, ਤਾਂ ਉਹ ਮਰਦ ਹੁੰਦਾ ਹੈ। ਇਸੇ ਤਰ੍ਹਾਂ ਜੇ ਸੱਠ ਪ੍ਰਤੀਸ਼ਤ ਔਰਤ ਹੈ ਤੇ ਚਾਲੀ ਪ੍ਰਤੀਸ਼ਤ ਆਦਮੀ ਹੈ ਤਾਂ ਉਹ ਔਰਤ ਹੁੰਦੀ ਹੈ। ਇਸ ਕਰਕੇ ਬਾਪੂ ਚ ਮਾਂ ਤੇ ਮਾਂ ਚ ਬਾਪੂ ਹੈ।

ਬਾਪੂ ਗੁਰਬਖਸ਼ ਜੱਸ ਨੇ ਮੈਨੂੰ ਕਿਸੇ ਕੰਮ ਤੋਂ ਨਹੀਂ ਰੋਕਿਆ, ਨਾ ਕਿਹਾ ਕਿ ਨੰਬਰ ਇੰਨੇ ਪ੍ਰਤੀਸ਼ਤ ਆਉਣੇ ਹੀ ਚਾਹੀਦੇ ਨੇ। ਇੱਕ ਵਾਰ ਮੇਰੀ ਕਮੀਜ਼ ਦੀ ਜੇਬ ਚੋਂ ਸਿਗਰਟ ਨਿਕਲੀ। ਬਾਪੂ ਨੇ ਕਿਹਾ, "ਵੇਖ ਪੁੱਤ , ਨਾਂ ਤਾਂ ਤੇਰੇ ਨਾਲ ਮੈਂ ਹਰ ਵੇਲੇ ਰਹਿਣਾ। ਇਹ ਹੁਣ ਤੂੰ ਹੀ ਵੇਖ ਕਿ ਇਹ ਤੇਰੀ ਸੇਹਤ ਲਈ ਚੰਗੀ ਹੈ ਜਾਂ ਖਰਾਬ?"

ਸਾਰੀ ਉਮਰ ਬਾਪੂ ਨੇ ਸਾਈਕਲ ਚਲਾਇਆ ਮੈਨੂੰ ਬਜਾਜ ਸਕੂਟਰ ਲੈ ਕੇ ਦਿੱਤਾ ਕਿਹਾ ਹੁਣ ਵਿਆਹ ਹੋਣਾ ਆ, ਜ਼ਨਾਨੀ ਨੇ ਸਾਇਕਲ ਤੇ ਨਹੀਂ ਬਹਿਣਾ।

ਇਨ੍ਹਾਂ ਕੁਝ ਦੇਣ ਵਾਲੇ ਬਾਪੂ ਬਾਰੇ ਕੀ ਸਿਫ਼ਤ ਕਰ੍ਹਾਂ?

ਬਾਪੂ ਨੂੰ ਬਣਾਉਣ ਵਿੱਚ ਮਾਂ ਦਾ ਵੀ ਬਹੁਤ ਵੱਡਾ ਯੋਗਦਾਨ ਹੈ। ਲੇਖਕ ਹੋਣ ਕਰਕੇ ਘਰ ਦੀਆਂ ਕਈ ਸਾਰੀਆਂ ਗੱਲ੍ਹਾਂ ਜਿੰਦਾਂ ਰਿਸ਼ਤੇਦਾਰੀਆਂ, ਮਕਾਨ ਬਣਾਉਣਾ ਆਦਿ ਵੱਲ ਧਿਆਨ ਨਹੀਂ ਦੇ ਪਾਉਣਾ ਤਾਂ ਬੇਬੇ ਨੇ ਸਾਰੇ ਕੰਮ ਨਿਪਟਾਉਣੇ। ਬਾਪੂ ਨੇ ਤਿੰਨ ਸਿਰਫ਼ ਕਿਤਾਬਾਂ ਪੜ੍ਹਨੀਆਂ ਤੇ ਲਿਖਣੀਆਂ ਹੁੰਦੀਆਂ।

ਬਾਪੂ ਨੇ ਕਈ ਵਾਰ ਕਹਿਣਾ ਤੂੰ ਬਾਹਰਲੇ ਮੁਲਕ ਸੈਟਲ ਹੋ ਜਾਂਦਾ। ਮੈਂ ਕਹਿਣਾ, ਬਾਪੂ ਇੱਕੋ ਇੱਕ ਹੀ ਪੁੱਤ ਹਾਂ ਤੇਰਾ ਭਾਰਤ 'ਚ ਰਹੂੰਗਾ ਤਾਂ ਦੋ ਜਾਂ ਤਿੰਨ ਮਹੀਨੇ ਬਾਅਦ ਮਿਲ ਹੀ ਜਾਇਆ ਕਰੂੰ। ਬਾਹਰ ਪਰਦੇਸਾਂ ਵਿੱਚ ਫੋਨ ਤੇ ਬੈਠ ਕੇ ਰੋਣ ਨਾਲੋਂ ਤਾਂ ਚੰਗਾ।

ਬਾਪੂ ਨੇ ਸਵੇਰੇ ਸੈਰ ਕਰਨ ਜਾਣਾ, ਟਾਹਲੀ ਦੀ ਦਾਤੁਣ ਕਰਨੀ, ਤਾਲੀਆਂ ਮਾਰਨੀਆਂ ਤੇ ਹੱਸਣਾ, ਫਿਰ ਆਕੇ ਪ੍ਰਾਣਾਯਾਮ ਕਰਨਾ।

ਬਾਪੂ ਨੇ ਓਸ਼ੋ, ਰਾਹੁਲ ਸੰਕਰਤਾਇਨ, ਸਵੈ ਸਾਚੀ ਦੇ ਸਾਹਿਤ ਨੂੰ ਪੰਜਾਬੀ ਚ ਰੁਪਾਂਤਰ ਕੀਤਾ। ਜਿਸ ਕਰਕੇ ਮੇਰੀ ਝੋਲੀ ਚ ਵੀ ਸਾਹਿਤ ਆ ਗਿਆ।

ਅੱਜ ਮੈਂ ਸੈਰ ਕਰਕੇ ਆਇਆ ਤਾਂ ਨੇ ਤਾੜੀਆਂ ਮਾਰੀਆਂ ਅਤੇ ਤਾਂ ਬਾਪੂ ਨੇ ਮੇਰੇ ਵੱਲ ਦੇਖ ਕੇ ਤਾੜੀਆਂ ਮਾਰੀਆਂ ਤੇ ਮੁਸਕਰਾਇਆ ਤਾਂ ਲੱਗਾ ਕਿ ਕੁਝ ਤਾਂ ਖੂਨ ਚ ਅਸਰ ਹੈ। ਬਾਪੂ ਅੱਜਕਲ ਤੁਰ ਫਿਰ ਨਹੀਂ ਪਾਉਂਦਾ।

ਬਾਪੂ ਕੋਲੋਂ ਇੱਕ ਸਿੱਖਿਆ ਲਈ ਕਿ "ਜ਼ਿਆਦਾ ਪੈਸਾ ਕਮਾਉਣ ਨਾ ਭੱਜੋ ਚੰਗੇ ਮਿੱਤਰ ਕਮਾਓ। ਕਿਉਕਿਂ ਪੈਸੇ ਦੀ ਦੌੜ ਚ ਚੰਗੇ ਦੋਸਤ ਨਾ ਕਮਾ ਸਕੇ ਤਾਂ ਕੋਈ ਫਾਇਦਾ ਨਹੀਂ।" ਹੁਣ ਕਈ ਬਾਰ ਜਦ ਕਿਤੇ ਕੋਈ ਲੋੜ ਹੁੰਦੀ ਹੈ ਤਾਂ ਐਸੇ ਦੋਸਤ ਨੇ ਜੋ ਮੋਢੇ ਨਾਲ ਮੋਢਾ ਲਾ ਕੇ ਖਲੋ ਜਾਂਦੇ ਨੇ।

ਬਾਪੂ ਦੀ ਚੰਗੀ ਸੇਹਤ ਦੀ ਦੁਆ ਕਰਦਿਆਂ, ਦੁਨੀਆ ਭਰ ਦੇ ਬਾਪੂਆਂ ਨੂੰ ਸਲਾਮ।

ਰਜਨੀਸ਼ ਜੱਸ







ਪੰਜਾਬ ਸਟਾਰ
www.punjabstar.com

## 'Thug Life' ਰਿਲੀਜ਼ ਨਾ ਕਰਨ 'ਤੇ Supreme Court ਨੇ ਕਰਨਾਟਕ ਸਰਕਾਰ ਨੂੰ ਲਗਾਈ ਫਟਕਾਰ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਰਨਾਟਕ ਸਰਕਾਰ ਨੂੰ ਅਦਾਕਾਰ ਕਮਲ ਹਾਸਨ ਦੀ ਫ਼ਿਲਮ 'ਠੱਗ ਲਾਈਫ਼' ਨੂੰ ਕਰਨਾਟਕ ਵਿਚ ਰਿਲੀਜ਼ ਨਾ ਕਰਨ 'ਤੇ ਫਟਕਾਰ ਲਗਾਉਂਦੇ ਹੋਏ ਕਿਹਾ ਕਿ ਭੀੜ ਅਤੇ ਨੈਤਿਕਤਾ ਦੇ ਅਖੌਤੀ ਰੱਖਿਅਕਾਂ ਨੂੰ ਸੜਕਾਂ 'ਤੇ ਹੰਗਾਮਾ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ।

ਜਸਟਿਸ ਉੱਜਲ ਭੂਯਾਨ ਅਤੇ ਮਨਮੋਹਨ ਦੇ ਬੈਂਚ ਨੇ ਕਿਹਾ ਕਿ ਕਾਨੂੰਨ ਦਾ ਰਾਜ ਸਥਾਪਤ ਕੀਤਾ ਜਾਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਫ਼ਿਲਮ ਦੇਖਣ ਤੋਂ ਰੋਕਣ ਲਈ ਉਨ੍ਹਾਂ ਦੇ ਸਿਰਾਂ 'ਤੇ ਬੰਦੂਕਾਂ ਨਹੀਂ ਤਾਣੀਆਂ ਜਾ ਸਕਦੀਆਂ। ਸੁਪਰੀਮ ਕੋਰਟ ਨੇ ਕਰਨਾਟਕ ਸਰਕਾਰ ਨੂੰ ਰਾਜ ਵਿਚ ਫ਼ਿਲਮ ਦੀ ਰਿਲੀਜ਼ ਬਾਰੇ ਜਾਣਕਾਰੀ ਦੇਣ ਲਈ ਇਕ ਦਿਨ ਦਾ ਸਮਾਂ ਦਿਤਾ ਅਤੇ ਕਿਹਾ ਕਿ ਇਕ ਵਾਰ ਫ਼ਿਲਮ ਨੂੰ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ ਤੋਂ ਮਨਜ਼ੂਰੀ ਮਿਲ ਜਾਣ ਤੋਂ ਬਾਅਦ, ਇਸ ਨੂੰ ਸਾਰੇ ਰਾਜਾਂ ਵਿਚ ਰਿਲੀਜ਼ ਕੀਤਾ ਜਾਣਾ ਚਾਹੀਦਾ ਹੈ। ਬੈਂਚ ਨੇ ਕਿਹਾ ਕਿ ਜੇ ਕਮਲ ਹਾਸਨ ਨੇ ਕੁੱਝ ਵੀ ਅਸੁਵਿਧਾਜਨਕ ਕਿਹਾ ਹੈ, ਤਾਂ ਇਸ ਨੂੰ ਪੂਰਨ ਸੱਚ ਨਹੀਂ ਮੰਨਿਆ ਜਾ ਸਕਦਾ ਅਤੇ ਕਰਨਾਟਕ ਦੇ ਗਿਆਨਵਾਨ ਲੋਕਾਂ ਨੂੰ ਇਸ 'ਤੇ ਬਹਿਸ ਕਰਨੀ ਚਾਹੀਦੀ ਸੀ ਅਤੇ ਕਹਿਣਾ ਚਾਹੀਦਾ ਸੀ ਕਿ ਉਹ ਗਲਤ ਸਨ। ਸੁਪਰੀਮ ਕੋਰਟ ਨੇ ਕੰਨੜ ਭਾਸ਼ਾ 'ਤੇ ਕਮਲ ਹਾਸਨ ਦੀਆਂ ਟਿੱਪਣੀਆਂ ਲਈ ਮੁਆਫ਼ੀ ਮੰਗਣ ਲਈ ਹਾਈ ਕੋਰਟ ਦੀਆਂ ਹਾਲੀਆ ਟਿੱਪਣੀਆਂ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਮੁਆਫ਼ੀ ਮੰਗਣਾ ਉਸ ਦਾ ਕੰਮ ਨਹੀਂ ਹੈ। ਬੈਂਚ ਨੇ ਹਾਈ ਕੋਰਟ ਵਿਚ ਲੰਬਿਤ ਫ਼ਿਲਮ ਨਾਲ ਸਬੰਧਤ ਕੇਸ ਨੂੰ ਸੁਪਰੀਮ ਕੋਰਟ ਵਿਚ ਤਬਦੀਲ ਕਰ ਦਿਤਾ ਅਤੇ ਮਾਮਲੇ ਦੀ ਅਗਲੀ ਸੁਣਵਾਈ ਵੀਰਵਾਰ ਨੂੰ ਤੈਅ ਕੀਤੀ।



## ਇਮਤਿਆਜ਼ ਅਲੀ ਨਾਲ ਦਿਲਜੀਤ ਦੋਸਾਂਝ ਦੀ ਅਗਲੀ ਫ਼ਿਲਮ ਅਗਲੇ ਸਾਲ ਵਿਸਾਖੀ ਮੌਕੇ ਹੋਵੇਗੀ ਰਿਲੀਜ਼

ਮੁੰਬਈ : ਫਿਲਮ ਨਿਰਮਾਤਾ ਇਮਤਿਆਜ਼ ਅਲੀ ਦੀ ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਨਾਲ ਅਗਲੀ ਫਿਲਮ ਅਪਰੈਲ 2026 ਵਿੱਚ ਵਿਸਾਖੀ ਮੌਕੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਇਹ ਇਮਤਿਆਜ਼ ਅਲੀ ਅਤੇ ਦਿਲਜੀਤ ਦੋਸਾਂਝ ਦੀ ਇਕੱਠਿਆਂ ਦੀ ਦੂਜੀ ਫਿਲਮ ਹੋਵੇਗੀ। ਇਸ ਤੋਂ



ਪਹਿਲਾਂ 2024 ਵਿੱਚ ਦੋਹਾਂ ਦੀ ਆਈ ਫਿਲਮ 'ਅਮਰ ਸਿੰਘ ਚਮਕੀਲਾ' ਨੂੰ ਦਰਸ਼ਕਾਂ ਨੇ ਖੂਬ ਸਰਾਹਿਆ ਸੀ। ਅਗਲੀ ਫਿਲਮ ਵਿੱਚ ਨਸੀਰੂਦੀਨ ਸ਼ਾਹ, ਸ਼ਰਵਰੀ ਅਤੇ ਵੇਦਾਂਗ ਰੈਣਾ ਵੀ ਨਜ਼ਰ ਆਉਣਗੇ।

ਇਮਤਿਆਜ਼ ਅਲੀ ਨੇ ਇਕ ਅਧਿਕਾਰਤ ਬਿਆਨ ਵਿੱਚ ਕਿਹਾ, ''ਕੀ ਪਿਆਰ ਸੱਚ ਵਿੱਚ ਗੁਆਚ ਸਕਦਾ ਹੈ? ਕੀ ਕਿਸੇ ਦੇ ਦਿਲ ਤੋਂ ਉਸ ਦੀ ਜਗ੍ਹਾ ਖੋਹੀ ਜਾ ਸਕਦੀ ਹੈ? ਇਹ ਫਿਲਮ ਦਿਲ ਨਾਲ ਜੁੜੀ ਹੈ। ਇਸ ਦਾ ਕੈਨਵਸ ਵੱਡਾ ਹੈ, ਪਰ ਕਹਾਣੀ ਦਿਲ ਦੇ ਕਾਫੀ ਨੇੜੇ ਹੈ। ਇਹ ਇਕ ਮੁੰਡੇ ਤੇ ਕੁੜੀ ਦੀ ਕਹਾਣੀ ਹੈ, ਪਰ ਨਾਲ ਹੀ ਇਕ ਦੇਸ਼ ਦੀ ਕਹਾਣੀ ਵੀ ਹੈ।'' ਉਨ੍ਹਾਂ ਕਿਹਾ, ''ਸਾਨੂੰ ਆਸ ਹੈ ਕਿ ਅਗਲੇ ਸਾਲ ਸਿਨੇਮਾਘਰਾਂ ਵਿੱਚ ਇਹ ਫਿਲਮ ਦਰਸ਼ਕਾਂ ਲਈ ਵਧੀਆ ਤਜਰਬਾ ਲੈ ਕੇ ਆਵੇਗੀ।'' ਇਸ ਫਿਲਮ ਵਿੱਚ ਇਮਤਿਆਜ਼ ਅਲੀ, ਏਆਰ ਰਹਿਮਾਨ ਅਤੇ ਇਰਸ਼ਾਦ ਕਾਮਿਲ ਮੁੜ ਤੋਂ ਇੱਕੋ ਨਾਲ ਕੰਮ ਕਰਨਗੇ, ਜਿਨ੍ਹਾਂ ਨੇ 'ਅਮਰ ਸਿੰਘ ਚਮਕੀਲਾ', 'ਤਮਾਸ਼ਾ' ਅਤੇ 'ਰੌਕਸਟਾਰ' ਵਰਗੀਆਂ ਫਿਲਮਾਂ ਵਿੱਚ ਆਪਣੇ ਕੁਝ ਸਭ ਤੋਂ ਯਾਦਗਾਰ ਗੀਤ ਦਿੱਤੇ ਹਨ। ਫਿਲਮ ਦੀ ਸ਼ੂਟਿੰਗ ਇਸ ਸਾਲ ਅਗਸਤ ਵਿੱਚ ਸ਼ੁਰੂ ਹੋਵੇਗੀ। ਇਮਤਿਆਜ਼ ਅਲੀ ਅਤੇ ਦਿਲਜੀਤ ਦੋਸਾਂਝ ਦੀ ਪਿਛਲੀ ਫਿਲਮ 'ਅਮਰ ਸਿੰਘ ਚਮਕੀਲਾ' ਵੀ 2024 ਵਿੱਚ ਵਿਸਾਖੀ ਮੌਕੇ ਹੀ ਰਿਲੀਜ਼ ਹੋਈ ਸੀ।

## ਦਿਲਜੀਤ ਦੋਸਾਂਝ, ਸਰਦਾਰ ਜੀ 3 ਦਾ ਟੀਜ਼ਰ ਰਿਲੀਜ਼




ਦਿਲਜੀਤ ਦੋਸਾਂਝ ਭਾਰਤੀ ਸੰਗੀਤ ਦੀ ਦੁਨੀਆ ਵਿੱਚ ਇੱਕ ਵੱਡਾ ਨਾਮ ਬਣ ਗਏ ਹਨ ਅਤੇ ਇੱਕ ਅਦਾਕਾਰ ਦੇ ਤੌਰ 'ਤੇ, ਉਨ੍ਹਾਂ ਨੇ ਹੁਣ ਤੱਕ ਕਈ ਫ਼ਿਲਮਾਂ ਵੀ ਕੀਤੀਆਂ ਹਨ। ਉਨ੍ਹਾਂ ਨੇ ਹਿੰਦੀ ਅਤੇ ਪੰਜਾਬੀ ਫ਼ਿਲਮਾਂ ਵਿੱਚ ਵੱਖ-ਵੱਖ ਤਰ੍ਹਾਂ ਦੇ ਕਿਰਦਾਰ ਨਿਭਾਏ ਹਨ। ਹਾਲ ਹੀ ਵਿੱਚ, ਉਨ੍ਹਾਂ ਦੀ ਪੰਜਾਬੀ ਫ਼ਿਲਮ 'ਸਰਦਾਰਜੀ 3' ਦਾ ਟੀਜ਼ਰ ਰਿਲੀਜ਼ ਹੋਇਆ ਹੈ।

ਟੀਜ਼ਰ ਦੇਖਣ ਤੋਂ ਬਾਅਦ ਦਿਲਜੀਤ ਦੇ ਪ੍ਰਸ਼ੰਸਕ ਹੱਸ-ਹੱਸ ਲੋਟ ਪੋਟ ਹੋ ਗਏ। ਨਾਲ ਹੀ, ਫ਼ਿਲਮ ਵਿੱਚ ਪ੍ਰਸ਼ੰਸਕਾਂ ਨੂੰ ਕਾਮੇਡੀ ਦੇ ਨਾਲ-ਨਾਲ ਹਾਰਰ ਦਾ ਜ਼ਬਰਦਸਤ ਤੜਕਾ ਦੇਖਣ ਨੂੰ ਮਿਲੇਗਾ। ਟੀਜ਼ਰ ਦੀ ਸ਼ੁਰੂਆਤ ਵਿੱਚ, ਯੂਕੇ ਵਿੱਚ ਇੱਕ ਭੂਤ ਵਾਲੀ ਜਗ੍ਹਾ ਦਿਖਾਈ ਗਈ ਹੈ। ਇਸ ਜਗ੍ਹਾ 'ਤੇ ਹੀ ਦਿਲਜੀਤ ਦੋਸਾਂਝ ਦੇ ਕਿਰਦਾਰ ਦੀ ਐਂਟਰੀ ਹੁੰਦੀ ਹੈ। ਭੂਤ ਇੱਕ ਰੋਮਾਂਚਕ ਮਾਹੌਲ ਪੈਦਾ ਹੁੰਦਾ ਹੈ।

ਅਗਲੇ ਦ੍ਰਿਸ਼ਾਂ ਵਿੱਚ, ਦਿਲਜੀਤ ਦੇ ਕਿਰਦਾਰ ਨੂੰ ਕਈ ਸੁੰਦਰ ਭੂਤਾਂ ਨਾਲ ਦਿਖਾਇਆ ਗਿਆ ਹੈ ਜੋ ਉਸ ਦੇ ਨਾਲ ਰਹਿੰਦੇ ਹਨ। ਫ਼ਿਲਮ ਵਿੱਚ ਦਿਲਜੀਤ ਦਾ ਕਿਰਦਾਰ ਇੱਕ ਭੂਤ ਸ਼ਿਕਾਰੀ ਦਾ ਹੈ, ਜੋ ਕਿ ਬਹੁਤ ਮਜ਼ਾਕੀਆ ਵੀ ਹੈ। ਟੀਜ਼ਰ ਦੇਖਣ ਤੋਂ ਬਾਅਦ, ਲੱਗਦਾ ਹੈ ਕਿ ਦਿਲਜੀਤ ਦੀ ਇਹ ਫ਼ਿਲਮ ਦਰਸ਼ਕਾਂ ਦਾ ਬਹੁਤ ਮਨੋਰੰਜਨ ਕਰੇਗੀ। ਪੰਜਾਬੀ ਫ਼ਿਲਮ 'ਸਰਦਾਰ ਜੀ 3' ਦਾ ਨਿਰਦੇਸ਼ਨ ਅਮਰ ਹੁੰਦਲ ਕਰ ਰਹੇ ਹਨ। ਦਿਲਜੀਤ ਦੋਸਾਂਝ ਦੇ ਨਾਲ, ਨੀਰੂ ਬਾਜਵਾ ਅਤੇ ਮਾਨਵ ਵਿਜ ਵੀ ਫ਼ਿਲਮ ਵਿੱਚ ਮਹੱਤਵਪੂਰਨ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਇਹ ਫ਼ਿਲਮ 27 ਜੂਨ, 2025 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।

## ਦਰਸ਼ਕਾਂ ਨੂੰ ਪਸੰਦ ਆਈ ਦੇਵ ਖਰੌੜ ਤੇ ਬਾਣੀ ਸੰਧੂ ਦੀ ਫ਼ਿਲਮ 'ਡਾਕੂਆਂ ਦਾ ਮੁੰਡਾ 3'




ਜਲੰਧਰ : ਪੰਜਾਬੀ ਫਿਲਮ 'ਡਾਕੂਆਂ ਦਾ ਮੁੰਡਾ 3' ਸਿਨੇਮਾਘਰਾਂ 'ਚ ਰਿਲੀਜ਼ ਹੋ ਚੁੱਕੀ ਹੈ। ਫਿਲਮ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜਿਵੇਂ ਟਰੇਲਰ ਤੋਂ ਲੱਗ ਰਿਹਾ ਸੀ ਕਿ ਇਹ ਇਕ ਐਕਸ਼ਨ ਫਿਲਮ ਹੋਣ ਵਾਲੀ ਹੈ ਪਰ ਇਸ ਵਿਚ ਐਕਸ਼ਨ ਤੋਂ ਇਲਾਵਾ ਹੋਰ ਬਹੁਤ ਕੁਝ ਦੇਖਣ ਨੂੰ ਮਿਲ ਰਿਹਾ ਹੈ।

ਫਿਲਮ 'ਚ ਰਿਸ਼ਤਿਆਂ 'ਚ ਪਿਆਰ, ਫੈਮਿਲੀ ਡਰਾਮਾ, ਰੋਮਾਂਸ ਤੇ ਹਲਕੀ-ਫੁਲਕੀ ਕਾਮੇਡੀ ਵੀ ਦੇਖਣ ਨੂੰ ਮਿਲ ਰਹੀ ਹੈ। ਦੇਵ ਖਰੌੜ, ਕਬੀਰਦੁਹਾਨ ਸਿੰਘ ਤੇ ਬਾਣੀ ਸੰਧੂ ਨੇ ਫਿਲਮ 'ਚ ਮੁੱਖ ਭੂਮਿਕਾ ਨਿਭਾਈ ਹੈ। ਆਪਣੀਆਂ ਪਹਿਲੀਆਂ 2 ਫਿਲਮਾਂ ਵਾਂਗ 'ਡਾਕੂਆਂ ਦਾ ਮੁੰਡਾ 3' ਇਸ ਵਾਰ ਵੀ ਕੁਝ ਵੱਖਰਾ ਰੰਗ ਲੈ ਕੇ ਆਈ ਹੈ। ਹਾਲਾਂਕਿ ਇਸ ਵਾਰ ਵੀ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਫਿਲਮ 'ਚ ਦਿੱਤਾ ਗਿਆ ਹੈ।

ਤੁਹਾਨੂੰ ਯਾਦ ਹੋਵੇਗਾ ਕਿ 'ਡਾਕੂਆਂ ਦਾ ਮੁੰਡਾ 1' 'ਚ ਮਿੰਟੂ ਗੁਰਸਰੀਆ ਦੀ ਕਹਾਣੀ ਦੇਖਣ ਨੂੰ ਮਿਲੀ ਸੀ। ਇਸੇ ਤਰ੍ਹਾਂ 'ਡਾਕੂਆਂ ਦਾ ਮੁੰਡਾ 2' 'ਚ ਮੰਗਾ ਸਿੰਘ ਅੰਟਾਲ ਦੀ ਕਹਾਣੀ ਦਿਖਾਈ ਗਈ ਸੀ। ਇਹ ਦੋਵੇਂ ਅੱਜ ਨਸ਼ਿਆਂ ਤੋਂ ਦੂਰ ਹਨ ਤੇ ਆਮ ਜ਼ਿੰਦਗੀ 'ਚ ਵੱਖ-ਵੱਖ ਖਿੱਤਿਆਂ ਨਾਲ ਸਬੰਧਤ ਕੰਮ ਕਰ ਰਹੇ ਹਨ।

'ਡਾਕੂਆਂ ਦਾ ਮੁੰਡਾ 3' 'ਚ ਦੇਵ ਖਰੌੜ ਨੇ ਭਾਵੇਂ ਕਿਸੇ ਅਸਲ ਕਿਰਦਾਰ ਦੀ ਕਹਾਣੀ ਨੂੰ ਪਰਦੇ 'ਤੇ ਪੇਸ਼ ਨਹੀਂ ਕੀਤਾ ਪਰ ਇਹ ਉਹ ਕਹਾਣੀ ਹੈ, ਜਿਸ ਨਾਲ ਹਰ ਉਹ ਪਰਿਵਾਰ ਤੇ ਮਾਂ ਖ਼ੁਦ ਨੂੰ ਜੋੜ ਸਕਦੀ ਹੈ, ਜਿਸ ਦਾ ਪੁੱਤ ਨਸ਼ਿਆਂ ਦੀ ਦਲਦਲ 'ਚ ਫਸਿਆ ਹੋਇਆ ਹੈ। ਨਾਲ ਹੀ ਇਹ ਵੀ ਦੇਖਣ ਨੂੰ ਮਿਲੇਗਾ ਕਿ ਕਿਵੇਂ ਨਸ਼ਿਆਂ ਦੀ ਇਸ ਦਲਦਲ ਤੋਂ ਦੂਰ ਰਹਿਣਾ ਹੈ।

ਫਿਲਮ ਜ਼ੀ ਸਟੂਡੀਓਜ਼ ਤੇ ਡ੍ਰੀਮ ਰਿਐਲਿਟੀ ਮੂਵੀਜ਼ ਦੀ ਸਾਂਝੀ ਪੇਸ਼ਕਸ਼ ਹੈ, ਜੋ ਰਵਨੀਤ ਕੌਰ ਚਾਹਲ, ਉਮੇਸ਼ ਕੁਮਾਰ ਬਾਂਸਲ ਤੇ ਰਾਜੇਸ਼ ਕੁਮਾਰ ਅਰੋੜਾ ਵਲੋਂ ਪ੍ਰੋਡਿਊਸ ਕੀਤੀ ਗਈ ਹੈ। ਫਿਲਮ ਹੈਪੀ ਰੋਡੇ ਨੇ ਡਾਇਰੈਕਟ ਕੀਤੀ ਹੈ, ਜਿਸ ਦੀ ਕਹਾਣੀ ਨਰਿੰਦਰ ਅੰਬਰਸਰੀਆ ਨੇ ਲਿਖੀ ਹੈ।

## 150 ਕਰੋੜ ਦੇ ਕਲੱਬ 'ਚ ਸ਼ਾਮਲ ਹੋਈ ਅਕਸ਼ੈ ਕੁਮਾਰ ਦੀ ਫ਼ਿਲਮ 'ਹਾਊਸਫੁੱਲ 5'

ਮੁੰਬਈ : ਬਾਲੀਵੁੱਡ ਸਟਾਰ ਅਕਸ਼ੈ ਕੁਮਾਰ ਦੀ ਫਿਲਮ 'ਹਾਊਸਫੁੱਲ 5' ਨੇ ਭਾਰਤੀ ਬਾਜ਼ਾਰ ਵਿੱਚ 150 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਹੈ। ਬਾਲੀਵੁੱਡ ਫਿਲਮ ਨਿਰਮਾਤਾ ਸਾਜਿਦ ਨਾਡੀਆਡਵਾਲਾ ਦੀ ਸੁਪਰਹਿੱਟ ਕਾਮੇਡੀ ਫ੍ਰੈਂਚਾਇਜ਼ੀ 'ਹਾਊਸਫੁੱਲ' ਦੀ ਪੰਜਵੀਂ ਕਿਸ਼ਤ 06 ਜੂਨ ਨੂੰ ਰਿਲੀਜ਼ ਹੋਈ ਸੀ। ਇਸ ਫਿਲਮ ਦਾ ਨਿਰਦੇਸ਼ਨ ਤਰੁਣ ਮਨਸੁਖਾਨੀ ਨੇ ਕੀਤਾ ਹੈ। ਇਸ ਫਿਲਮ ਵਿੱਚ ਅਕਸ਼ੈ ਕੁਮਾਰ, ਰਿਤੇਸ਼ ਦੇਸ਼ਮੁਖ, ਅਭਿਸ਼ੇਕ ਬੱਚਨ, ਜੈਕਲੀਨ ਫਰਨਾਂਡੀਜ਼, ਸੋਨਮ ਬਾਜਵਾ, ਨਰਗਿਸ ਫਾਖਰੀ, ਫਰਦੀਨ ਖਾਨ, ਸ਼੍ਰੇਅਸ ਤਲਪੜੇ, ਚਿਤਰਾਂਗਦਾ ਸਿੰਘ, ਡੀਨੋ ਮੋਰੀਆ, ਚੰਕੀ ਪਾਂਡੇ, ਜੌਨੀ ਲੀਵਰ, ਨਿਕਿਤੇਨ ਧੀਰ, ਸੌਂਦਰਿਆ ਸ਼ਰਮਾ, ਰਣਜੀਤ, ਜੈਕੀ ਸ਼ਰਾਫ, ਸੰਜੇ ਦੱਤ ਅਤੇ ਨਾਨਾ ਪਾਟੇਕਰ ਹਨ। ਫਿਲਮ 'ਹਾਊਸਫੁੱਲ 5' ਦੋ ਵੱਖ-ਵੱਖ ਕਲਾਈਮੈਕਸ ਨਾਲ ਰਿਲੀਜ਼ ਹੋਈ ਹੈ।

'ਹਾਊਸਫੁੱਲ 5' ਦਾ ਜਾਦੂ ਬਾਕਸ ਆਫਿਸ 'ਤੇ ਜਾਰੀ ਹੈ। ਹਰ ਰੋਜ਼, ਫਿਲਮ ਚੰਗਾ ਕਲੈਕਸ਼ਨ ਕਰ ਰਹੀ ਹੈ। ਟ੍ਰੇਡ ਵੈੱਬਸਾਈਟ ਸੈਕਨਿਲਕ ਦੀ ਰਿਪੋਰਟ ਦੇ ਅਨੁਸਾਰ, ਫਿਲਮ 'ਹਾਊਸਫੁੱਲ 5' ਨੇ ਪਹਿਲੇ ਹਫ਼ਤੇ ਭਾਰਤੀ ਬਾਜ਼ਾਰ ਵਿੱਚ 127.25 ਕਰੋੜ ਦੀ ਸ਼ਾਨਦਾਰ ਕਮਾਈ ਕੀਤੀ। ਅੱਠਵੇਂ ਦਿਨ, ਫਿਲਮ ਨੇ 06 ਕਰੋੜ ਅਤੇ ਨੌਵੇਂ ਦਿਨ 9.5 ਕਰੋੜ ਦੀ ਕਮਾਈ ਕੀਤੀ। ਹੁਣ, ਦਸਵੇਂ ਦਿਨ ਦਾ ਕਲੈਕਸ਼ਨ ਵੀ ਆ ਗਿਆ ਹੈ। ਸੈਕਨਿਲਕ ਦੀ ਸ਼ੁਰੂਆਤੀ ਰਿਪੋਰਟ ਦੇ ਅਨੁਸਾਰ, ਫਿਲਮ ਹਾਊਸਫੁੱਲ 5 ਨੇ ਦਸਵੇਂ ਦਿਨ 11 ਕਰੋੜ ਦੀ ਕਮਾਈ ਕੀਤੀ ਹੈ। ਇਸ ਤਰ੍ਹਾਂ, ਫਿਲਮ ਹਾਊਸਫੁੱਲ 5 ਨੇ 10 ਦਿਨਾਂ ਵਿੱਚ ਭਾਰਤੀ ਬਾਜ਼ਾਰ ਵਿੱਚ 153 ਕਰੋੜ ਤੋਂ ਵੱਧ ਦੀ ਕਮਾਈ ਕੀਤੀ ਹੈ।




## ਪ੍ਰਭਾਸ ਦੀ ਫਿਲਮ 'ਦਿ ਰਾਜਾ ਸਾਬ' ਲਈ ਬਣਾਇਆ ਗਿਆ 41,256 ਵਰਗ ਫੁੱਟ ਦਾ ਭੂਤੀਆ ਸੈੱਟ



ਮੁੰਬਈ : ਦੱਖਣੀ ਭਾਰਤੀ ਫ਼ਿਲਮਾਂ ਦੇ ਮੈਗਾਸਟਾਰ ਪ੍ਰਭਾਸ ਦੀ ਆਉਣ ਵਾਲੀ ਫ਼ਿਲਮ 'ਦਿ ਰਾਜਾ ਸਾਬ' ਲਈ 41,256 ਵਰਗ ਫੁੱਟ ਦਾ ਭੂਤੀਆ ਸੈੱਟ ਬਣਾਇਆ ਗਿਆ ਹੈ। ਇਸ ਸ਼ਾਨਦਾਰ ਸੈੱਟ ਨੂੰ ਮਸ਼ਹੂਰ ਕਲਾ ਨਿਰਦੇਸ਼ਕ ਰਾਜੀਵਨ ਨਾਂਬੀਆਰ ਨੇ ਡਿਜ਼ਾਈਨ ਕੀਤਾ ਹੈ। ਰਾਜੀਵਨ ਨੇ ਕਿਹਾ, ਅਸੀਂ ਸਿਰਫ਼ ਡਰਾਉਣਾ ਦਿਖਾਉਣ ਲਈ ਸੈੱਟ ਨਹੀਂ ਬਣਾਇਆ। ਅਸੀਂ ਕੁਝ ਅਜਿਹਾ ਬਣਾਇਆ ਹੈ ਜਿਸਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਅਸੀਂ ਚਾਹੁੰਦੇ ਸੀ ਕਿ ਜੋ ਵੀ ਇਸ ਵਿੱਚ ਕਦਮ ਰੱਖੇ ਉਹ ਤੁਰੰਤ ਇਸ ਦੀ ਗ੍ਰਿਫਤ ਵਿੱਚ ਆ ਜਾਵੇ।"

ਮਾਰੂਤੀ, ਜੋ ਆਪਣੇ ਵਿਲੱਖਣ ਹਾਰਰ-ਫੈਂਟੇਸੀ ਟਚ ਛੋਹ ਲਈ ਜਾਣੇ ਜਾਂਦੇ ਹਨ, ਨੇ ਸਕੇਲ ਅਤੇ ਇਮੋਸ਼ਨ ਨੂੰ ਜੋੜ ਕੇ ਇੱਕ ਅਜਿਹਾ ਅਨੁਭਵ ਬਣਾਇਆ ਹੈ ਜੋ ਸਕ੍ਰੀਨ 'ਤੇ ਨਹੀਂ, ਸਗੋਂ ਸਿੱਧੇ ਨਾੜੀਆਂ ਵਿੱਚ ਦੌੜਦਾ ਹੈ। ਇਥੇ ਹਰ ਪੱਥਰ, ਹਰ ਪਰਛਾਵਾਂ, ਹਰ ਦੀਵਾਰ ਦਾ ਸ਼ੇਡ ਸਭ ਵਿਸ਼ੇਸ਼ ਤੌਰ 'ਤੇ ਇਸ ਅਨੁਭਵ ਨੂੰ ਡੂੰਘਾ ਬਣਾਉਣ ਲਈ ਡਿਜ਼ਾਈਨ ਕੀਤਾ ਗਿਆ ਹੈ। ਇੱਥੋਂ ਤੱਕ ਕਿ ਫਰਸ਼ ਵੀ ਡਰ ਨੂੰ ਉਜਾਗਰ ਕਰਦਾ ਹੈ। 'ਦਿ ਰਾਜਾ ਸਾਬ' ਪੀਪਲ ਮੀਡੀਆ ਫੈਕਟਰੀ ਦੁਆਰਾ ਪੇਸ਼ ਕੀਤੀ ਗਈ ਹੈ ਅਤੇ ਵਿਸ਼ਵਾ ਪ੍ਰਸਾਦ ਦੁਆਰਾ ਨਿਰਮਿਤ ਹੈ। ਇਹ ਫਿਲਮ 5 ਦਸੰਬਰ 2025 ਨੂੰ 5 ਭਾਸ਼ਾਵਾਂ ਤੇਲਗੂ, ਹਿੰਦੀ, ਤਾਮਿਲ, ਕੰਨੜ ਅਤੇ ਮਲਿਆਲਮ ਵਿੱਚ ਰਿਲੀਜ਼ ਹੋਵੇਗੀ। ਇਸ ਫਿਲਮ ਦਾ ਸੰਗੀਤ ਥਮਨ ਐੱਸ. ਦਾ ਹੈ।

BUY I SELL I INVEST
TEAM GILL



Amarjit Sangha
Sales Representative
905-874-9600

Shamsher Gill
Sales Representative
905-744-4400

Simrat Grewal
Sales Representative
416-414-2878

DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੌਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LePAGE
Flower City Realty Inc.
BROKERAGE, INDEPENDENTLY OWNED & OPERATED
MLS MULTIPLE LISTING SERVICE
INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਵਿਵਾਦ ਅਤੇ ਵਿਸਮਾਦ ਦੇ ਵਸੀਲੇ – ਵਸਤੂਆਂ, ਵਿਅਕਤੀ ਅਤੇ ਵਿਚਾਰ !

ਜਿੰਦਗੀ ਵਿੱਚ ਵਿਚਰਦਿਆਂ ਵੰਨ ਸੁਵੰਨੀਆਂ ਚੰਗੀਆਂ ਮੰਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਨਵੇਂ ਤਜਰਬੇ ਬਣਦੇ ਰਹਿੰਦੇ ਹਨ, ਗਿਆਨ ਵੱਧਦਾ ਰਹਿੰਦਾ ਹੈ। ਕਦੇ ਤਾਂ ਇਹਨਾਂ ਘਟਨਾਵਾਂ ਕਾਰਨ ਬਣੇ ਤਜਰਬੇ ਇੰਨੇ ਜਿਆਦਾ ਤਲਖ਼ ਅਤੇ ਕੌੜੇ ਹੁੰਦੇ ਹਨ ਕਿ ਵਿਅਕਤੀਆਂ ਨੂੰ ਇੱਕ ਦੂਜੇ ਦੇ ਦੁਸ਼ਮਣ ਵੀ ਬਣਾ ਦਿੰਦੇ ਹਨ। ਕੋਈ ਪਦਾਰਥਕ ਚੀਜ ਮਨ ਨੂੰ ਨਹੀਂ ਮੋਂਹਦੀ ਅਤੇ ਖੁਦ ਵੀ ਦਿਮਾਗ ਵਿੱਚ ਮੱਚੀ ਹਲਚਲ ਜਿਊਣਾ ਦੁੱਭਰ ਕਰ ਦਿੰਦੀ ਹੈ ਅਤੇ ਇਨਸਾਨ ਆਤਮ ਹੱਤਿਆ ਕਰਨ ਦੀ ਵੀ ਸੋਚਣ ਲੱਗ ਜਾਂਦਾ ਹੈ। ਦੂਜੇ ਪਾਸੇ ਕੁਝ ਤਜਰਬੇ ਇੰਨੇ ਜਿਆਦਾ ਮਿੱਠੇ ਅਤੇ ਆਨੰਦਦਾਇਕ ਹੁੰਦੇ ਹਨ ਕਿ ਵਿਅਕਤੀ ਦੀ ਮਾਨਸਿਕ ਤਸੱਲੀ ਸਿਖਰਾਂ ਛੋਹਣ ਲੱਗਦੀ ਹੈ। ਉਸ ਨੂੰ ਆਪਣੇ ਆਲੇ ਦੁਆਲੇ ਚੋਂ, ਆਪਣੇ ਆਪ ਚੋਂ ਅਤੇ ਮਿਲਣ ਵਾਲੇ ਸਾਥੀਆਂ ਵਿਚੋਂ ਇੱਕ ਅਜੀਬ ਮਹਿਕ ਆਉਣ ਲੱਗਦੀ ਹੈ। ਉਹ ਕੁਝ ਨਵਾਂ ਅਤੇ ਵੱਡਾ ਕਰਨਾ ਚਾਹੁੰਦਾ ਹੈ ਅਤੇ ਮਸਤੀ ਦੇ ਆਕਾਸ਼ ਵਿੱਚ ਉਡਾਰੀਆਂ ਲਾਉਣ ਲੱਗਦਾ ਹੈ। ਕੌੜੇ ਤਜਰਬੇ ਵਿਵਾਦ ਦਾ ਕਾਰਨ ਬਣਦੇ ਹਨ ਅਤੇ ਮਿੱਠੇ ਵਿਸਮਾਦ ਦਾ। ਅੱਜ ਅਸੀਂ ਆਪਣਾ ਧਿਆਨ ਇਹਨਾਂ ਤੇ ਹੀ ਕੇਂਦਰਿਤ ਕਰਾਂਗੇ।

ਵਿਵਾਦ ਅਤੇ ਵਿਸਮਾਦ ਦੋਵਾਂ ਦਾ ਮੂਲ ਆਧਾਰ ਇੱਕੋ ਹੀ ਹੈ । ਤਿੰਨ ਕਾਰਕ ਹੋ ਸਕਦੇ ਹਨ ਜਿਹੜੇ ਬਹੁਤ ਮਹੱਤਵਪੂਰਨ ਰੋਲ ਨਿਭਾਉਂਦੇ ਹਨ ਸਾਡੀ ਜ਼ਿੰਦਗੀ ਵਿੱਚ। ਇਹ ਹਨ ਵਸਤੂਆਂ, ਵਿਅਕਤੀ ਅਤੇ ਵਿਚਾਰ ॥ ਸਭ ਤੋਂ ਪਹਿਲਾਂ ਵਸਤੂਆਂ ਦੀ ਗੱਲ ਕਰੀਏ, ਤਾਂ ਇਸ ਵਿੱਚ ਸਾਡੇ ਜਿਊਣ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਤੋਂ ਲੈ ਕੇ ਐਸ਼ੋ ਇਸ਼ਰਤ ਦੇ ਸਾਰੇ ਸਾਧਨ ਇਸ ਸ਼੍ਰੇਣੀ ਵਿੱਚ ਰੱਖ ਸਕਦੇ ਹਾਂ। ਇਹਨਾਂ ਨੂੰ ਹੀ ਧਾਰਮਿਕ ਜਗਤ ਮਾਇਆ ਵੀ ਕਹਿ ਦਿੰਦਾ ਹੈ। ਜੇ ਇਹਨਾਂ ਦੀ ਮਾਤਰਾ ਘੱਟ ਹੈ, ਤਾਂ ਵਿਵਾਦ। ਜੇ ਮਾਤਰਾ ਵੱਧ ਹੈ, ਤਾਂ ਵਿਸਮਾਦ! ਵਿਰਲਿਆਂ ਨੂੰ ਛੱਡ ਕੇ ਸਾਰੀ ਦੁਨੀਆਂ ਆਪਣੀ ਸਾਰੀ ਜਿੰਦਗੀ ਹੀ ਇਹਨਾਂ ਵਸਤੂਆਂ ਨੂੰ ਇੱਕਠਾ ਕਰਨ ਵਿੱਚ ਗੁਜ਼ਾਰ ਦਿੰਦੀ ਹੈ। ਬਚਪਨ ਤੋਂ ਹੀ ਅਸੀਂ ਬੱਚੇ ਨੂੰ ਖਿਡੌਣਿਆਂ ਦੇ ਰੂਪ ਵਿੱਚ ਵਸਤੂਆਂ ਨਾਲ ਜੋੜ ਦਿੰਦੇ ਹਾਂ। ਉਹ ਇਨ੍ਹਾਂ ਨਾਲ ਪਿਆਰ ਕਰਦਾ ਹੈ, ਲੈਣ ਦੀ ਜਿੱਦ ਕਰਦਾ ਹੈ, ਨਾ ਮਿਲਣ ਤੇ ਗੁੱਸੇ ਹੁੰਦਾ ਹੈ, ਰੁੱਸਦਾ ਹੈ। ਆਪਣੇ ਖਿਡੌਣਿਆਂ ਤੇ ਮੇਰ ਵੀ ਕਰਦਾ ਹੈ। ਦੂਜਿਆਂ ਨੂੰ ਦੇ ਕੇ ਰਾਜੀ ਨਹੀਂ, ਸਗੋਂ ਹੋਰ ਵਧੇਰੇ ਹੋਰ ਦੀ ਬਿਰਤੀ ਵਧਦੀ ਹੈ। ਇਸ ਬਿਰਤੀ ਨੂੰ ਮਾਪੇ ਅਤੇ ਹੋਰ ਨਜ਼ਦੀਕ ਦੇ ਲੋਕ ਵੀ ਉਤਸ਼ਾਹਿਤ ਕਰਦੇ ਹਨ। ਇਹੀ ਮੋਹ ਜਵਾਨੀ ਵਿਚ ਹੋਰ ਵੱਡੀਆਂ ਵਸਤੂਆਂ ਨਾਲ ਵਧਦਾ ਹੈ। ਲੋੜਾਂ ਅਤੇ ਸੁਖ ਸਹੂਲਤਾਂ ਵਧਾਉਣ ਲਈ ਵਧੇਰੇ ਵਸਤੂਆਂ ਦੀ ਮੰਗ ਪੈਦਾ ਹੁੰਦੀ ਹੈ। ਲੋੜਾਂ ਅਤੇ ਸੁੱਖ ਸਹੂਲਤਾਂ ਦੇ ਅਧੂਰੇ ਹੋਣ ਕਾਰਨ ਹੀ ਪਰਿਵਾਰ ਵਿੱਚ, ਸਮਾਜ ਵਿੱਚ ਖਿੱਚੋਤਾਣ ਵਧਦੀ ਹੈ, ਸੰਘਰਸ਼ ਹੁੰਦਾ ਹੈ, ਤਕਰਾਰ ਹੈ, ਝਗੜੇ ਹਨ, ਖੂਨ ਖਰਾਬਾ ਹੈ। ਨਿਰਧਨ ਲੋਕ ਆਪਣੀਆਂ ਲੋੜਾਂ ਨੂੰ ਪੂਰੀਆਂ ਕਰਦੇ ਕਰਦੇ ਅਤੇ ਅਮੀਰ ਲੋਕ ਹੋਰ ਵਧੇਰੇ ਧਨ ਪਦਾਰਥ ਇੱਕਠਾ ਕਰਨ ਦੇ ਲਾਲਚ ਵਿੱਚ ਵਿਅਕਤੀਆਂ ਨਾਲ ਨਰਾਜਗੀ ਸਹੇੜ ਲੈਂਦੇ ਹਨ। ਲੈਣ ਦੇਣ ਠੀਕ ਨਾ ਹੋਣ ਕਾਰਨ ਰਿਸ਼ਤੇ (ਵਿਅਕਤੀ) ਬਿਖਰਦੇ ਹਨ। ਮੰਗਾਂ ਪੂਰੀਆਂ ਨਾ ਕੀਤੇ ਜਾਣ ਕਰਕੇ ਪਤਨੀ ਅਤੇ ਔਲਾਦ ਵੀ ਮੂੰਹ ਮੋੜ ਲੈਂਦੀ ਹੈ। ਅਤਿ ਦੀ ਗਰੀਬੀ ਚੰਗੀਆਂ ਨੈਤਿਕ ਕੀਮਤਾਂ ਅਤੇ ਉੱਚ ਆਦਰਸ਼ (ਵਿਚਾਰ) ਵੀ ਕਿੱਥੇ ਰਹਿਣ ਦਿੰਦੀ ਹੈ।

'ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂਫਤੂਟ;। ਵਿਰਲੇ ਉਹ ਇਨਸਾਨ ਹੁੰਦੇ ਨੇ ਜੋ ਗੁਰਬਤ ਵਿੱਚ ਵੀ ਆਪਣੇ ਸੰਬੰਧ ਕਾਇਮ ਰੱਖ ਸਕਦੇ ਹਨ। ਕਿਉਂਕਿ ਜੇ ਉਹ ਚਾਹੁਣ ਵੀ ਤਾਂ ਉਹਨਾਂ ਦੇ ਸੰਬੰਧੀ ਪਾਸਾ ਮੋੜ ਲੈਂਦੇ ਹਨ। ਸਮਾਜ ਵਿਚ ਅਤੇ ਦੇਸ਼ ਵਿਚ ਸਾਧਨਾਂ ਦੀ ਵੰਡ ਸਮਾਂ ਨਾ ਹੋਣ ਕਾਰਨ ਬੇਚੈਨੀ ਫੈਲਦੀ ਹੈ ਅਰਾਜਕਤਾ ਆਉਂਦੀ ਹੈ ਅਤੇ ਸੰਘਰਸ਼ ਜਨਮ ਲੈਂਦੇ ਹਨ। ਵਸਤੂਆਂ ਦੀ ਘਾਟ ਕਈ ਵਾਰ ਆਦਰਸ਼ਾਂ ਤੋਂ ਵੀ ਥਿੜਕਾ ਦਿੰਦੀ ਹੈ। ਅਤੇ ਇਹਨਾਂ ਦੀ ਬਹੁਤਾਤ ਤਾਂ ਇਸ ਲਈ ਬਦਨਾਮ ਹੈ ਹੀ। ਸਭ ਜੋਰ ਸ਼ੋਰ ਨਾਲ ਆਖਦੇ ਨੇ ਕਿ ਮਾਇਆ ਆਦਮੀ ਨੂੰ ਹਉਮੈ ਗ੍ਰਸਤ ਬਣਾ ਦਿੰਦੀ ਹੈ ਅਤੇ ਉਹ ਮਾਇਆ ਯਾਨੀ ਵਸਤੂਆਂ ਪਿੱਛੇ ਵਿਅਕਤੀਆਂ ਨੂੰ ਵੀ ਖਰੀਦਣ ਦੀ ਸੋਚਦਾ ਹੈ ਅਤੇ ਨੈਤਿਕਤਾ ਅਤੇ ਕਦਰਾਂ ਕੀਮਤਾਂ ਨੂੰ ਵੀ ਉਹ ਇੰਨੀ ਤੇਜੀ ਨਾਲ ਬਦਲਦਾ ਹੈ ਜਿੰਨੀ ਤੇਜੀ ਨਾਲ ਮੰਡੀ ਵਿੱਚ ਫੈਸ਼ਨ ਬਦਲਣ ਤੇ ਨਵੀਆਂ ਵਸਤੂਆਂ ਲੈਣ ਵਿਚ ਲਗਾਉਂਦਾ ਹੈ। ਭਾਵੇਂ ਉਹ ਇਹਨਾਂ ਨਿਤ ਦਿਨ ਵਧਦੇ ਮੁਨਾਫੇ ਵਿਚੋਂ ਵਿਸਮਾਦ ,ਭਾਵੇ ਆਰਜ਼ੀ ਹੀ, ਪ੍ਰਾਪਤ ਕਰਦਾ ਹੈ।

ਦੂਜੀ ਸ਼੍ਰੇਣੀ ਵਿਅਕਤੀਆਂ ਦੀ ਹੈ। ਸਾਡਾ ਮੱਧ ਵਰਗ ਇਸ ਸ਼੍ਰੇਣੀ ਨੂੰ ਸਭ ਤੋਂ ਵੱਧ ਤਰਜੀਹ ਦਿੰਦਾ ਹੈ। ਉਹ ਨਾ ਤਾਂ ਗਰੀਬ ਲੋਕਾਂ ਵਾਂਗ ਮਜ਼ਬੂਰ ਹੁੰਦਾ ਹੈ ਕਿ ਰਿਸ਼ਤੇ ਨਾ ਨਿਭਾ ਸਕੇ, ਨਾ ਹੀ ਅਮੀਰ ਵਰਗ ਵਾਂਗ ਰਿਸ਼ਤਿਆਂ ਨੂੰ ਚੀਜਾਂ ਵਾਂਗ ਹੀ ਵਰਤਦਾ ਹੈ। ਇਸੇ ਲਈ ਉਹ ਦੂਹਰੀ ਮਾਰ ਹੇਠ ਵਿਚਰਦਾ ਹੈ। ਕਿਧਰੇ ਵਸਤਾਂ ਕਾਰਨ ਵਿਅਕਤੀ ਨਾ ਛੁੱਟ ਜਾਣ, ਇਹ ਖਿਆਲ ਜਿਨ੍ਹਾਂ ਦੇ ਮਨ ਵਿਚ ਭਾਰੂ ਰਹਿੰਦਾ ਹੈ, ਉਹ ਸੰਬੰਧਾਂ ਨੂੰ ਵਸਤੂਆਂ ਤੋਂ ਉੱਪਰ ਰੱਖਦੇ ਹਨ। ਅਜਿਹੀ ਸੋਚ ਵਾਲੇ ਜਾਇਦਾਦ ਲਈ ਪਿਤਾ ਨਾਲ ਨਹੀਂ ਲੜਦੇ, ਦਾਜ ਪਿਛੇ ਨੂੰਹਾਂ ਨੂੰ ਤੰਗ ਨਹੀਂ ਕਰਦੇ, ਮਾਪਿਆਂ ਦੀ ਬੇਕਦਰੀ ਨਹੀਂ ਕਰਦੇ। ਪਰ ਵਿਅਕਤੀ–ਪ੍ਰਧਾਨ ਸੋਚ, ਵਿਚਾਰ–ਪ੍ਰਧਾਨ ਸੋਚ ਤੋਂ ਪਿੱਛੇ ਰਹਿ ਜਾਂਦੀ ਹੈ। ਕੁਝ ਲੋਕ ਆਪਣੇ ਪਰਿਵਾਰ ਖਾਤਰ ਆਦਰਸ਼ਾਂ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਬਲੀ ਦੇ ਦਿੰਦੇ ਹਨ। ਰਿਸ਼ਵਤ ਅਤੇ ਸਿਫਾਰਸ਼ ਨਾਲ ਜੇ ਪੁੱਤਰ ਨੂੰ ਨੌਕਰੀ ਮਿਲਦੀ ਹੈ, ਤਾਂ ਠੀਕ ਲੱਗਦਾ ਹੈ। ਆਪਣੇ ਪਰਿਵਾਰ ਲਈ ਝੂਠ ਬੋਲਣਾ, ਹੇਰਾਫੇਰੀ ਅਤੇ ਧੋਖਾ ਦੇਣਾ, ਕਿਸੇ ਦਾ ਨੁਕਸਾਨ ਕਰਨਾ ਗਲਤ ਨਹੀਂ ਲੱਗਦਾ। ਪ੍ਰੇਮਿਕਾ ਦੀ ਖੁਸ਼ੀ ਹਾਸਲ ਕਰਨ ਲਈ, ਕਿਸੇ ਰਾਜਨੀਤਿਕ ਨੇਤਾ ਜਾਂ ਅਫਸਰ ਨੂੰ ਖੁਸ਼ ਕਰਨ ਲਈ ਕਿਸੇ ਹੱਦ ਤੱਕ ਵੀ ਗਿਰਨਾ ਜਾਇਜ਼ ਬਣ ਜਾਂਦਾ ਹੈ। ਵਿਅਕਤੀਆਂ ਨੂੰ ਪ੍ਰਮੁੱਖ ਸਥਾਨ ਦੇਣ ਵਾਲੇ, ਅਜਿਹੀ ਸੋਚ ਵਾਲਿਆਂ ਨਾਲ ਹੀ ਲੰਮੇ ਸੰਬੰਧ ਬਣਾ ਸਕਦੇ ਹਨ। ਪਦਾਰਥਵਾਦੀ ਸੋਚ, ਰਿਸ਼ਤਿਆਂ ਅਤੇ ਸੰਬੰਧਾਂ ਨੂੰ ਮਾਇਆ ਨਾਲ ਤੋਲਣ ਲੱਗਦੀ ਹੈ, ਜਦ ਕਿ ਆਦਰਸ਼ਵਾਦੀ ਲੋਕ ਆਪਣੇ ਸੰਬੰਧਾਂ ਨੂੰ ਆਪਣੇ ਆਦਰਸ਼ਾਂ ਤੋਂ ਵਾਰ ਸਕਦੇ ਹਨ। ਮਨੁੱਖੀ ਰਿਸ਼ਤਿਆਂ ਦੀ ਕਦਰ ਕਰਨ ਵਾਲੇ ਇਹ ਲੋਕ ਇਸ ਵਿਚੋਂ ਹੀ ਵਿਸਮਾਦ ਭਾਲਦੇ ਹਨ, ਜਦਕਿ ਇਸੇ ਗੱਲ ਤੋਂ ਪਰਿਵਾਰ ਟੁੱਟਦੇ ਵੀ ਆਏ ਹਨ ਕਿ ਕਿਸੇ ਵਿਅਕਤੀ ਵਿਸ਼ੇਸ਼ ਨੂੰ ਬਣਦਾ ਸਨਮਾਨ ਨਹੀਂ ਦਿੱਤਾ ਗਿਆ। ਕਬੀਲਾ ਯੁੱਧ ਤੋਂ ਹੁੰਦੀ ਹੋਈ ਇਹ ਬਿਰਤੀ ਦੇਸ਼ ਭਗਤੀ ਵਿਚ ਦੀ ਹੁੰਦੀ ਹੋਈ ਅੰਤਰਰਾਸ਼ਟਰੀ ਝਗੜਿਆਂ ਅਤੇ ਵਿਸ਼ਵ ਜੰਗਾਂ ਦਾ ਕਾਰਨ ਬਣਨ ਦੀ ਸਮਰਥਾ ਰੱਖਦੀ ਹੈ। ਵਿਚਾਰਕ ਲੋਕ ਤੀਸਰੀ ਸ੍ਰੇਣੀ ਵਿਚ ਆਉਂਦੇ ਹਨ, ਜਿਹਨਾਂ ਦੀ ਪ੍ਰਸ਼ੰਸਾ ਸਾਰਾ ਸੰਸਾਰ ਕਰਦਾ ਹੈ। ਪਰ ਆਪ ਅਜਿਹੇ ਬਣਨ ਨੂੰ ਪਸੰਦ ਨਹੀਂ ਕਰਦਾ। ਗੁਰੂਆਂ, ਸ਼ਹੀਦਾਂ, ਦੇਸ਼ ਭਗਤਾਂ, ਕਿਸੇ ਸੰਘਰਸ਼ਮਈ ਲਹਿਰ ਦੇ ਮੂਢਲੀ ਕਤਾਰ ਦੇ ਨਿਰਸਵਾਰਥ ਲੜਨ ਵਾਲੇ ਆਗੂ ਆਦਿ ਅਜਿਹੇ ਪਾਤਰ ਹੁੰਦੇ ਹਨ ਜਿਨ੍ਹਾਂ ਨੇ ਆਪਣੇ ਆਦਰਸ਼ ਨੂੰ ਸਾਹਮਣੇ ਰੱਖਿਆ ਹੁੰਦਾ ਹੈ। ਉਹ ਉਸ ਆਦਰਸ਼ ਤੋਂ ਆਪਣੇ ਪਰਿਵਾਰ ਨੂੰ ਕੁਰਬਾਨ ਕਰ ਦਿੰਦੇ ਹਨ। ਜੇ ਕੋਈ ਪਰਿਵਾਰਿਕ ਮੈਂਬਰ ਜਨ ਸੰਬੰਧੀ ਉਨ੍ਹਾਂ ਦੇ ਰਸਤੇ ਵਿਚ ਰੁਕਾਵਟ ਬਣਨ ਦੀ ਕੋਸ਼ਿਸ਼ ਵੀ ਕਰੇ, ਉਹ ਉਸਨੂੰ ਛੱਡ ਵੀ ਸਕਦੇ ਹਨ।



ਵਿਚਾਰਾਂ ਵਿਚੋਂ ਵਿਸਮਾਦ ਪ੍ਰਾਪਤ ਕਰਨ ਵਾਲੇ ਇਨ੍ਹਾਂ ਮਹਾਨ ਵਿਅਕਤੀਆਂ ਲਈ ਵਸਤੂਆਂ ,ਧਨ ਦੌਲਤ ਅਤੇ ਹੋਰ ਸੁਖ ਆਰਾਮ ਦੇ ਸਾਧਨ ਕੋਈ ਕੀਮਤ ਨਹੀਂ ਰੱਖਦੇ। ਦੁਨੀਆਂ ਨੇ ਅਜਿਹੇ ਸੂਰਬੀਰਾਂ ਦੀਆਂ ਵਾਰਾਂ ਗਾਈਆਂ ਹਨ, ਉਨ੍ਹਾਂ ਵਲੋਂ ਸਹਿਣ ਕੀਤੇ ਗਏ ਜ਼ੁਲਮ, ਸਹਿਣ ਕੀਤੇ ਗਏ ਘਾਟੇ, ਸੰਸਾਰ ਨੇ ਵਡਿਆਏ ਹਨ। ਪਰ ਜਦੋਂ ਆਪਣੀ ਵਾਰੀ ਆਉਂਦੀ ਹੈ, ਤਾਂ 99% ਲੋਕ ਆਪਣੀਆਂ ਵਸਤੂਆਂ ਅਤੇ ਵਿਅਕਤੀਆਂ ਤੋਂ ਉੱਚਾ ਨਹੀਂ ਉਠ ਸਕਦੇ। ਭਾਵੇਂ, ਤਿੰਨਾਂ ਵਿਚੋਂ ਵਿਚਾਰ ਜਿਆਦਾ ਪ੍ਰਧਾਨ ਜਾਪਦਾ ਹੈ ਅਤੇ ਆਦਰਸ਼ਾਂ ਪਿੱਛੇ ਚੱਲਣ ਵਾਲੇ ਲੋਕ ਵੱਧ ਮਕਬੂਲ ਹੁੰਦੇ ਹਨ। ਪਰ ਇੱਥੇ ਵੀ ਸਿਰਫ ਵਿਸਮਾਦ ਹੀ ਨਹੀਂ ਹੈ। ਵਿਵਾਦ ਇੱਥੇ ਵੀ ਹੈ। ਵਿਚਾਰਾਂ ਦੀ ਭਿੰਨਤਾ ਵੱਖਰੇ ਵੱਖਰੇ ਵਾਦਾਂ ਨੂੰ ਜਨਮ ਦਿੰਦੀ ਹੈ ਅਤੇ ਇਹ ਵਾਦ ਵਿਵਾਦ ਨੂੰ ਜਨਮ ਦਿੰਦੇ ਹਨ। ਹਰ ਇੱਕ ਨੂੰ ਆਪਣੀ ਵਿਚਾਰਧਾਰਾ ਸਰਬ ਸ੍ਰੇਸ਼ਟ ਲੱਗਦੀ ਹੈ ਅਤੇ ਦੂਸਰੇ ਦੀ ਛੋਟੀ। ਇਹ ਵਿਵਾਦ ਇੰਨੇ ਵੱਧ ਜਾਂਦੇ ਹਨ ਕਿ ਵੱਡੀਆਂ ਜੰਗਾਂ ਨੂੰ ਵੀ ਜਨਮ ਦੇ ਸਕਦੇ ਹਨ।

ਇਹ ਸਾਡੀ ਆਪਣੀ ਸੋਚ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਵਿਚੋਂ ਵਿਵਾਦ ਖੜਾ ਕਰਦੇ ਹਾਂ ਅਤੇ ਕਿਸ ਵਿਚੋਂ ਵਿਸਮਾਦ !! ਇਹ ਅਲੱਗ ਅਲੱਗ ਹੁੰਦੇ ਹੋਏ ਵੀ ਇੱਕ ਦੂਜੇ ਉੱਤੇ ਪੂਰੀ ਤਰਾਂ ਨਿਰਭਰ ਹਨ। ਕਿਸੇ ਦਾ ਵੀ ਇਹਨਾਂ ਤਿੰਨਾਂ ਤੋਂ ਬਿਨਾਂ ਗੁਜ਼ਾਰਾ ਹੀ ਨਹੀ ਹੈ। ਸਾਡੇ ਸਾਰੇ ਵਿਕਾਸ, ਸਾਡੇ ਸਾਰੇ ਸੰਬੰਧ ਅਤੇ ਸਾਰੀਆਂ ਵਿਚਾਰਧਾਰਾਵਾਂ ਆਪਸ ਵਿੱਚ ਇੱਕ ਸਮੀਕਰਣ ਨਾਲ ਜੁੜੀਆਂ ਹੋਈਆਂ ਹਨ। ਅਸਲ ਵਿੱਚ ਤਿੰਨਾਂ ਦਾ ਸੰਤੁਲਨ ਬਣਾਉਣਾ ਜਰੂਰੀ ਹੈ। ਇੱਕਲੀਆਂ ਵਸਤੂਆਂ ਸਾਨੂੰ ਸਰੀਰਕ ਸੁਖ, ਆਰਾਮ ਅਤੇ ਸਹੂਲਤਾਂ ਤਾਂ ਦੇ ਸਕਦੀਆਂ ਹਨ ਪਰ ਸਾਡੇ ਮਨ ਨੂੰ ਵੀ ਸ਼ਾਂਤੀ ਚਾਹੀਦੀ ਹੈ। ਸਾਡੇ ਪਰਿਵਾਰਿਕ ਅਤੇ ਸਮਾਜਿਕ ਸੰਬੰਧ ਸਾਡੀ ਹੋਂਦ ਲਈ ਜਰੂਰੀ ਹਨ। ਇਹਨਾਂ ਵਸਤੂਆਂ ਅਤੇ ਵਿਅਕਤੀਆਂ ਦੀ ਤਰਤੀਬ ਕਾਇਮ ਰੱਖਣ ਲਈ ਹੀ ਵੱਖ ਵੱਖ ਵਿਚਾਰਧਾਰਾਵਾਂ ਹੋਂਦ ਵਿੱਚ ਆਉਂਦੀਆਂ ਹਨ। ਇੱਕ ਸੰਤੁਲਿਤ ਮਨੁੱਖ ਇਹਨਾਂ ਤਿੰਨਾਂ ਨੂੰ ਆਪਣੀ ਥਾਂ ਤੇ ਰੱਖਦਾ ਹੈ। ਕਿਸੇ ਨੂੰ ਵਿਵਾਦ ਦਾ ਕਾਰਨ ਨਹੀਂ ਬਣਨ ਦਿੰਦਾ । ਨਾ ਤਾਂ ਉਹ ਮਾਇਆ ਕਾਰਨ ਸਮਾਜਿਕ ਸੰਬੰਧ ਵਿਗੜਦਾ ਹੈ, ਨਾ ਹੀ ਨੈਤਿਕ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਨੂੰ ਮਾਇਆ ਕਾਰਨ ਤਿਲਾਂਜਲੀ ਦਿੰਦਾ ਹੈ। ਇਸੇ ਤਰਾਂ ਵਿਅਕਤੀਆਂ ਅਤੇ ਵਿਚਾਰਾਂ ਵਿੱਚ ਵੀ ਸੰਤੁਲਨ ਬਣਾਇਆ ਜਾਣਾ ਜਰੂਰੀ ਹੈ। ਸਵੈ ਚਿੰਤਨ , ਚੰਗੀ ਸੰਗਤ, ਵਧੀਆ ਪ੍ਰੇਰਨਾਤਮਕ ਕਿਤਾਬਾਂ ਸਾਨੂੰ ਥਿੜਕਣ ਤੋਂ ਬਚਾ ਸਕਦੀਆਂ ਹਨ ਅਤੇ ਸਾਨੂੰ ਉਨ੍ਹਾਂ ਮਾਮਲਿਆਂ ਤੇ ਵੀ ਵਿਸਮਾਦੀ ਅਵਸਥਾ ਵਿਚ ਲਿਜਾ ਸਕਦੀਆਂ ਹਨ ਜਿਹੜੀਆਂ ਸਾਡੀ ਜ਼ਿੰਦਗੀ ਵਿਚ ਵਿਵਾਦ ਦਾ ਕਾਰਨ ਹਨ। ਲੋੜ ਚੰਗੇ ਵਿਚਾਰ ਪ੍ਰਾਪਤ ਕਰਦੇ ਰਹਿਣ ਦੀ ਹੈ ਅਤੇ ਆਤਮ ਚਿੰਤਨ ਰਾਹੀਂ ਹੋਰ ਚੰਗਾ ਹੋਰ ਵਧੀਆ ਬਣਨ ਦੀ ਬਿਰਤੀ, ਦਿਖਣ ਜਾਂ ਕਹਾਉਣ ਦੀ ਨਹੀਂ, ਸਗੋਂ ਚੰਗਾ ਬਣਨ ਦੀ ਬਿਰਤੀ ਹਮੇਸ਼ਾ ਕਾਇਮ ਰਹਿਣੀ ਚਾਹੀਦੀ ਹੈ। ਕਿਉਂਕਿ ਫੇਰ ਵਿਸਮਾਦ ਪੈਦਾ ਕਰਨ ਦੇ ਅਸਲੀ ਵਸੀਲੇ ਦੀ ਜਾਣਕਾਰੀ ਹੋ ਸਕੇਗੀ ਅਤੇ ਅਸੀਂ ਅਸਲ ਅਰਥਾਂ ਵਿਚ ਵਿਸਮਾਦ ਦੇ ਨੇੜੇ ਪਹੁੰਚ ਸਕਦੇ ਹਾਂ। ਆਧੁਨਿਕ ਯੁੱਗ ਵਿਚ ਵਸਤਾਂ ਨੂੰ ਵਰਤਣ ਦਾ ਤਰੀਕਾ 'ਵਰਤੋਂ ਅਤੇ ਸੁੱਟ ਦੇਵੋਫਤੂਟ; (ਸ ੲ ੳਨਦ ਟਹਰੋ) ਇੰਨਾ ਜਿਆਦਾ ਭਾਰੂ ਹੋ ਗਿਆ ਹੈ ਕਿ ਇਹੀ ਬਿਰਤੀ ਵਿਅਕਤੀਆਂ ਨਾਲ ਸੰਬੰਧਾਂ ਵਿਚ ਅਤੇ ਵਿਚਾਰਾਂ ਨਾਲ ਵੀ ਦੇਖੀ ਜਾਣ ਲੱਗੀ ਹੈ। ਸੰਬੰਧ ਅਤੇ ਰਿਸ਼ਤੇਦਾਰੀਆਂ ਵਿਚ ਵੀ ਇਹੀ ਬਿਰਤੀ ਭਾਰੂ ਹੈ, ਜਿਸ ਕਾਰਨ ਪਰਿਵਾਰ ਟੁੱਟਣ ਲੱਗੇ ਹਨ ਅਤੇ ਤਲਾਕ ਵਧਣ ਲੱਗੇ ਹਨ। ਵਸਤੂਆਂ, ਰਿਸ਼ਤਿਆਂ ਅਤੇ ਵਿਚਾਰਾਂ ਜਾਂ ਆਦਰਸ਼ਾਂ ਨੂੰ ਅਸੀਂ ਸੰਭਾਲਣ ਦੀ ਜਾਚ ਭੁੱਲ ਰਹੇ ਹਾਂ। ਕਿਸੇ ਵੀ ਵਿਚਾਰ ਜਾਂ ਆਦਰਸ਼ ਉੱਤੇ ਵੀ ਅਸੀਂ ਦ੍ਰਿੜਤਾ ਨਾਲ ਨਹੀਂ ਖੜ੍ਹੇ ਹੋਏ। ਅੱਜ ਸਾਨੂੰ ਸੰਭਾਲਣ ਅਤੇ ਮੁਰੰਮਤ ਕਰਨ ਕਰਵਾਉਣ ਦੀ ਜਾਚ ਭੁੱਲ ਗਈ ਹੈ, ਨਾ ਵਸਤੂਆਂ ਨੂੰ ਹੰਢਣਸਾਰ ਚਾਹੁੰਦੇ ਹਾਂ, ਨਾ ਰਿਸ਼ਤੇ ਦੇਰ ਤੱਕ ਨਿਭਣ ਵਾਲੇ ਹੁੰਦੇ ਨੇ, ਕਿਉਂਕਿ ਸਵਾਰਨ ਅਤੇ ਸੁਧਾਰਨ ਦੀ ਤਾਂਘ ਹੀ ਨਹੀਂ, ਅਤੇ ਨਾ ਹੀ ਕਿਸੇ ਇੱਕ ਆਦਰਸ਼ ਜਾਂ ਵਿਚਾਰਧਾਰਾ ਤੇ ਧੁਰ ਤੱਕ ਖੜ੍ਹੇ ਰਹਿ ਸਕਦੇ ਹਾਂ। ਆਉਣ ਵਾਲਾ ਸਮਾਂ ਕਿਹੋ ਜਿਹਾ ਹੋ ਸਕਦਾ ਹੈ, ਸੋਚ ਕੇ ਕਾਂਬਾ ਛਿੜ ਜਾਂਦਾ ਹੈ।

**ਸਮੇਂ ਅਤੇ ਸਥਾਨ ਦਾ ਅਸਰ :–** ਤਿੰਨੇ ਚੀਜਾਂ ਤੇ ਸਮੇਂ ਅਤੇ ਸਥਾਨ ਦਾ ਡੂੰਘਾ ਪ੍ਰਭਾਵ ਹੈ। ਵਸਤੂਆਂ, ਵਿਅਕਤੀ ਅਤੇ ਵਿਚਾਰ ਸਮੇਂ ਅਤੇ ਸਥਾਨ ਦੇ ਬਦਲਣ ਨਾਲ ਆਪਣਾ ਪ੍ਰਭਾਵ, ਕੀਮਤ ਅਤੇ ਮਹੱਤਤਾ ਵਿਚ ਤਬਦੀਲੀ ਆਉਂਦੀ ਹੈ। ਕਦੇ ਕਦੇ ਤਾਂ ਇਹ ਤਬਦੀਲੀ ਬਿਲਕੁਲ ਹੀ ਵਿਰੋਧਾਭਾਸ ਵਿਚ ਜਾ ਖੜ੍ਹਦੀ ਹੈ। ਜਿਹੜੀਆਂ ਵਸਤੂਆਂ ਕਿਸੇ ਖਾਸ ਸਥਾਨ ਲਈ ਅਤੇ ਇੱਕ ਖਾਸ ਸਮੇਂ ਵਿਚ ਬਹੁਤ ਜਿਆਦਾ ਮਹੱਤਵਪੂਰਨ ਜਾਂ ਪੂਜਣਯੋਗ ਸਨ, ਕਿਸੇ ਹੋਰ ਸਥਾਨ ਤੇ ਅਤੇ ਵਕਤ ਦੇ ਹੋਰ ਟੁਕੜੇ ਤੇ ਉਹ ਬਿਲਕੁਲ ਹੀ ਫਜ਼ੂਲ ਲੱਗਦੀਆਂ ਹਨ। ਇੱਕ ਖਾਸ ਸਮੇਂ ਤੇ ਅਤੇ ਕਿਸੇ ਇੱਕ ਖਿੱਤੇ ਦੇ ਵਿਦਵਾਨ, ਮਹਾਂਪੁਰਸ਼ ਅਤੇ ਵਡੇਰੇ ਲੋਕ ਕਿਸੇ ਹੋਰ ਸਮੇਂ ਅਤੇ ਇਲਾਕੇ ਵਿਚ ਜਾ ਕੇ ਹੀਰੋ ਤੋਂ ਜੀਰੋ ਹੋ ਜਾਂਦੇ ਹਨ। ਇਹੋ ਸਿਧਾਂਤ ਵਿਚਾਰਧਾਰਾ ਲਈ ਵੀ ਪੂਰਾ ਠੀਕ ਹੈ। ਗਜ਼ਬ ਇਹ ਕਿ ਜਿਹੜੀਆਂ ਵਸਤਾਂ ,ਵਿਅਕਤੀ ਤੇ ਵਿਚਾਰ ਇੱਕ ਖਾਸ ਇਲਾਕੇ ਵਿਚ ਇੱਕ ਖਾਸ ਸਮੇਂ ਵਿਚ ਵਿਸਮਾਦ ਦਾ ਕਾਰਨ ਬਣਦੇ ਸਨ, ਕਿਸੇ ਹੋਰ ਸਮੇਂ ਅਤੇ ਥਾਂ ਤੇ ਓਹੀ ਵਿਵਾਦ ਦਾ ਸਬੱਬ ਬਣ ਬੈਠਦੇ ਹਨ। ਇਨਸਾਨ ਸਮੇਂ ਅਤੇ ਸਥਾਨ ਤੋਂ ਆਜ਼ਾਦ ਹੋ ਕੇ ਜਿਊਣਾ ਨਹੀਂ ਸਿੱਖਿਆ ਅਤੇ ਨਾ ਹੀ ਉਸਦੀ ਅਜਿਹੀ ਤਾਂਘ ਹੀ ਹੈ.......

ਵਸਤੂਆਂ ਸਥੂਲ ਜਗਤ ਨਾਲ ਸੰਬੰਧਿਤ ਹਨ। ਸਥੂਲ ਰੂਪ ਵਿਚ ਹੋਣ ਕਰਕੇ ਉਹ ਵਿਅਕਤੀ ਵੀ ਜੜ੍ਹ ( ਸਥੂਲ) ਬਣ ਜਾਂਦੇ ਹਨ, ਜਿਹੜੇ ਵਸਤੂਆਂ ਨੂੰ ਪਹਿਲ ਦਿੰਦੇ ਹਨ। ਵਿਅਕਤੀ ਵਿਚ ਸਜੀਵ ਤੇ ਨਿਰਜੀਵ ਦੋਵੇਂ ਅੰਸ਼ ਹੋਣ ਕਾਰਨ ਇਹ ਸਥੂਲ ਤੇ ਸੂਖਮ ਦਾ ਮੇਲ ਹੈ। ਇਨਸਾਨ ਹੀ ਆਪਣੀ ਚੇਤਨਾ ਨਾਲ ਇਹਨਾਂ ਵਸਤੂਆਂ ਦੀ ,ਵਿਅਕਤੀਆਂ ਦੀ ਅਤੇ ਵਿਚਾਰਾਂ ਦੀ ਪਰਿਭਾਸ਼ਾ ਦਿੰਦਾ ਹੈ, ਉਹਨਾਂ ਦੀ ਥਾਂ ਨਿਸ਼ਚਿਤ ਕਰਦਾ ਹੈ। ਵਿਚਾਰ ਸਿਰਫ ਸੂਖਮ ਰੂਪ ਹੈ। ਇਹ ਨਿਰਗੁਣ ਪਰਮਾਤਮਾ ਵਾਂਗ ਹਰ ਇੱਕ ਨੂੰ ਸਮਝ ਨਹੀਂ ਪੈਂਦਾ। ਇਸ ਸੂਖਮ ਰੂਪ ਨੂੰ ਸਭ ਤੋਂ ਵੱਧ ਤਰਜੀਹ ਦੇਣ ਵਾਲੇ ਸੱਚਮੁੱਚ ਮਰਜੀਵੜੇ ਬਣ ਜਾਂਦੇ ਹਨ। ਉਹ ਆਦਰਸ਼ਾਂ ਲਈ ਕੁਰਬਾਨ ਹੋਣ ਵਾਲੇ ਜਿੰਦਾ ਸ਼ਹੀਦ ਹੁੰਦੇ ਹਨ। ਲੋੜ ਹੈ ਸੁਚੇਤ ਹੋਣ ਦੀ ਅਤੇ ਇਹਨਾਂ ਦਾ ਠੀਕ ਅਨੁਪਾਤ ਬਣਾਈ ਰੱਖਣ ਲਈ। ਵਿਵਾਦ ਬਣ ਰਹੀ ਕੋਈ ਵੀ ਵਸਤੂ, ਵਿਅਕਤੀ ਜਾਂ ਵਿਚਾਰ ਦੀ ਵੀ ਦੁਬਾਰਾ ਚਿੰਤਨ ਕੀਤੇ ਜਾਣ ਦੀ ਲੋੜ ਹੈ। ਆਓ ਅਸੀਂ ਇਹਨਾਂ ਤੋਂ ਹੀ ਵਿਸਮਾਦ ਪ੍ਰਾਪਤ ਕਰਨ ਦੇ ਢੰਗ ਸਿੱਖੀਏ ਅਤੇ ਹੋਰਨਾਂ ਨੂੰ ਵੀ ਇਹ ਮਹਿਕ ਵੰਡਦੇ ਰਹੀਏ।



ਜਸਵਿੰਦਰ ਸਿੰਘ ਰੁਪਾਲ
9814715796

# ਨਸ਼ਿਆਂ ਵਿਰੁੱਧ ਯੁੱਧ ਮੁਹਿੰਮ ਕਿੰਨੀ ਕੁ ਕਾਮਯਾਬ?


ਪੰਜਾਬ ਦੀ ਸਰਕਾਰ ਨੇ ਨਸ਼ਿਆਂ ਵਿਰੁੱਧ ਯੁੱਧ ਦੀ ਅਖੌਤੀ ਮੁਹਿੰਮ ਛੇੜੀ ਹੋਈ ਹੈ। ਜਮੀਨੀ ਪੱਧਰ ਤੇ ਜੋ ਵਾਪਰ ਰਿਹਾ ਹੈ ਉਹ ਇਸ ਤੋਂ ਬਿਲਕੁਲ ਉਲਟ ਹੈ ਇਸ ਮੁਹਿੰਮ ਤਹਿਤ ਨਸ਼ੇ ਦੀ ਅਸਲ ਜੜ ਤੋਂ ਪਰਦਾ ਪਾ ਕੇ ਨਸ਼ੇ ਦਾ ਸ਼ਿਕਾਰ ਛੋਟੇ ਮੋਟੇ ਨਸ਼ੇੜੀਆਂ ਨੂੰ ਫੜ ਕੇ ਇਸ ਨੂੰ ਵੱਡੀ ਉਪਲੱਬਧੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਜਦਕਿ ਨਸ਼ੇ ਦੇ ਵੱਡੇ ਵਪਾਰੀਆਂ ਤੋਂ ਸਿਆਸੀ ਗੁੰਡਾ ਗੱਠਜੋੜ ਦਾ ਤਾਣਾ ਬਾਣਾ ਉਸੇ ਤਰ੍ਹਾਂ ਕਾਇਮ ਹੈ ਸਗੋਂ ਨਸ਼ਿਆਂ ਵਿਰੁੱਧ ਅਖੌਤੀ ਯੁੱਧ ਦੇ ਬਹਾਨੇ ਸਰਕਾਰ ਨੇ ਪੰਜਾਬ ਪੁਲਿਸ ਨੂੰ ਨਿਰਦੋਸ਼ਾਂ ਤੇ ਜਬਰ ਕਰਨਾ ਉਹਨਾਂ ਨੂੰ ਝੂਠੇ ਪਰਚਿਆਂ ਵਿੱਚ ਮੜਨ ਦੀ ਖੁੱਲੀ ਛੁੱਟੀ ਦੇ ਰੱਖੀ ਹੈ ਜਿਸ ਤਹਿਤ ਕਈ ਥਾਵਾਂ ਉੱਤੇ ਨਸ਼ਿਆਂ ਖਿਲਾਫ ਆਵਾਜ਼ ਉਠਾਉਂਦੇ ਲੋਕਾਂ ਨੂੰ ਵੀ ਕੁੱਟਿਆ ਮਾਰਿਆ ਗਿਆ, ਪਿਛਲੇ ਦਿਨ ਹੀ ਬਠਿੰਡਾ ਪੁਲਿਸ ਵੱਲੋਂ ਗੋਨਿਆਣਾ ਮੰਡੀ ਦੇ ਨਿਰਦੋਸ਼ ਨੌਜਵਾਨ ਅਧਿਆਪਕ ਨੂੰ ਝੂਠੇ ਦੋਸ਼ਾਂ ਤਹਿਤ ਗ੍ਰਿਫਤਾਰ ਕਰਕੇ ਉਪਰ ਤਸ਼ੱਦਦ ਕੀਤਾ ਗਿਆ। ਨਸ਼ਿਆਂ ਦੇ ਸਮਗਲਰ ਅੱਜ ਵੀ ਬੇਖੌਫ ਪੰਜਾਬ ਦੀ ਜਵਾਨੀ ਨੂੰ ਕੁੱਖੋਂ ਹੌਲਾ ਕਰਨ ਦੀ ਕੋਈ ਕਸਰ ਨਹੀਂ ਛੱਡ ਰਹੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਭਾਈ ਬਖਤੌਰ ਸਿੰਘ ਸਮਗਰਾਂ ਨੇ ਨਸ਼ਿਆਂ ਵਿਰੁੱਧ ਵਿਰੋਧ ਕਰਨ ਵਾਲੇ ਇੱਕ ਸਾਬਕਾ ਫੌਜੀ ਨੌਜਵਾਨ ਦੀਆਂ ਲੱਤਾਂ ਤੋੜ ਦਿੱਤੀਆਂ ਤੇ ਹੋਰਾਂ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਹ ਕੁਝ ਘਟਨਾਵਾਂ ਪੰਜਾਬ ਸਰਕਾਰ ਦੇ ਨਸ਼ਿਆਂ ਵਿਰੁੱਧ ਵਿੱਢੇ ਯੁੱਧ ਦੇ ਪਖੰਡ ਦਾ ਪਰਦਾ ਫਾਸ਼ ਕਰਦੀਆਂ ਹਨ ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰ ਨਾਲ ਜੋੜ ਕੇ ਯੂਪੀ ਦੀ ਯੋਗੀ ਸਰਕਾਰ ਦੀ ਤਰਜ ਤੇ ਲੋਕਾਂ ਦੇ ਘਰ ਢਾਏ ਗਏ ਹਨ, ਪਰ ਇਸ ਵਿੱਚ ਕੋਈ ਵੀ ਤਕੜਾ ਰਸੂਖਦਾਰ ਸਮਗਲਰ ਨਹੀਂ ਸਗੋਂ ਹੇਠਲੇ ਪੱਧਰ ਦੇ ਗਰੀਬ ਲੋਕਾਂ ਨੂੰ ਹੀ ਸ਼ਿਕਾਰ ਬਣਾਇਆ ਗਿਆ ਹੈ ਜੋ ਇਸ ਕਾਰੋਬਾਰ ਦੀ ਸਭ ਤੋਂ ਕਮਜ਼ੋਰ ਤੇ ਹੇਠਲੀ ਕੜੀ ਹਨ, ਵੱਡੇ ਨਸ਼ਾ ਕਾਰੋਬਾਰ ਤੇ ਸਰਕਾਰ ਸਰਪਰਸਤੀ ਦੀ ਛਤਰ ਛਾਇਆ ਹੇਠ ਸੁਰੱਖਿਅਤ ਹਨ ਅਸਲ ਵਿੱਚ ਸੱਤਾ ਵਿੱਚ ਆਉਣ ਸਾਰ ਨਸ਼ਾ ਖਤਮ ਕਰਨ ਦੀਆਂ ਗੱਲਾਂ ਕਰਨ ਵਾਲੀ ਪੰਜਾਬ ਸਰਕਾਰ ਦਾ ਅਕਸ ਲੋਕਾਂ ਦੀਆਂ ਨਜ਼ਰਾਂ ਵਿੱਚ ਬਹੁਤ ਵਿਗੜ ਚੁੱਕਿਆ ਹੈ। ਆਪਣਾ ਅਕਸ ਬਚਾਉਣ ਲਈ ਪੰਜਾਬ ਸਰਕਾਰ ਇਸ ਮੁਹਿੰਮ ਰਾਹੀਂ ਸਿਰਫ ਗੋਗਲੂਆਂ ਤੋਂ ਮਿੱਟੀ ਝਾੜਨ ਦਾ ਕੰਮ ਕਰ ਰਹੀ ਹੈ। ਸਾਡੀ ਪਹੁੰਚ ਦੀ ਜਵਾਨੀ ਹੁਣ ਤੱਕ ਦੀ ਨਸ਼ਿਆਂ ਦੀ ਸਭ ਤੋਂ ਭਿਅੰਕਰ ਕਾਲੀ ਬੋਲੀ ਹਨੇਰੀ ਦੀ ਮਾਰ ਹੇਠ ਚੱਲ ਰਹੀ ਹੈ, ਹਰ ਦਿਨ ਕਿਸੇ ਪਿੰਡ ਸ਼ਹਿਰ ਵਿੱਚ ਨੌਜਵਾਨਾਂ ਦੀਆਂ ਮੌਤਾਂ ਦੀ ਦੁਖਦਾਈ ਦਿਲ ਹਲੂਣਵੀਆਂ ਖਬਰਾਂ ਸਾਹਮਣੇ ਆਉਂਦੀਆਂ ਹਨ ਕਿਸੇ ਨਾ ਕਿਸੇ ਘਰ ਵਿੱਚ ਸੱਥਰ ਵਿਛਣ ਦੀਆਂ ਖਬਰਾਂ ਆਉਂਦੀਆਂ ਹਨ ਇਹਨਾਂ ਨਸ਼ਿਆਂ ਨੇ ਮਾਵਾਂ ਦੀਆਂ ਕੁੱਖਾਂ ਸੁੰਨੀਆਂ ਕਰ ਦਿੱਤੀਆਂ ਹਨ। ਵਿਆਹੀਆਂ ਔਰਤਾਂ ਨੂੰ ਸਿਰ ਉੱਤੇ ਜਵਾਨੀ ਵੀ ਵਿੱਚ ਹੀ ਚਿੱਟੀ ਚੁੰਨੀ ਦੇ ਕੇ ਵਿਧਵਾ ਕਰ ਦਿੱਤਾ ਹੈ। ਬੁੱਢੇ ਮਾਪਿਆਂ ਦੇ ਸਹਾਰੇ ਖੋਹ ਲਏ ਹਨ। ਚਿੱਟਾ, ਸਿੰਥੈਟਿਕ, ਨਸ਼ੇ ਮੈਡੀਕਲ ਨਸ਼ਿਆਂ ਵਾਲੇ ਟੀਕੇ ਅਤੇ ਹੋਰ ਭਾਂਤ ਭਾਂਤ ਦੇ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਕੁੱਖੋਂ ਹੌਲਾ ਕਰ ਦਿੱਤਾ ਹੈ। ਤੰਦਰੁਸਤ ਉੱਚੇ ਲੰਮੇ ਗੱਭਰੂ ਮੁਟਿਆਰਾਂ ਦਾ ਸੂਬਾ ਕਹਾਉਣ ਵਾਲਾ ਪੰਜਾਬ ਹੁਣ ਨਸ਼ਿਆਂ ਲਈ ਮਸ਼ਹੂਰ ਹੋ ਗਿਆ ਹੈ। ਨਸ਼ਾ ਕਰਕੇ ਪੰਜਾਬ ਵਿੱਚ ਗੁੰਡਾਗਰਦੀ ਚੋਰੀ ਲੁੱਟ ਖੋਹਾਂ ਦਿਨੋ ਦਿਨ ਵੱਧ ਰਹੀਆਂ ਹਨ, ਪੰਜਾਬ ਸਰਕਾਰ ਦਾ ਖੁਦ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਹਰੇਕ 10 ਪਿੱਛੇ ਸੱਤ ਘਰਾਂ ਵਿੱਚ ਕੋਈ ਨਾ ਕੋਈ ਜਣਾ ਨਸ਼ੇ ਦਾ ਆਦੀ ਹੈ। ਅੱਜ ਪੰਜਾਬ ਵਿੱਚ 20 ਤੋਂ 25 ਲੱਖ ਲੋਕ ਨਸ਼ੇ ਦਾ ਸ਼ਿਕਾਰ ਹੋ ਚੁੱਕੇ ਹਨ ਨਸ਼ਿਆਂ ਕਾਰਨ ਮੌਤ ਦੀ ਬਲੀ ਚੜੇ ਨੌਜਵਾਨਾਂ ਦੇ ਮਾਪਿਆਂ ਦਾ ਦੁੱਖ ਦੇਖਿਆ ਨਹੀਂ ਜਾਂਦਾ, ਵਿਲਕਦੀਆਂ ਮਾਵਾਂ ਦੇ ਬੈਣ ਦਿਲ ਪਾੜ ਦਿੰਦੇ ਨੇ ਪਰ ਨਸ਼ੇ ਦੇ ਸੁਦਾਗਰਾਂ ਨੂੰ ਇਸ ਨਾਲ ਕੋਈ ਵੀ ਫਰਕ ਨਹੀਂ ਪੈਂਦਾ, ਇਹਨਾਂ ਦਾ ਧੰਦਾ ਬਿਨਾਂ ਕਿਸੇ ਰੋਕ ਟੋਕ ਤੋਂ ਚੱਲ ਰਿਹਾ ਹੈ। ਪੁਲਿਸ ਪ੍ਰਸ਼ਾਸਨ ਤੋਂ ਲੈ ਕੇ ਸਰਕਾਰਾਂ ਇਹਨਾਂ ਦੀ ਪਿੱਠ ਉੱਤੇ ਹਨ ਨਸ਼ਿਆਂ ਨੂੰ ਰੋਕਣ ਲਈ ਸਰਕਾਰੀ ਕੋਸ਼ਿਸ਼ਾਂ ਮਹਿਜ ਇੱਕ ਡਰਾਮਾ ਹਨ। ਲੋਕਾਂ ਨੂੰ ਮੂਰਖ ਬਣਾ ਕੇ ਵੋਟਾਂ ਹਾਸਲ ਕਰਨ ਦਾ ਪਖੰਡ ਅਸਲ ਵਿੱਚ ਨਸ਼ੇ ਦੇ ਧੰਦੇ ਨੂੰ ਸਰਕਾਰਾਂ ਦੀ ਢੋਈ ਮਿਲੀ ਹੋਈ ਹੈ। ਪੰਜਾਬ ਵਿੱਚ ਸਰਕਾਰ ਨੂੰ ਕਾਨੂੰਨੀ ਮਾਨਤਾ ਹੈ ਸਾਲ 2022 ਵਿੱਚ ਪੰਜਾਬ ਸਰਕਾਰ ਨੇ ਸਰਾਬ ਦੀ ਬੋਲੀ ਤੋਂ 8900 ਕਰੋੜ ਰੁਪਏ ਵੱਟੇ ਹਨ। ਪਿਛਲੇ ਸਾਲ ਤੋਂ ਲਗਭਗ 2500 ਕਰੋੜ ਰੁਪਏ ਵੱਧ ਹਨ ,ਮਤਲਬ ਪੰਜਾਬ ਵਿੱਚ ਆਪਦੇ ਆਪ ਨੂੰ ਆਮ ਲੋਕਾਂ ਦੀ ਕਹਾਉਣ ਵਾਲੀ ਸਰਕਾਰ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਵੱਧ ਤੋਂ ਵੱਧ ਸ਼ਰਾਬ ਪਿਆ ਕੇ ਆਪਦੇ ਖਜ਼ਾਨੇ ਭਰ ਰਹੀ ਹੈ। ਅਖਬਾਰਾਂ ਦੀਆਂ ਰਿਪੋਰਟਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਮਾਨ ਦੀ ਸਰਕਾਰ ਆਉਣ ਤੋਂ ਮਗਰੋਂ ਪੰਜਾਬ ਵਿੱਚ ਨਸ਼ਾ ਚਾਰ ਗੁਣਾ ਵੱਧ ਗਿਆ ਹੈ। ਚਿੱਟੇ ਦਾ ਪੰਜਾਬ ਵਿੱਚ ਕਰੋੜਾਂ ਦਾ ਧੰਦਾ ਹੈ। ਕਈ ਵਾਰ ਜਦੋਂ ਚਿੱਟੇ ਦੀ ਗੱਲ ਆਉਂਦੀ ਹੈ ਤਾਂ ਸਰਹੱਦੋ ਪਾਰ ਪਾਕਿਸਤਾਨ ਜਾਂ ਆਫਗਾਨਿਸਤਾਨ ਦਾ ਨਸ਼ਾ ਆਉਣ ਦੀ ਗੱਲ ਵੀ ਕਹੀ ਜਾਂਦੀ ਹੈ। ਪਰ ਇਹ ਸੱਚ ਨਹੀਂ ਸਰਹੱਦ ਪਾਰੋਂ ਆਉਣ ਵਾਲਾ ਨਸ਼ਾ ਬਹੁਤ ਮਾਮੂਲੀ ਹੈ ।ਅਫੀਮ, ਪੋਸਤ, ਸਮੈਕ, ਹੀਰੋਇਨ, ਚਿੱਟਾ ਆਦਿ ਦੀ ਸਾਰੀ ਪੈਦਾਵਾਰ ਭਾਰਤ ਵਿੱਚ ਹੀ ਹੁੰਦੀ ਹੈ। ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਅਫੀਮ ਦੀ ਕਾਨੂੰਨੀ ਖੇਤੀ ਹੁੰਦੀ ਹੈ। ਜਿਸ ਤੋਂ ਸੋਧ ਕੇ ਹੀਰੋਇਨ ਚਿੱਟੇ ਵਰਗੇ ਨਸ਼ੇ ਬਣਦੇ ਹਨ। ਸਿੰਥੈਟਿਕ ਤੇ ਮੈਡੀਕਲ ਨਸ਼ਿਆਂ ਦੀਆਂ ਦਰਜਨਾਂ ਫੈਕਟਰੀਆਂ ਪੰਜਾਬ ਤੇ ਹਿਮਾਚਲ ਵਿੱਚ ਚੱਲ ਰਹੀਆਂ ਹਨ ਜਿਨਾਂ ਵਿੱਚ ਪਿੱਛੇ ਜਿਹੇ ਤਿੰਨ ਫੈਕਟਰੀਆਂ ਦਾ ਨਾਂ ਜਗਦੀਸ਼ ਭੋਲਾ ਨਸ਼ਾ ਤਸਕਰੀ ਕੇਸ ਵਿੱਚ ਸਾਹਮਣੇ ਆਇਆ ਸੀ ਇਹਨਾਂ ਫੈਕਟਰੀਆਂ ਵਿੱਚ ਤਿਆਰ ਚਿੱਟਾ ਇਕੱਲੇ ਪੰਜਾਬ ਵਿੱਚ ਜਾਂ ਭਾਰਤ ਦੇ ਲੋਕਾਂ ਤੱਕ ਹੀ ਨਹੀਂ ਸਗੋਂ ਵਰਮਾ, ਮੀਆਂਮਾਰ, ਮਲੇਸ਼ੀਆ ਤੇ ਹੋਰ ਗੁਆਂਢੀ ਮੁਲਕਾਂ ਨੂੰ ਵੀ ਸਪਲਾਈ ਹੁੰਦਾ ਹੈ। ਭਾਰਤ ਚੀਨ ਮਗਰੋਂ



ਹੀਰੋਇਨ ਦਾ ਦੂਜਾ ਵੱਡਾ ਪੈਦਾਵਾਰ ਹੈ ਨਸ਼ਾ ਤਸਕਰਾਂ ਅਤੇ ਸਰਕਾਰਾਂ ਦੀ ਮਿਲੀ ਭੁਗਤ ਦਾ ਪਤਾ ਇਥੋਂ ਹੀ ਲੱਗਦਾ ਹੈ ਕਿ ਸਤੰਬਰ 2021 ਵਿੱਚ ਅਡਾਨੀ ਦੀ ਬੰਦਰਗਾਹ ਤੋਂ 3000 ਕਰੋੜ ਹੀਰੋਇਨ ਫੜੀ ਗਈ ਸੀ ਜਿਸ ਦੀ ਕੀਮਤ ਅਰਬਾਂ ਵਿੱਚ ਸੀ।

ਨਸ਼ਿਆਂ ਦੇ ਕਾਰੋਬਾਰ ਨੂੰ ਨਾ–ਰੋਕਣ ਪਿੱਛੇ ਇੱਕ ਹੋਰ ਕਾਰਨ ਇਹ ਵੀ ਹੈ ਕਿ ਸਰਕਾਰ ਵੱਧ ਤੋਂ ਵੱਧ ਨੌਜਵਾਨਾਂ ਨੂੰ ਇਸ ਦਲਦਲ ਵਿੱਚ ਸੁੱਟਣਾ ਚਾਹੁੰਦੀ ਹੈ ਤਾਂ ਕਿ ਹੱਕੀ ਮੰਗਾਂ ਲਈ ਸੰਘਰਸ਼ ਕਰਨ ਦੀ ਚੁਣੌਤੀ ਤੋਂ ਪਹਿਲਾਂ ਹੀ ਉਹਨਾਂ ਨੂੰ ਡੱਕਿਆ ਜਾ ਸਕੇ। ਅਕਸਰ ਅਸੀਂ ਵੇਖਦੇ ਹਾਂ ਕਿ ਬੇਰੁਜਗਾਰੀ ਦੇ ਝੰਬੇ ਨੌਜਵਾਨ ਆਪਣੇ ਆਪ ਨੂੰ ਰਾਹਤ ਦੇਣ ਲਈ ਨਸ਼ਿਆਂ ਦੀ ਵਰਤੋਂ ਕਰਨ ਲੱਗ ਪੈਂਦੇ ਹਨ ਅਤੇ ਘੜੀ ਪਲ ਦੀ ਇਹ ਰਾਹਤ ਕਦੋਂ ਉਹਨਾਂ ਦੀ ਜਿੰਦਗੀ ਤਬਾਹ ਕਰ ਦਿੰਦੀ ਹੈ, ਉਹਨਾਂ ਨੂੰ ਪਤਾ ਵੀ ਨਹੀਂ ਲੱਗਦਾ। ਇਸ ਲਈ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਨਸ਼ਿਆਂ ਦੀ ਅਲਾਮਤ ਨੂੰ ਆਮ ਕਿਰਤੀ ਲੋਕਾਈ ਆਪਦੇ ਏਕੇ ਦੇ ਦਮ ਤੇ ਹੀ ਠੱਲ ਸਕਦੀ ਹੈ। ਗਰੀਬੀ, ਬੇਰੁਜਗਾਰੀ ਵਰਗੀਆਂ ਅਲਾਮਤਾਂ ਲੋਕਾਂ ਨੂੰ ਨਸ਼ਾਖੋਰੀ ਵੱਲ ਧੱਕਦੀਆਂ ਹਨ, ਨੂੰ ਖਤਮ ਕੀਤੇ ਬਗੈਰ ਅਤੇ ਸੱਭਿਆਚਾਰਕ ਢਲਾਈ ਬਿਨਾਂ ਨਸ਼ਾਖੋਰੀ ਦੀ ਸਮੱਸਿਆ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਸਮਾਜਵਾਦੀ ਸੋਵੀਅਤ ਯੂਨੀਅਨ ਨੇ 1917 ਦੇ ਇਨਕਲਾਬ ਤੋਂ ਕੁੱਝ ਸਾਲਾਂ ਬਾਅਦ ਹੀ ਰੂਸ ਵਿੱਚ ਨਸ਼ਾਖੋਰੀ ਦੀ ਸਮੱਸਿਆ ਤੇ ਕਾਬੂ ਪਾ ਲਿਆ ਸੀ ਜਿਹਦਾ ਵਰਨਣ ਅਮਰੀਕੀ ਪੱਤਰਕਾਰ ਡਾਈਸਨ ਕਾਰਟਰ ਦੀ ਮਸ਼ਹੂਰ ਕਿਤਾਬ ਪਾਪ ਤੇ ਵਿਗਿਆਨ ਵਿੱਚ ਪੜ੍ਹਿਆ ਜਾ ਸਕਦਾ ਹੈ। ਇਹਨਾਂ ਤਜਰਬਿਆਂ ਤੋਂ ਸਿੱਖਕੇ ਹੀ ਨਸ਼ਾਖੋਰੀ ਦੇ ਭਿਆਨਕ ਦੈਂਤ ਨੂੰ ਠੱਲ ਪਾਈ ਜਾ ਸਕਦੀ ਹੈ। ਸਮਾਜਵਾਦੀ ਸੋਵੀਅਤ ਯੂਨੀਅਨ ਲੋਕਾਂ ਦੀ ਬਿਹਤਰੀ 'ਤੇ ਟਿਕਿਆ ਸਾਂਝੀ ਮਾਲਕੀ ਵਾਲ਼ਾ ਪ੍ਰਬੰਧ ਸੀ ਜਿਹਦੇ ਵਿੱਚ ਨਿੱਜੀ ਮੁਨਾਫਿਆਂ ਨੂੰ ਪਹਿਲ 'ਤੇ ਨਹੀਂ ਸੀ ਰੱਖਿਆ ਜਾਂਦਾ। ਇਹੋ ਜਿਹੇ ਪ੍ਰਬੰਧ ਦੀ ਉਸਾਰੀ ਕਰਨਾ ਹੀ ਇਨਸਾਫਪਸੰਦ ਲੋਕਾਂ ਖਾਸਕਰ ਨੌਜਵਾਨਾਂ ਦਾ ਸੁਪਨਾ ਹੋਣਾ ਚਾਹੀਦਾ ਹੈ। ਜੇ ਆਮ ਲੋਕਾਈ ਦਾ ਸਮੂਹ ਇਕੱਠ ਇਸਦੇ ਵਿਰੁੱਧ ਖੜਾ ਹੋ ਜਾਵੇ ਤਾਂ ਸ਼ਾਇਦ ਕਾਫੀ ਹੱਦ ਤੱਕ ਅਸੀਂ ਨਸ਼ੇ ਨੂੰ ਵੀ ਕਾਬੂ ਪਾਉਣ ਵਿੱਚ ਕਾਮਯਾਬ ਹੋ ਸਕਦੇ ਹਾਂ। ਜਦੋਂ ਜਦੋਂ ਵੀ ਸਰਕਾਰਾਂ ਝੁਕੀਆਂ ਹਨ ਤਾਂ ਆਮ ਲੋਕਾਂ ਦੇ ਇਕੱਠ ਨੇ ਹੀ ਝੁਕਾਈਆਂ ਹਨ ਇਸ ਲਈ ਨਸ਼ੇ ਨੂੰ ਖਤਮ ਕਰਨ ਲਈ ਆਮ ਲੋਕਾਂ ਦਾ ਇਕੱਠੇ ਹੋਣਾ ਬਹੁਤ ਜਰੂਰੀ ਹੈ।

ਨਸ਼ੇ ਦੇ ਵਿੱਚ ਔਰਤਾਂ ਵੀ ਸਭ ਤੋਂ ਵੱਧ ਨਸ਼ਾ ਗ੍ਰਸਤ ਹੋ ਚੁੱਕੀਆਂ ਹਨ। ਔਰਤਾਂ ਦਾ ਅੰਕੜਾ ਨਸ਼ੇ ਦੇ ਵਿੱਚ ਮਰਦਾਂ ਨਾਲ ਵੀ ਜ਼ਿਆਦਾ ਹੈ। ਉਹ ਤਾਂ ਆਜ਼ਾਦੀ ਦੀ ਮੰਗ ਕਰਦੀਆਂ ਕਰਦੀਆਂ ਖੁਦ ਮਰਦਾ ਦੇ ਬਰੋਬਰ ਗਲਾਸੀ ਖੜਕਾਉਣ ਵਿੱਚ ਕਾਮਯਾਬ ਹੋ ਗਈਆਂ ਹਨ, ਜਿਸ ਔਰਤ ਨੇ ਆਪਣੇ ਮਰਦਾਂ ਨੂੰ ਬਚਾਉਣ ਲਈ ਨਸ਼ਿਆਂ ਦੇ ਵਿਰੁੱਧ ਝੰਡਾ ਚੱਕਣਾ ਸੀ ਲੜਨਾ ਸੀ ਉਹੀ ਔਰਤਾਂ ਖੁਦ ਨਸ਼ਿਆਂ ਦਾ ਸ਼ਿਕਾਰ ਹੋ ਜਾਣ ਤਾਂ ਕੀ ਇਸ ਨਾਲ ਸਾਡਾ ਪੰਜਾਬ ਖਤਮ ਹੋਣ ਕੰਢੇ ਤੇ ਹੈ?? ਇਹ ਗੱਲ ਸੱਚ ਹੈ ਕਿ ਜਿੱਥੇ ਜਿੱਥੇ ਔਰਤਾਂ ਨਸ਼ੇ ਦੇ ਵਿਰੁੱਧ ਖੜੀਆਂ ਹੋਈਆਂ ਹਨ ਉੱਥੇ ਪਿੰਡਾਂ ਦੇ ਸਕੂਲਾਂ ਦੇ ਨੇੜੇ ਤੇੜੇ ਠੇਕੇ ਵੀ ਨਹੀਂ ਲੱਗਣ ਦਿੱਤੇ ਪਰ ਜਦੋਂ ਹੁਣ ਔਰਤ ਖੁਦ ਹੀ ਨਸ਼ਾ ਗ੍ਰਸਤ ਹੋ ਚੁੱਕੀ ਹੈ ਤੇ ਫਿਰ ਅਸੀਂ ਨਸ਼ੇ ਨੂੰ ਕਿਸ ਤਰੀਕੇ ਦੇ ਨਾਲ ਖਤਮ ਕਰ ਸਕਦੇ ਹਾਂ। ਔਰਤ ਚਾਹੇ ਤਾਂ ਕੀ ਨਹੀਂ ਕਰ ਸਕਦੀ ਪਰ ਇਥੇ ਤਾਂ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ?? ਫਿਰ ਅਸੀਂ ਸਿਰਫ ਨਸ਼ਿਆਂ ਤੇ ਸੈਮੀਨਾਰ ਹੀ ਕਰ ਸਕਦੇ ਹਾਂ ਹੋਰ ਕੁਝ ਨਹੀਂ, ਜਦੋਂ ਤੱਕ ਔਰਤਾਂ ਦੇ ਆਮ ਇਨਸਾਨਾਂ ਦਾ ਇਕੱਠ ਨਸ਼ਿਆਂ ਦੇ ਵਿਰੁੱਧ ਲੜਾਈ ਨਹੀਂ ਲੜਦਾ ਉਦੋਂ ਤੱਕ ਨਸ਼ਾ ਖਤਮ ਹੋਣਾ ਯਕੀਨੀ ਨਹੀਂ ਹੈ??



ਡਾ.ਦਵਿੰਦਰ ਕੌਰ ਖੁਸ਼
ਧਾਲੀਵਾਲ,ਖੋਜਕਰਤਾ.ਧੂਰਕੋਟ
ਮੋਗਾ,8847227740

# ਡਿਜੀਟਲ ਸ਼ੋਸ਼ਣ: ਮਾਸੂਮੀਅਤ ਦੇ ਕਤਲ ਤੋਂ ਵੀ ਵੱਡੀ ਟ੍ਰੈਜੇਡੀ



ਮਦਨਦੀਪ ਸਿੰਘ



ਕੰਚਨ ਤਿਵਾੜੀ ਉਰਫ ਕਮਲ ਕੌਰ ਦੀ ਹੱਤਿਆ ਦੇ ਮਾਮਲੇ ਨੇ ਮਨੁੱਖੀ ਸੰਵੇਦਨਾਵਾਂ ਦਾ ਪਰਦਾਫਾਸ਼ ਕਰ ਦਿੱਤਾ ਹੈ। ਇਸ ਕਤਲ ਨੇ ਆਧੁਨਿਕ ਮਨੁੱਖੀ ਸਿਵਿਲਾਈਜੇਸ਼ਨ ਦੇ ਅੰਦਰ ਉਬਲ ਰਹੇ ਖ਼ਤਰਿਆਂ ਤੋਂ ਢੱਕਣ ਲਾ ਦਿੱਤਾ ਹੈ।

ਅੱਜ ਜਦੋਂ ਅਸੀਂ ਡਿਜੀਟਲ ਦੁਨੀਆਂ ਦੀਆਂ ਹਨੇਰੀਆਂ ਨੁੱਕਰਾਂ ਵਿੱਚੋਂ ਭਵਿੱਖ ਦੀ ਤਲਾਸ਼ ਕਰ ਰਹੇ ਹਾਂ ਤਾਂ, ਸਾਨੂੰ ਉਨ੍ਹਾਂ ਹਨੇਰੀਆਂ ਨੁੱਕਰਾਂ ਵਿੱਚ ਸਿਸਕਦੀਆਂ ਜਾਂ ਮੋਈਆਂ ਅਨੇਕ ਮਾਸੂਮ ਜਿੰਦੜੀਆਂ ਮਿਲਣਗੀਆਂ। ਡਿਜੀਟਲ ਪਲੇਟਫਾਰਮਾਂ ਦੀ ਚਮਕਦਾਰ ਐਪਸ, ਲਾਈਵ ਸਟਰੀਮਾਂ ਅਤੇ ਖੋਖਲੇ ਪ੍ਰਸਿੱਧੀ ਦੇ ਝੂਠੇ ਸੁਪਨੇ ਇਨ੍ਹਾਂ ਮਾਨਵੀ ਸਮਾਜ ਨੂੰ ਅਜਿਹੀ ਦਿਸ਼ਾ ਵੱਲ ਲੈ ਗਏ ਹਨ, ਜਿੱਥੇ ਉਹ ਆਪਣੀ ਆਤਮਾ, ਆਪਣੀ ਪਛਾਣ ਤੇ ਆਪਣਾ ਮੂਲ, ਗਵਾ ਬੈਠਦੇ ਹਨ। ਇਹ ਪਿਛਲੇ ਜ਼ਮਾਨਿਆਂ ਦੇ ਕਤਲ ਨਹੀਂ ਇਹ ਅੱਜ ਦੇ ਕਤਲ ਹਨ, ਜਿੱਥੇ ਲਹੂ ਦੀ ਥਾਂ ਆਨਲਾਈਨ ਸ਼ਰਮ, ਅਤੇ ਮਾਨਸਿਕ ਤਬਾਹੀ ਵੱਗਦੀ ਹੈ। ਕਮਲ ਕੌਰ ਦੀ ਮੌਤ ਇੱਕ ਸਿਸਟਮ ਦੇ ਠੰਡੇ ਤੇ ਲਾਚਾਰ ਚਿਹਰੇ ਵਾਂਗ ਹੈ, ਜੋ ਸਭ ਕੁਝ ਵੇਖ ਰਿਹਾ ਹੈ, ਪਰ ਚੁੱਪ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਜਿਹੇ ਹਾਦਸੇ ਅਚਾਨਕ ਨਹੀਂ ਹੋ ਜਾਂਦੇ। ਇਹ ਲੰਮੇ ਸਮੇਂ ਤੋਂ ਸਮਾਜ ਵਿਚ ਰੇਂਗ ਰਹੀ ਉਹ ਅਣਗੌਲੀ ਗਿਰਾਵਟ ਹੈ, ਜਿਸ ਤੋਂ ਬਚਣਾ ਸ਼ਾਇਦ ਆਮ ਮਨੁੱਖ ਦੇ ਵਸ ਦਾ ਨਹੀਂ।

ਜੇਕਰ ਕਮਲ ਕੌਰ ਦੇ ਕਤਲ ਨੂੰ ਸਮਝਣਾ ਹੋਵੇ, ਤਾਂ ਸਭ ਤੋਂ ਪਹਿਲਾਂ ਇਹ ਸਮਝਣਾ ਪਵੇਗਾ ਕਿ ਜੋ ਡਿਜੀਟਲ ਦੁਨੀਆ ਵਿੱਚ ਫਸ ਗਏ ਹਨ, ਅਸਲ 'ਚ ਤਾਂ ਇਹ ਮਾਸੂਮ ਸਨ, ਪ੍ਰੰਤੂ ਇਨ੍ਹਾਂ ਨੂੰ ਮਾਸੂਮ ਰਹਿਣ ਹੀ ਨਹੀਂ ਦਿਤਾ ਗਿਆ। ਇਨ੍ਹਾਂ ਦੀ ਸੋਚ ਤੇ ਮਾਸੂਮੀਅਤ 'ਤੇ ਕਬਜ਼ਾ ਕਰ ਲਿਆ ਗਿਆ ਸੀ। ਇਹ ਹਰ ਰੋਜ਼ ਅੰਦਰੋਂ ਮਰ ਰਹੇ ਹਨ, ਹਰੇਕ ਟਿੱਪਣੀ, ਹਰੇਕ ਲਾਈਵ ਅਤੇ ਕੁਮੈਂਟਾਂ ਰਾਹੀਂ, ਇਹਨਾਂ ਦੀ ਜਾਨ ਚੂਸੀ ਜਾ ਰਹੀ ਹੈ। ਸਵਾਲ ਇਹ ਨਹੀਂ ਕਿ ਇਹ ਮੌਤ ਕਿਵੇਂ ਹੋਈ। ਸਵਾਲ ਇਹ ਵੀ ਨਹੀਂ ਕਿ ਮਰਨ ਵਾਲਾ ਕੌਣ ਸੀ। ਸਵਾਲ ਇਹ ਹੈ ਕਿ ਮਨੁੱਖੀ ਜਾਤੀ ਨੂੰ ਇਸ ਬੇਦਿਸ਼ਾ ਭਟਕਣ ਧੱਕਣ ਵਾਲਾ ਕੌਣ ਹੈ? ਅਤੇ ਮਨੁੱਖ ਇਧਰ ਤੁਰਨ ਲਈ ਧੱਕੇ ਕਿਉਂ ਚੜ੍ਹ ਰਿਹਾ ਹੈ? ਕੀ ਇਹ ਮਨੁੱਖੀ ਸੱਭਿਆਚਾਰ ਦੀ ਸਹੀ ਦਿਸ਼ਾ ਹੈ?

ਸ਼ਾਇਦ ਮਨੁੱਖ ਨੂੰ ਇਹ ਲੱਗ ਰਿਹਾ ਹੈ ਕਿ ਉਹ ਵਿਗਿਆਨਕ ਵਿਕਾਸ ਦੀ ਅਦਿੱਖ ਦਿਸ਼ਾ ਵੱਲ ਵੱਧ ਰਹੇ ਹਨ, ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਉਹ ਆਤਮ ਵਿਸਰਜਨ ਵੱਲ ਵਧ ਰਹੇ ਹਨ। ਉਸ ਪਾਸੇ ਵੱਲ ਜਿੱਥੇ ਨਾ ਕੋਈ ਹਦ ਹੈ, ਨ ਮਰਯਾਦਾ।

# ਜ਼ਿੰਦਗੀ ਬਹੁਤ ਲੰਬੀ ਹੈ....

ਅੱਜ ਕੱਲ ਦੇ ਬਦਲਦੇ ਸਮੇਂ ਵਿੱਚ ਕਿਸੇ ਰਿਸ਼ਤੇ ਤੋਂ ਬੇਜਾਰ ਹੋ ਜਾਣਾ ਕੋਈ ਬਹੁਤੀ ਵੱਡੀ ਗੱਲ ਨਹੀਂ। ਇਹ ਅਕਸਰ ਹੋ ਜਾਂਦਾ ਹੈ। ਹਾਲਾਂਕਿ ਅਜਿਹਾ ਹੋਣਾ ਨਹੀਂ ਚਾਹੀਦਾ। ਪਰ ਸਾਡੀ ਨਵੀਂ ਪੀੜੀ ਵਿੱਚ ਸਹਿਣਸ਼ੀਲਤਾ ਬਹੁਤ ਘੱਟ ਹੈ। ਉਹ ਛੋਟੀ ਜਿਹੀ ਗੱਲ ਤੇ ਤੋੜ ਵਿਛੋੜੇ ਤੱਕ ਪਹੁੰਚ ਜਾਂਦੇ ਹਨ। ਬਜ਼ੁਰਗਾਂ ਵਾਂਗ ਦਰ ਗੁਜਰ ਕਰਨਾ ਉਹਨਾਂ ਦੇ ਸੁਭਾਅ ਵਿੱਚ ਨਹੀਂ।

ਅਗਰ ਉਹ ਇੱਕ ਦੂਜੇ ਨੂੰ ਪਸੰਦ ਨਹੀਂ ਕਰਦੇ ਤਾਂ ਇੱਕ ਦੂਜੇ ਤੋਂ ਵੱਖ ਹੋ ਜਾਣਾ ਚਾਹੀਦਾ ਹੈ। ਇਸ ਵਿੱਚ ਕੋਈ ਹਰਜ ਨਹੀਂ ਹੈ। ਜ਼ਿੰਦਗੀ ਬਹੁਤ ਲੰਬੀ ਹੈ ਤੇ ਜੇ ਹਮ ਸਫਰ ਨਾਲ ਨਾ ਬਣਦੀ ਹੋਵੇ ਤਾਂ ਸਫਰ ਔਖਾ ਹੋ ਜਾਂਦਾ ਹੈ। ਅਲੱਗ ਹੋ ਜਾਣ ਦਾ ਕੋਈ ਮਿਹਣਾ ਵੀ ਨਹੀਂ। ਪਰ ਜੋ ਸਭ ਤੋਂ ਅਜੀਬ ਗੱਲ ਹੈ ਉਹ ਇਹ ਹੈ ਕਿ ਇੱਕ ਦੂਜੇ ਨੂੰ ਮਾਰ ਦੇਣਾ। ਅਕਸਰ ਖਬਰਾਂ ਵਿੱਚ ਸੁਣਦੇ ਹਾਂ ਪਤੀ ਨੇ ਪਤਨੀ ਨੂੰ ਮਰਵਾ ਦਿੱਤਾ ਜਾਂ ਪਤਨੀ ਨੇ ਪਤੀ ਨੂੰ। ਇਹ ਗੱਲ ਸੁਣਨ ਵਿੱਚ ਬਹੁਤ ਅਜੀਬ ਲੱਗਦੀ ਹੈ।

ਸਾਡੇ ਕੋਲ ਤਲਾਕ ਹੈ ਜਿਸ ਵਿੱਚ ਅਸੀਂ ਅਲੱਗ ਹੋ ਸਕਦੇ ਹਾਂ। ਤਲਾਕ ਤੋਂ ਬਾਅਦ ਦੋਵੇਂ ਆਪਣਾ ਆਪਣਾ ਜੀਵਨ ਜਿਉਣ ਲਈ ਆਜ਼ਾਦ ਹਨ। ਜਦੋਂ ਕੋਈ ਪਤੀ ਪਤਨੀ ਇੱਕ ਦੂਜੇ ਤੋਂ ਉਕਤਾ ਜਾਂਦੇ ਹਨ ਇੱਕ ਦੂਜੇ ਨਾਲ ਸਮਝੌਤਾ ਨਹੀਂ ਕਰਨਾ ਚਾਹੁੰਦੀ ਤਾਂ ਉਹਨਾਂ ਨੂੰ ਅਲੱਗ ਹੋ ਜਾਣਾ ਚਾਹੀਦਾ ਹੈ। ਤਲਾਕ ਲੈ ਕੇ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰਨ। ਪਰ ਅਜਿਹਾ ਬਹੁਤ ਘੱਟ ਹੋ ਰਿਹਾ ਹੈ। ਇੱਕ ਦੂਜੇ ਨੂੰ ਮਰਵਾ ਦੇਣ ਤੱਕ ਪਹੁੰਚਣ ਦੀ ਨੌਬਤ ਆ ਗਈ ਹੈ। ਹੁਣ ਇਹ ਗੱਲ ਕੋਈ ਅਣਹੋਣੀ ਜਿਹੀ ਨਹੀਂ ਲੱਗਦੀ। ਅਜਿਹੀਆਂ ਖਬਰਾਂ ਰੋਜ਼ ਸੁਣਨ ਨੂੰ ਮਿਲਦੀਆਂ ਹਨ।

ਇਹ ਬਹੁਤ ਗੰਭੀਰ ਮੁੱਦਾ ਹੈ ਸਾਡੇ ਸਮਾਜ ਦਾ। ਜੇਕਰ ਕੋਈ ਲਿਵ ਇਨ ਰਿਲੇਸ਼ਨ ਵਿੱਚ ਰਹਿ ਰਿਹਾ ਹੈ ਤਾਂ ਵੀ ਇੱਕ ਦੂਜੇ ਨੂੰ ਮਾਰ ਦਿੱਤਾ ਜਾਂਦਾ ਹੈ। ਵਿਆਹ ਵਿੱਚ ਵੀ ਅਜਿਹਾ ਹੀ ਹੋ ਰਿਹਾ ਹੈ। ਇਥੋਂ ਤੱਕ ਕਿ ਪ੍ਰੇਮੀ ਪ੍ਰੇਮਿਕਾ ਵੀ ਇੱਕ ਦੂਜੇ ਤੋਂ ਨਿਜਾਤ ਪਾਉਣ ਲਈ ਉਸਨੂੰ ਜ਼ਿੰਦਗੀ ਤੋਂ ਹੀ ਨਿਜਾਤ ਦਵਾ ਦਿੰਦੇ ਹਨ। ਇਹ ਬਹੁਤ ਦੁਖਦਾਈ ਹੈ। ਇਸ ਦੇ ਪਿੱਛੇ ਬਹੁਤ ਸਾਰੇ ਮਨੋਵਿਗਿਆਨਿਕ ਕਾਰਨ ਹਨ। ਅਜਿਹੀਆਂ ਹਰਕਤਾਂ ਕੋਈ ਆਮ ਵਿਅਕਤੀ ਨਹੀਂ ਕਰਦਾ। ਇਹ ਮਾਨਸਿਕ ਰੋਗੀਆਂ ਦੇ ਕੰਮ ਹਨ। ਮਾਨਸਿਕ ਰੋਗੀ ਸਿਰਫ ਉਹ ਨਹੀਂ ਹੁੰਦੇ ਜੋ ਕਿਸੇ ਗੰਭੀਰ ਸਮੱਸਿਆ ਨਾਲ ਉਲਝ ਰਹੇ ਹੋਣ। ਮਾਨਸਿਕ ਰੋਗੀ ਉਹ ਵੀ ਹਨ ਜੋ ਸਾਡੇ ਸਮਾਜ ਵਿੱਚ ਸਾਡੇ ਆਲੇ ਦੁਆਲੇ ਆਰਾਮਦਾਇਕ ਜ਼ਿੰਦਗੀ ਬਿਤਾਉਂਦੇ ਹਨ।

ਅਜੇ ਇਹ ਲੋਕਾਂ ਦਾ ਹਉਮੈ ਬਹੁਤ ਵੱਧ ਹੁੰਦਾ ਹੈ। ਉਹਨਾਂ ਨੂੰ ਆਪਣੇ ਤੋਂ ਅੱਗੇ ਕੁਝ ਨਜ਼ਰ ਹੀ ਨਹੀਂ ਆਉਂਦਾ। ਕੁਝ ਲੋਕਾਂ ਵਿੱਚ ਲਾਲਚ ਹੱਦ ਤੋਂ ਵੱਧ ਹੁੰਦਾ ਹੈ। ਅਕਸਰ ਅਮੀਰ ਜੀਵਨ ਸਾਥੀ ਨੂੰ ਮਰਵਾ ਦਿੱਤਾ ਜਾਂਦਾ ਹੈ ਇਹ ਸੋਚ ਕੇ ਕਿ ਉਸ ਦੀ ਮੌਤ ਤੋਂ ਬਾਅਦ ਸਾਰੀ ਪ੍ਰੋਪਰਟੀ ਮਿਲ ਜਾਵੇਗੀ। ਕਤਲ ਕਰਨ ਵਾਲਾ ਇਹ ਭੁੱਲ ਜਾਂਦਾ ਹੈ ਕਿ ਕਾਤਿਲ ਕਿੰਨੀ ਵੀ ਸਫਾਈ ਨਾਲ ਕਤਲ ਕਰੇ ਕੋਈ ਨਾ ਕੋਈ ਸੁਰਾਗ ਜਰੂਰ ਛੱਡ ਜਾਂਦਾ ਹੈ।

ਹਰ ਰੋਜ਼ ਕਿੰਨੀਆਂ ਹੀ ਅਜਿਹੀਆਂ ਘਟਨਾਵਾਂ ਸੁਣਨ ਨੂੰ ਮਿਲਦੀਆਂ ਹਨ। ਟੈਕਨੋਲੋਜੀ ਦੇ ਯੁਗ ਵਿੱਚ ਪਲੀ ਇਹ ਪੀੜੀ ਰਾਤੋ ਰਾਤ ਅਮੀਰ ਹੋ ਜਾਣਾ ਚਾਹੁੰਦੀ ਹੈ। ਇਹਨਾਂ ਨੂੰ ਜ਼ਿੰਦਗੀ ਵਿੱਚ ਹਰ ਸੁਵਿਧਾ ਚਾਹੀਦੀ ਹੈ ਬਿਨਾਂ ਕੋਈ ਕੀਮਤ ਚੁਕਾਏ। ਮਾਤਾ ਪਿਤਾ ਵੱਲੋਂ ਇਹਨਾਂ ਨੂੰ ਕੋਈ ਨੈਤਿਕ ਸਿੱਖਿਆ ਦਿੱਤੀ ਹੀ ਨਹੀਂ ਗਈ। ਇਹ ਤਾਂ ਉਹ ਹਨ ਜੋ ਵੈਬ ਸੀਰੀਜ਼ ਦੇਖ ਕੇ ਵੱਡੇ ਹੋਏ ਹਨ। ਇਹਨਾਂ ਨੇ ਇਹੀ ਕੁਝ ਸਿੱਖਿਆ ਹੈ।

ਕੋਈ ਕਿੰਨਾ ਵੀ ਕਹੇ ਜੋ ਅਸੀਂ ਵੇਖਦੇ ਹਾਂ ਉਹ ਸਾਡੇ ਮਨ ਤੇ ਗਹਿਰਾ ਅਸਰ ਛੱਡਦਾ ਹੈ। ਜਿਸ ਤਰ੍ਹਾਂ ਦੀਆਂ ਚੀਜ਼ਾਂ ਅਸੀਂ ਰੋਜ਼ਾਨਾ ਜ਼ਿੰਦਗੀ ਵਿੱਚ ਵੇਖਦੇ ਹਾਂ ਉਹ ਟੀਵੀ ਦੇ ਡਰਾਮੇ ਹੋਣ ਕੋਈ ਵੈਬ ਸੀਰੀਜ਼ ਹੋਵੇ ਕੋਈ ਫਿਲਮਾਂ ਹੋਣ ਜਾਂ ਕੋਈ ਕਿਤਾਬ ਹੋਵੇ ਉਸ ਤਰ੍ਹਾਂ ਦੀ ਸਾਡੀ ਸੋਚਣੀ ਹੋ ਜਾਂਦੀ ਹੈ। ਸਾਡੇ ਸਮਾਜ ਵਿੱਚ ਆਪਸ ਵਿੱਚ ਗੱਲਬਾਤ ਬਹੁਤ ਘੱਟ ਗਈ ਹੈ। ਬੱਚੇ ਮਾਂ ਬਾਪ ਦਾ ਦਖਲ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਦੇ। ਮਾਂ ਬਾਪ ਵੀ ਆਪਣੇ ਆਪ ਵਿੱਚ ਇੰਨੇ ਵਿਅਸਤ ਹਨ ਕਿ ਬੱਚਿਆਂ ਨੂੰ ਮੋਬਾਈਲਾਂ ਤੇ ਪਾਲ ਰਹੇ ਹਨ। ਅਜਿਹੇ ਬੱਚੇ ਭਾਵਨਾਤਮਕ ਤੌਰ ਤੇ ਬਹੁਤ ਕਮਜ਼ੋਰ ਹੁੰਦੇ ਹਨ। ਉਹ ਜਦੋਂ ਕਿਸੇ ਦੇ ਮਗਰ ਲੱਗਦੇ ਹਨ ਤਾਂ ਸਭ ਕੁਝ ਭੁੱਲ ਜਾਂਦੇ ਹਨ। ਸ਼ਾਤਰ ਲੋਕ ਇਸੇ ਗੱਲ ਦਾ ਫਾਇਦਾ ਉਠਾਉਂਦੇ ਹਨ। ਇਸ ਵਿੱਚ ਲੜਕੇ ਤੇ ਲੜਕੀਆਂ ਦੋਵੇਂ ਹੀ ਇੱਕੋ ਤਰ੍ਹਾਂ ਪੇਸ਼ ਆ ਰਹੇ ਹਨ। ਇੱਥੇ ਫਰਕ ਲੜਕੇ ਜਾਂ ਲੜਕੀ ਦਾ ਨਹੀਂ ਭਾਵਨਾਤਮਕ ਤੌਰ ਤੇ ਕਮਜ਼ੋਰ ਤੇ ਦੂਜੇ ਨੂੰ ਵਰਗਲਾ ਲੈਣ ਵਾਲੇ ਬੰਦੇ ਵਿੱਚ ਦੀ ਗੱਲ ਹੈ। ਜਿਸ ਨੂੰ ਮੈਨੀਪੁਲੇਟ ਕਰਨਾ ਆ ਗਿਆ ਉਹ ਦੂਸਰੇ ਦਾ ਇਸਤੇਮਾਲ ਕਰਨਾ ਸਿੱਖ ਲੈਂਦਾ ਹੈ।

ਅੱਜ ਦੀ ਪੀੜੀ ਆਪਣੇ ਮਾਂ ਬਾਪ ਨਾਲੋਂ ਟੁੱਟ ਚੁੱਕੀ ਹੈ। ਇਹ ਪੀੜੀ ਸਮਾਜ ਨਾਲ ਤਾਂ ਕਦੇ ਜੁੜੀ ਹੀ ਨਹੀਂ। ਇਸ ਨੂੰ ਆਪਣੇ ਦਾਲੇ ਦੁਆਲੇ ਸਿਰਫ ਉਹੀ ਦਿਸਦਾ ਹੈ ਜੋ ਇਹ ਵੇਖਣਾ ਚਾਹੁੰਦੀ ਹੈ। ਇਹੀ ਕਾਰਨ ਹੈ ਕਿ ਇਹਨਾਂ ਨੂੰ ਸਮਾਜ ਦਾ ਕੋਈ ਡਰ ਨਹੀਂ। ਦੂਸਰੀ ਗੱਲ ਮਾਤਾ ਪਿਤਾ ਨੇ ਅਜਿਹੀ ਆਦਤ ਪਾ ਦਿੱਤੀ ਹੈ ਕਿ ਚੀਜ਼ ਦੀ ਤਾਂਘ ਕਰਨਾ ਨਹੀਂ ਜਾਣਦੇ। ਹਰ ਚੀਜ਼ ਇਹਨਾਂ ਨੂੰ ਇੱਛਾ ਤੋਂ ਪਹਿਲਾਂ ਹੀ ਮਿਲੀ ਹੁੰਦੀ ਹੈ। ਅਜਿਹੇ ਬੱਚਿਆਂ ਵਿੱਚ ਕਬਜ਼ਾ ਕਰਨ ਦੀ ਭਾਵਨਾ ਬਹੁਤ ਹੁੰਦੀ ਹੈ।



ਹਰਪ੍ਰੀਤ ਕੌਰ ਸੰਧੂ

ਰਾਤੋ ਰਾਤ ਅਮੀਰ ਹੋ ਜਾਣ ਵਾਲੇ ਨੌਜਵਾਨ ਅਕਸਰ ਅਜਿਹੇ ਕਾਰਨਾਮੇ ਕਰ ਗੁਜਰਦੇ ਹਨ ਜੋ ਉਹਨਾਂ ਨੂੰ ਸਾਰੇ ਜ਼ਿੰਦਗੀ ਲਈ ਜੇਲ ਵਿੱਚ ਡੱਕ ਦਿੰਦੇ ਹਨ। ਉਹ ਇਸ ਗੱਲ ਨੂੰ ਸਮਝਦੇ ਹੀ ਨਹੀਂ ਕਿ ਉਹ ਕਿੰਨੀ ਵੀ ਚਲਾਕੀ ਨਾਲ ਜੁਰਮ ਨੂੰ ਅੰਜਾਮ ਦੇਣ ਫੜੇ ਜਰੂਰ ਜਾਂਦੇ ਹਨ। ਅਮੀਰ ਮਾਂ ਬਾਪ ਕਿਸੇ ਨਾ ਕਿਸੇ ਤਰੀਕੇ ਬੱਚੇ ਨੂੰ ਛੁੜਵਾ ਲੈਂਦੇ ਹਨ। ਸਾਡੇ ਦੇਸ਼ ਵਿੱਚ ਕਾਨੂੰਨ ਵਿੱਚ ਚੋਰ ਮੋਰੀਆਂ ਬਹੁਤ ਹਨ। ਜੇਬ ਵਿੱਚ ਪੈਸਾ ਹੋਵੇ ਤਾਂ ਜੋ ਮਰਜ਼ੀ ਕਰਵਾ ਲਓ। ਬਸ ਇਸੇ ਲਈ ਲੋਕਾਂ ਨੂੰ ਕਾਨੂੰਨ ਦਾ ਡਰ ਨਹੀਂ।

ਸਾਨੂੰ ਆਪਣੇ ਬੱਚਿਆਂ ਨੂੰ ਇਹ ਸਮਝਾਉਣਾ ਬਹੁਤ ਜਰੂਰੀ ਹੈ ਕਿ ਸਹੀ ਕੀ ਹੈ ਤੇ ਗਲਤ ਕੀ। ਨੈਤਿਕਤਾ ਦੀ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ। ਇਹ ਨੈਤਿਕਤਾ ਉਹਨਾਂ ਨੇ ਸਾਡੇ ਵਿਹਾਰ ਤੋਂ ਸਿੱਖਣੀ ਹੈ ਸਾਡੀਆਂ ਗੱਲਾਂ ਤੋਂ ਨਹੀਂ। ਬੱਚਿਆਂ ਦੇ ਅੰਦਰ ਹਮਦਰਦੀ ਦੀ ਭਾਵਨਾ ਹੋਣੀ ਬਹੁਤ ਜਰੂਰੀ ਹੈ। ਸੋਚ ਕੇ ਦੇਖੋ ਕਿ ਕਿਸੇ ਲੜਕੀ ਵੱਲੋਂ ਆਪਣੇ ਪਤੀ ਨੂੰ ਮਾਰ ਕੇ ਬੈਡ ਵਿੱਚ ਪਾ ਕੇ ਉਸ ਬੈੱਡ ਦੇ ਉੱਤੇ ਰਾਤ ਨੂੰ ਸੋਇਆ ਜਾਂਦਾ ਹੈ ਤਾਂ ਉਸਦੀ ਮਨੋਸਥਿਤੀ ਕਿਹੋ ਜਿਹੀ ਹੋਵੇਗੀ। ਅਜਿਹਾ ਸਭ ਜ਼ਿਆਦਾਤਰ ਨਸ਼ੇ ਕਰਕੇ ਹੁੰਦਾ ਹੈ। ਨਸ਼ਾ ਮਨੁੱਖ ਦੀ ਸੋਚਣ ਸਮਝਣ ਦੀ ਸ਼ਕਤੀ ਖੋਹ ਲੈਂਦਾ ਹੈ। ਨਸ਼ੇ ਵਿੱਚ ਮਨੁੱਖ ਉਹ ਕਾਰ ਗੁਜ਼ਰਦਾ ਹੈ ਜਿਸ ਦਾ ਉਸਨੂੰ ਸਾਰੀ ਜ਼ਿੰਦਗੀ ਪਛਤਾਵਾ ਹੁੰਦਾ ਹੈ।

ਇਹਨਾਂ ਘਟਨਾਵਾਂ ਨੂੰ ਸਿਰਫ ਖਬਰਾਂ ਪੜ੍ਹ ਕੇ ਭੁੱਲ ਜਾਣ ਵਾਲਾ ਕੰਮ ਠੀਕ ਨਹੀਂ। ਇਹ ਸਾਡੇ ਸਮਾਜ ਦੀ ਗੰਧਲੀ ਹੋ ਰਹੀ ਸੋਚ ਦਾ ਨਤੀਜਾ ਹੈ। ਸਮਾਜ ਸ਼ਾਸਤਰੀਆਂ ਨੂੰ ਅਤੇ ਸਿੱਖਿਆ ਵਿਗਿਆਨੀਆਂ ਨੂੰ ਵੀ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਮਾਤਾ ਪਿਤਾ ਨੂੰ ਆਪਣੇ ਬੱਚੇ ਦੀ ਪਰਵਰਿਸ਼ ਕਰਦਿਆਂ ਇਹ ਸੋਚਣਾ ਚਾਹੀਦਾ ਹੈ ਕਿ ਉਹਨਾਂ ਨੇ ਬੱਚੇ ਨੂੰ ਕਿਸ ਪਾਸੇ ਵੱਲ ਲਾਉਣਾ ਹੈ। ਮਾਂ ਬਾਪ ਅਧਿਆਪਕ ਤੇ ਬੱਚਾ ਤਿੰਨੋਂ ਧਿਰਾਂ ਮਿਲ ਕੇ ਕੰਮ ਕਰਨ ਤਾਂ ਹੀ ਕੁਝ ਹੋ ਸਕਦਾ ਹੈ। ਸਾਡੇ ਸਮਾਜ ਵਿੱਚ ਹਰ ਵਰਤਾਰਾ ਅਜੀਬ ਜਿਹੀ ਰਾਹ ਤੇ ਤੁਰਿਆ ਹੈ। ਕਿਸੇ ਕਾਲ ਯੂਨੀਵਰਸਿਟੀ ਵਿੱਚ ਦੇਖ ਲਓ ਉਥੋਂ ਦਾ ਮਾਹੌਲ ਤੁਹਾਨੂੰ ਚਿੰਤਿਤ ਕਰ ਦਿੰਦਾ ਹੈ। ਤਰ੍ਹਾਂ ਤਰ੍ਹਾਂ ਦੇ ਕਿੱਸੇ ਅਕਸਰ ਪੜ੍ਹਦੇ ਹਾਂ। ਸਕੂਲਾਂ ਦਾ ਮਾਹੌਲ ਉੱਥੇ ਬੱਚਿਆਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਤੋਂ ਪਤਾ ਲੱਗ ਜਾਂਦਾ ਹੈ। ਇਹ ਠੀਕ ਹੈ ਕਿ ਸਭ ਬੁਰੇ ਨਹੀਂ ਪਰ ਇੱਕ ਖਰਾਬ ਸੇਬ, ਸੇਬਾਂ ਦੀ ਟੋਕਰੀ ਨੂੰ ਖਰਾਬ ਕਰ ਸਕਦਾ ਹੈ। ਇੱਕ ਮਛਲੀ ਸਾਰੇ ਤਾਲਾਬ ਨੂੰ ਗੰਦਾ ਕਰ ਦਿੰਦੀ ਹੈ।

ਆਪਣੇ ਬੱਚੇ ਦੀ ਪਰਵਰਿਸ਼ ਬੜੀ ਸੰਭਲ ਕੇ ਕਰੋ। ਉਸਦਾ ਆਦਰਸ਼ ਬਣੋ। ਉਸਦੀ ਚੜ੍ਹਦੀ ਉਮਰ ਵਿੱਚ ਉਸਦਾ ਖਿਆਲ ਰੱਖੋ। ਇਹ ਧਿਆਨ ਦਿਓ ਕਿ ਉਹ ਬਹੁਤ ਜਿਆਦਾ ਇਕੱਲਾ ਰਹਿਣਾ ਪਸੰਦ ਤਾਂ ਨਹੀਂ ਕਰਦਾ। ਉਸ ਦੀ ਇਕੱਲਤਾ ਉਸ ਲਈ ਮੁਸੀਬਤ ਬਣੇਗੀ। ਬੱਚੇ ਨੂੰ ਪੈਸੇ ਦੀ ਕੀਮਤ ਸਿਖਾਓ। ਉਸ ਨੂੰ ਦੱਸੋ ਕਿ ਪੈਸਾ ਕਿੰਝ ਕਮਾਇਆ ਜਾਂਦਾ ਹੈ ਤੇ ਕਿੰਝ ਖਰਚਣਾ ਚਾਹੀਦਾ ਹੈ। ਸਿਰਫ ਸਮਾਜ ਵਿੱਚ ਆਪਣੇ ਨਾਂ ਨੂੰ ਉੱਚਾ ਰੱਖਣ ਲਈ ਆਪਣੇ ਬੱਚਿਆਂ ਨੂੰ ਲੋੜ ਤੋਂ ਵੱਧ ਸਹੂਲਤਾਂ ਨਾ ਦਿਓ। ਉਹਨਾਂ ਦੀ ਗਲਤੀ ਤੇ ਉਹਨਾਂ ਨੂੰ ਵਰਜੋ। ਜਿੰਨੀ ਕੁ ਹੋ ਸਕਦੀ ਹੈ ਸਜ਼ਾ ਵੀ ਜਰੂਰ ਦਿਓ।

ਇਹ ਜੋ ਸਾਡੇ ਆਲੇ ਦੁਆਲੇ ਵਾਪਰ ਰਿਹਾ ਹੈ ਇਹ ਬਹੁਤ ਚਿੰਤਾਜਨਕ ਹੈ। ਇਸ ਨੂੰ ਮਹਿਜ਼ ਇੱਕ ਖਬਰ ਸਮਝ ਕੇ ਅਣਦੇਖਿਆ ਨਾ ਕਰੋ। ਜਰਾ ਜਿੰਨੀ ਗੱਲ ਪਿੱਛੇ ਪਤੀ ਦਾ ਪਤਨੀ ਨੂੰ ਕਤਲ ਕਰ ਦੇਣਾ ਜਾਂ ਪਤਨੀ ਦਾ ਪਤੀ ਨੂੰ ਕਤਲ ਕਰ ਦੇਣਾ ਕੋਈ ਮਾਮੂਲੀ ਗੱਲ ਨਹੀਂ। ਸਹਿਣ ਸ਼ਕਤੀ ਦੀ ਘਾਟ ਇਨੀ ਹੈ ਕਿ ਜਰਾ ਜਿਹੀ ਗੱਲ ਕੋਈ ਕਹਿ ਦੇਵੇ ਤੇ ਮਰਨ ਮਾਰਨ ਤੇ ਉਤਾਰੂ ਹੋ ਜਾਂਦੇ ਹਨ। ਸਹਿਜ ਤੇ ਸਬਰ ਬਹੁਤ ਜਰੂਰੀ ਹੈ। ਰਿਸ਼ਤਿਆਂ ਦੀ ਅਹਿਮੀਅਤ ਦਾ ਬੱਚਿਆਂ ਨੂੰ ਪਤਾ ਹੋਣਾ ਬਹੁਤ ਜਰੂਰੀ ਹੈ। ਸਭ ਤੋਂ ਵੱਡੀ ਗੱਲ ਉਹਨਾਂ ਨੂੰ ਹਾਰਨ ਦਾ ਪਤਾ ਹੋਣਾ ਚਾਹੀਦਾ ਹੈ। ਉਹਨਾਂ ਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਹਾਰ ਨੂੰ ਮਨਜ਼ੂਰ ਕਿਵੇਂ ਕਰਨਾ ਹੈ। ਜਦੋਂ ਬੱਚੇ ਨੂੰ ਆਪਣੀ ਹਾਰ ਨੂੰ ਅਪਣਾ ਲੈਣ ਦੀ ਸਮਝ ਆ ਜਾਵੇ ਤਾਂ ਫਿਰ ਉਹ ਗੈਰ ਕਾਨੂੰਨੀ ਕੰਮ ਨਹੀਂ ਕਰੇਗਾ।

ਬੱਚੇ ਨੂੰ ਭਾਵਨਾਤਮਕ ਤੌਰ ਤੇ ਮੈਚਿਓਰ ਬਣਾਓ। ਉਸਨੂੰ ਇਹ ਦੱਸੋ ਕਿ ਦੂਸਰੇ ਤੇ ਉਸ ਦੀ ਮਰਜ਼ੀ ਨਹੀਂ ਚੱਲੇਗੀ। ਕੋਸ਼ਿਸ਼ ਕਰੋ ਕਿ ਤੁਹਾਡੇ ਘਰ ਵਿੱਚ ਮਾਹੌਲ ਵੀ ਇਹੋ ਜਿਹਾ ਹੋਵੇ ਕਿ ਇੱਕ ਦੂਜੇ ਤੇ ਭਾਵਨਾਤਮਕ ਦਬਾਅ ਨਾਲ ਬਣਾਇਆ ਜਾਵੇ। ਅੱਜ ਸਾਡਾ ਸਮਾਜ ਜਿਸ ਥਾਂ ਤੇ ਖੜਾ ਹੈ ਉਥੇ ਸਾਨੂੰ ਹਰ ਕਦਮ ਫੂਕ ਫੂਕ ਕੇ ਰੱਖਣ ਦੀ ਜਰੂਰਤ ਹੈ। ਅਸੀਂ ਭਾਵਨਾਵਾਂ ਦੇ ਇੱਕ ਅਜਿਹੇ ਜਾਰ ਭਾਟੇ ਦੇ ਨੇੜੇ ਹਾਂ ਜੋ ਕਦੀ ਵੀ ਫਟ ਸਕਦਾ ਹੈ। ਇਹ ਨਿੱਕੀਆਂ ਨਿੱਕੀਆਂ ਘਟਨਾਵਾਂ ਉਸ ਵਿੱਚੋਂ ਨਿਕਲ ਰਿਹਾ ਲਾਵਾ ਹੈ। ਅਜੇ ਵੀ ਮੌਕਾ ਹੈ ਸੰਭਲ ਜਾਓ।



ਪੰਜਾਬ ਸਟਾਰ
www.punjabstar.com

# ਦੱਖਣੀ ਅਫਰੀਕਾ ਨੇ ਵਿਸ਼ਵ ਟੈਸਟ ਚੈਂਪੀਅਨਸ਼ਿਪ ਜਿੱਤੀ

## 27 ਸਾਲ ਬਾਅਦ ਵੱਡਾ ਕ੍ਰਿਕਟ ਖਿਤਾਬ ਆਪਣੇ ਨਾਮ ਕੀਤਾ; ਫਾਈਨਲ ਵਿੱਚ ਆਸਟਰੇਲੀਆ ਨੂੰ ਪੰਜ ਵਿਕਟਾਂ ਨਾਲ ਹਰਾਇਆ



ਲੰਡਨ : ਦੱਖਣੀ ਅਫਰੀਕਾ ਨੇ ਅੱਜ ਇੱਥੇ ਵਿਸ਼ਵ ਟੈਸਟ ਚੈਂਪੀਅਨਸ਼ਿਪ ਫਾਈਨਲ ਦੇ ਚੌਥੇ ਦਿਨ ਆਸਟਰੇਲੀਆ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਖਿਤਾਬ ਜਿੱਤ ਲਿਆ ਹੈ। ਦੱਖਣੀ ਅਫਰੀਕਾ ਨੇ ਅੱਜ ਜਿੱਤ ਲਈ ਲੋੜੀਂਦੀਆਂ 69 ਦੌੜਾਂ ਬਣਾ ਕੇ ਇਹ ਖਿਤਾਬ ਆਪਣੇ ਨਾਮ ਕੀਤਾ। ਇਹ ਦੱਖਣੀ ਅਫਰੀਕਾ ਦਾ 27 ਸਾਲਾਂ 'ਚ ਪਹਿਲਾ ਵੱਡਾ ਕ੍ਰਿਕਟ ਖਿਤਾਬ ਹੈ। ਦੱਖਣੀ ਅਫਰੀਕਾ ਨੇ ਆਪਣਾ ਪਿਛਲਾ ਆਈਸੀਸੀ ਖਿਤਾਬ 1998 ਵਿੱਚ ਚੈਂਪੀਅਨਜ਼ ਟਰਾਫੀ ਦੇ ਰੂਪ ਵਿੱਚ ਜਿੱਤਿਆ ਸੀ। ਜਿੱਤ ਮਗਰੋਂ ਟੀਮ ਦੇ ਖਿਡਾਰੀਆਂ ਅਤੇ ਪ੍ਰਸ਼ੰਸਕਾਂ ਨੇ ਲਾਰਡਜ਼ ਦੇ ਮੈਦਾਨ 'ਤੇ ਖੂਬ ਜਸ਼ਨ ਮਨਾਇਆ।

ਟੀਮ ਨੇ ਪੰਜ ਵਿਕਟਾਂ 'ਤੇ 282 ਦੌੜਾਂ ਬਣਾ ਕੇ ਟੀਚਾ ਹਾਸਲ ਕੀਤਾ। ਇਹ ਲਾਰਡਜ਼ ਦੇ 141 ਸਾਲਾਂ ਦੇ ਇਤਿਹਾਸ ਵਿੱਚ ਟੀਚੇ ਦਾ ਪਿੱਛਾ ਕਰਦਿਆਂ ਦੂਜੀ ਸਭ ਤੋਂ ਵੱਡੀ ਜਿੱਤ ਹੈ। ਆਸਟਰੇਲੀਆ ਨੇ ਮੈਚ ਦੇ ਚੌਥੇ ਦਿਨ ਵੀ ਪੂਰਾ ਜ਼ੋਰ ਲਾਇਆ ਅਤੇ ਕਪਤਾਨ ਪੈਟ ਕਮਿਨਸ ਦੀ ਅਗਵਾਈ ਹੇਠ ਉਸ ਦੇ ਗੇਂਦਬਾਜ਼ਾਂ ਨੇ ਸ਼ੁਰੂਆਤੀ ਘੰਟੇ ਵਿੱਚ ਦੱਖਣੀ ਅਫ਼ਰੀਕਾ ਦੇ ਬੱਲੇਬਾਜ਼ਾਂ ਦੀ ਸਖ਼ਤ ਪ੍ਰੀਖਿਆ ਲਈ। ਦਿਨ ਦੇ ਤੀਜੇ ਓਵਰ ਵਿੱਚ ਜਦੋਂ ਕਪਤਾਨ ਟੈਂਬਾ ਬਾਵੂਮਾ (66) ਕਮਿਨਸ ਦੀ ਗੇਂਦ 'ਤੇ ਆਊਟ ਹੋ ਗਿਆ ਤਾਂ ਇੱਕ ਵਾਰ ਲੱਗਾ ਕਿ ਕਿਤੇ ਦੱਖਣੀ ਅਫੀਰਕਾ ਪੱਲੇ ਫਿਰ ਨਿਰਾਸ਼ਾ ਨਾ ਪੈ ਜਾਵੇ। ਹਾਲਾਂਕਿ ਦਿਨ ਦੀ ਸ਼ੁਰੂਆਤ 102 ਦੌੜਾਂ ਤੋਂ ਕਰਨ ਵਾਲੇ ਏਡਨ ਮਾਰਕਰਮ (136) ਦੀ ਅਗਵਾਈ ਹੇਠ ਟੀਮ ਨੇ ਸਬਰ ਦਿਖਾਇਆ ਅਤੇ ਜਿੱਤ ਹਾਸਲ ਕੀਤੀ। ਆਸਟਰੇਲੀਆ ਨੇ ਵਿਕਟਾਂ ਲੈਣ ਦੀ ਪੂਰੀ ਕੋਸ਼ਿਸ਼ ਕੀਤੀ। ਉਸ ਨੇ ਦਿਨ ਦੀ ਖੇਡ ਦੇ ਪਹਿਲੇ 90 ਮਿੰਟਾਂ ਵਿੱਚ ਹੀ ਆਪਣੇ ਤਿੰਨੋਂ ਡੀਆਰਐੱਸ ਗੁਆ ਦਿੱਤੇ। ਜਦੋਂ ਤੱਕ ਜੋਸ਼ ਹੇਜ਼ਲਵੁੱਡ ਨੇ ਮਾਰਕਰਮ ਨੂੰ ਆਊਟ ਕੀਤਾ, ਮੈਚ ਪਹਿਲਾਂ ਹੀ ਆਸਟਰੇਲੀਆ ਦੇ ਹੱਥੋਂ ਨਿਕਲ ਚੁੱਕਾ ਸੀ। ਮਾਰਕਰਮ ਦੇ ਆਊਟ ਹੋਣ ਤੋਂ ਲਗਪਗ 15 ਮਿੰਟ ਬਾਅਦ ਕਾਈਲ ਵੇਰੇਨ (ਨਾਬਾਦ 4 ਦੌੜਾਂ) ਨੇ ਜੇਤੂ ਦੌੜਾਂ ਬਣਾਈਆਂ, ਜਿਸ ਨਾਲ ਦੱਖਣੀ ਅਫਰੀਕਾ ਨੂੰ ਜਸ਼ਨ ਮਨਾਉਣ ਦਾ ਮੌਕਾ ਮਿਲਿਆ। ਜ਼ਿਕਰਯੋਗ ਹੈ ਕਿ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਮਿਲਣ ਮਗਰੋਂ ਆਸਟਰੇਲੀਆ ਨੇ ਪਹਿਲੀ ਪਾਰੀ ਵਿੱਚ 212 ਦੌੜਾਂ ਬਣਾਈਆਂ ਸਨ ਪਰ ਦੱਖਣੀ ਅਫਰੀਕਾ ਦੀ ਟੀਮ ਮਹਿਜ਼ 138 ਦੌੜਾਂ 'ਤੇ ਹੀ ਸਿਮਟ ਗਈ। ਇਸ ਵੇਲੇ ਦੱਖਣੀ ਅਫਰੀਕਾ ਦੀ ਜਿੱਤ ਮੁਸ਼ਕਲ ਨਜ਼ਰ ਆ ਰਹੀ ਸੀ। ਮਗਰੋਂ ਆਸਟਰੇਲੀਆ ਨੇ ਦੂਜੀ ਪਾਰੀ ਵਿੱਚ 207 ਦੌੜਾਂ ਬਣਾ ਕੇ ਦੱਖਣੀ ਅਫਰੀਕਾ ਨੂੰ 282 ਦੌੜਾਂ ਦਾ ਟੀਚਾ ਦਿੱਤਾ ਅਤੇ ਉਸ ਨੇ ਇਹ ਟੀਚਾ ਪੰਜ ਵਿਕਟਾਂ ਦੇ ਨੁਕਸਾਨ 'ਤੇ ਹੀ ਪੂਰਾ ਕਰ ਲਿਆ।

## 5 ਫੁੱਟ 4 ਇੰਚ ਕੱਦ ਵਾਲੇ ਤੇਂਬਾ ਬਾਵੁਮਾ ਦਾ ਲੋਕਾਂ ਨੇ ਰੱਜ ਕੇ ਮਜ਼ਾਕ ਉਡਾਇਆ




5 ਫੁੱਟ 4 ਇੰਚ ਕੱਦ ਵਾਲੇ ਤੇਂਬਾ ਬਾਵੁਮਾ ਦਾ ਲੋਕਾਂ ਨੇ ਰੱਜ ਕੇ ਮਜ਼ਾਕ ਉਡਾਇਆ। ਕ੍ਰਿਕਟ ਦਿੱਗਜਾਂ ਨੇ ਕਈ ਕੁਮੈਂਟ ਕੀਤੇ। ਅਫਰੀਕਾ ਦੀ ਟੀਮ ਚਾਕਰਜ਼ ਦੇ ਨਾਮ ਨਾਲ ਜਾਣੀ ਜਾਂਦੀ ਸੀ। ICC ਟੂਰਨਾਮੈਂਟਾਂ ਦੇ knockout ਮੈਚ ਇਹਨਾਂ ਦੇ ਰਾਸ ਨਹੀਂ ਆਉਂਦੇ ਸਨ। ਮੇਰੀ ਉਮਰ ਜਾਂ ਵੱਡਿਆਂ ਨੂੰ ਆਸਟ੍ਰੇਲੀਆ ਤੋਂ ਇੱਕ ਰਨ ਤੋਂ ਹਾਰਿਆ ਸੈਮੀ ਫਾਈਨਲ ਯਾਦ ਹੋਣਾ। 2015 ਵਿਸ਼ਵ ਕੱਪ ਵਿੱਚ Newzealand ਖਿਲਾਫ਼ ਜਿੱਤਿਆ ਮੈਚ ਹਾਰੇ। ਆਹ ਭਾਰਤ ਤੋਂ T20 ਵਿੱਚ ਕੱਪ ਦਾ ਜਿੱਤਿਆ ਫਾਈਨਲ ਹਾਰੇ। WTC ਦਾ ਫਾਈਨਲ ਖੇਡਣਾ ਭਾਰਤ ਲਈ ਲਗਭਗ ਤਹਿ ਸੀ । ਪਰ NZ ਤੋਂ ਆਪਣੀ ਧਰਤੀ ਤੇ 3-0 ਦੀ ਹਾਰ ਨੇ ਆਸਾਂ ਤੇ ਪਾਣੀ ਫੇਰ ਦਿੱਤਾ। ਤੇ ਤੇਂਬਾ ਦੀ ਕਪਤਾਨੀ ਵਾਲੀ ਸ਼ਅ ਨੇ ਲਗਾਤਾਰ 7 ਮੁਕਾਬਲੇ ਜਿੱਤੇ। ਫਾਈਨਲ ਆਸਟ੍ਰੇਲੀਆ ਨਾਲ ਸੀ। Mighty aussies ਜੋ ਕਦੇ ਹਾਰਦੇ ਨਹੀਂ। ਪਰ ਸਦਾ ਮਜ਼ਾਕ ਦਾ ਪਾਤਰ ਬਣੇ ਤੇਂਬਾ ਦੀ proteas ਟੀਮ ਨੇ ਕਰ ਦਿਖਾਇਆ। ਇਹ ਜਿੱਤ ਤਕੜੇ ਅਤੇ ਮਾੜੇ ਦੀ ਮਿੱਥ ਨੂੰ ਤੋੜਦੀ ਹੈ। ਇਹ ਜਿੱਤ ਜ਼ਿੰਦਗੀ ਦੀ ਅੱਖ ਵਿੱਚ ਅੱਖ ਪਾਕੇ ਵੰਗਾਰਨ ਦੀ ਹੈ । ਇਹ ਜਿੱਤ ਹੰਕਾਰ ਉੱਤੇ ਸਬਰ ਦੀ ਹੈ। ਸ਼ਾਬਾਸ਼ ਤੇਂਮਬਾ

# ਕਪਤਾਨ ਨੇ ODI ਕ੍ਰਿਕਟ ਤੋਂ ਸੰਨਿਆਸ ਦਾ ਕੀਤਾ ਐਲਾਨ, ਇਸ ਟੂਰਨਾਮੈਂਟ 'ਚ ਹੋਵਗਾ ਆਖਰੀ ਮੈਚ




ਨਿਊਜ਼ੀਲੈਂਡ ਦੀ ਮਹਿਲਾ ਕ੍ਰਿਕਟਰ ਸੋਫੀ ਡਿਵਾਈਨ ਨੇ ਵਨ ਡੇ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਹੈ। ਉਹ 2025 'ਚ ਭਾਰਤ ਦੀ ਮੇਜ਼ਬਾਨੀ ਹੇਠ ਹੋਣ ਵਾਲੇ ਮਹਿਲਾ ਵਨ ਡੇ ਵਿਸ਼ਵ ਕੱਪ ਤੋਂ ਬਾਅਦ ਇਹ ਫਾਰਮੈਟ ਛੱਡ ਦੇਣਗੇ। ਹਾਲਾਂਕਿ ਉਹ ਟੀ-20 ਇੰਟਰਨੈਸ਼ਨਲ ਕ੍ਰਿਕਟ 'ਚ ਖੇਡਣ ਜਾਰੀ ਰੱਖੇਗੀ। ਇਹ ਫੈਸਲਾ ਨਿਊਜ਼ੀਲੈਂਡ ਕ੍ਰਿਕਟ ਬੋਰਡ ਵਲੋਂ ਮਹਿਲਾ ਖਿਡਾਰੀਆਂ ਦੇ ਨਵੇਂ ਸੈਂਟ੍ਰਲ ਕਾਨਟ੍ਰੈਕਟ ਜਾਰੀ ਕਰਨ ਤੋਂ ਠੀਕ ਪਹਿਲਾਂ ਆਇਆ ਹੈ। ਹੁਣ ਉਨ੍ਹਾਂ ਦਾ ਨਾਮ ਸਿਰਫ ਟੀ-20 ਕਾਨਟ੍ਰੈਕਟ ਵਿੱਚ ਹੀ ਹੋਵੇਗਾ।

ਸੋਫੀ ਡਿਵਾਈਨ ਨੇ 2006 ਵਿੱਚ ਸਿਰਫ 17 ਸਾਲ ਦੀ ਉਮਰ ਵਿੱਚ ਵਨ ਡੇ ਕ੍ਰਿਕਟ ਵਿੱਚ ਡੈਬਿਊ ਕੀਤਾ ਸੀ। ਉਹ ਨਿਊਜ਼ੀਲੈਂਡ ਵਾਸਤੇ ਸਭ ਤੋਂ ਵੱਧ ਵਨ ਡੇ ਮੈਚ ਖੇਡਣ ਵਾਲੀਆਂ ਖਿਡਾਰੀਆਂ ਵਿੱਚ ਦੂਜੇ ਨੰਬਰ 'ਤੇ ਹਨ। ਉਨ੍ਹਾਂ ਨੇ 152 ਮੈਚਾਂ 'ਚ 3990 ਦੌੜਾਂ ਬਣਾਈਆਂ ਹਨ ਅਤੇ 8 ਸੈਂਕੜੇ ਲਾਏ ਹਨ। ਇਸ ਸਮੇਂ ਉਹ ਵਨ ਡੇ 'ਚ ਨਿਊਜ਼ੀਲੈਂਡ ਵਾਸਤੇ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੀਆਂ ਖਿਡਾਰੀਆਂ ਵਿੱਚ ਚੌਥੇ ਨੰਬਰ 'ਤੇ ਹਨ ਪਰ 2025 ਵਿਸ਼ਵ ਕੱਪ ਦੌਰਾਨ ਉਹ ਤੀਜੇ ਨੰਬਰ 'ਤੇ ਪਹੁੰਚ ਸਕਦੀਆਂ ਹਨ। ਉਨ੍ਹਾਂ ਨੂੰ ਡੇਬੀ ਹਾਕਲੀ ਨੂੰ ਪਿੱਛੇ ਛੱਡਣ ਲਈ ਸਿਰਫ 54 ਦੌੜਾਂ ਦੀ ਲੋੜ ਹੈ।

ਬੌਲਿੰਗ 'ਚ ਵੀ ਉਨ੍ਹਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਨੇ 152 ਮੈਚਾਂ 'ਚ 107 ਵਿਕਟਾਂ ਲਈਆਂ ਹਨ ਅਤੇ ਇਸ ਖੇਤਰ ਵਿੱਚ ਲੀ ਤਾਹੂਹੂ ਤੋਂ ਬਾਅਦ ਦੂਜੇ ਨੰਬਰ 'ਤੇ ਹਨ। ਇਹ ਦੋਹਾਂ ਖਿਡਾਰੀਆਂ ਹੀ ਨਿਊਜ਼ੀਲੈਂਡ ਵਾਸਤੇ ਵਨ ਡੇ ਕ੍ਰਿਕਟ 'ਚ 100 ਤੋਂ ਵੱਧ ਵਿਕਟ ਲੈਣ ਵਾਲੀਆਂ ਹਨ। ਹੁਣ ਸਭ ਦੀ ਨਜ਼ਰ 2025 ਵਿਸ਼ਵ ਕੱਪ ਤੇ ਰਹੇਗੀ ਕਿ ਸੋਫੀ ਡਿਵਾਈਨ ਆਪਣੀ ਆਖਰੀ ਵਨ ਡੇ ਸੀਰੀਜ਼ ਵਿੱਚ ਕਿੰਨਾ ਚਮਕਦੀ ਹੈ ਅਤੇ ਉਨ੍ਹਾਂ ਦੀ ਕਪਤਾਨੀ ਹੇਠ ਟੀਮ ਕਿਹੋ ਜਿਹਾ ਪ੍ਰਦਰਸ਼ਨ ਕਰਦੀ ਹੈ।

# ED ਦੀ ਰਾਡਾਰ 'ਤੇ ਆਏ ਹਰਭਜਨ, ਯੁਵਰਾਜ ਤੇ ਸੁਰੇਸ਼ ਰੈਨਾ !

ਦੇਸ਼ 'ਚ ਤੇਜ਼ੀ ਨਾਲ ਫੈਲ ਰਹੇ ਗੈਰ-ਕਾਨੂੰਨੀ ਆਨਲਾਈਨ ਸੱਟੇਬਾਜ਼ੀ ਨੈੱਟਵਰਕ ਦੀ ਜਾਂਚ ਹੁਣ ਡੂੰਘੀ ਹੁੰਦੀ ਜਾ ਰਹੀ ਹੈ। ਹੁਣ ਨਾ ਸਿਰਫ਼ ਐਪਸ ਬਲਕਿ ਉਨ੍ਹਾਂ ਦੇ ਪ੍ਰਚਾਰ ਨਾਲ ਜੁੜੇ ਵੱਡੇ ਨਾਮ ਵੀ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਦਾਇਰੇ 'ਚ ਆ ਗਏ ਹਨ। ਕ੍ਰਿਕਟ ਸਟਾਰ ਹਰਭਜਨ ਸਿੰਘ, ਯੁਵਰਾਜ ਸਿੰਘ, ਸੁਰੇਸ਼ ਰੈਨਾ ਤੇ ਫਿਲਮ ਇੰਡਸਟਰੀ ਤੋਂ ਉਰਵਸ਼ੀ ਰੌਤੇਲਾ ਅਤੇ ਸੋਨੂੰ ਸੂਦ - ਸਾਰਿਆਂ ਤੋਂ ਹੁਣ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਕੀ ਉਨ੍ਹਾਂ ਨੇ ਪਾਬੰਦੀਸ਼ੁਦਾ ਸੱਟੇਬਾਜ਼ੀ ਪਲੇਟਫਾਰਮਾਂ ਦਾ ਪ੍ਰਚਾਰ ਕਰ ਕੇ ਕਾਨੂੰਨ ਦੀ ਉਲੰਘਣਾ ਕੀਤੀ?



### ਪੂਰਾ ਮਾਮਲਾ ਕੀ ਹੈ?

ਈਡੀ ਦੀ ਤਾਜ਼ਾ ਜਾਂਚ ਰਿਪੋਰਟ ਦੇ ਅਨੁਸਾਰ ਪਾਬੰਦੀਸ਼ੁਦਾ ਆਨਲਾਈਨ ਸੱਟੇਬਾਜ਼ੀ ਐਪਸ - ਜਿਵੇਂ ਕਿ 1xBet-ਨੇ ਲੱਖਾਂ ਉਪਭੋਗਤਾਵਾਂ ਨੂੰ ਸਰੋਗੇਟ ਨਾਮਾਂ ਅਤੇ ਡਿਜੀਟਲ ਸਾਧਨਾਂ (ਵੈੱਬ ਲਿੰਕ, QR ਕੋਡ) ਰਾਹੀਂ ਗੈਰ-ਕਾਨੂੰਨੀ ਪਲੇਟਫਾਰਮਾਂ ਵੱਲ ਲੈ ਗਏ। ਇਸ ਸਮੇਂ ਦੌਰਾਨ ਉਨ੍ਹਾਂ ਨੇ ਆਪਣੇ ਪ੍ਰਚਾਰ 'ਚ ਦੇਸ਼ ਦੇ ਜਾਣੇ-ਪਛਾਣੇ ਚਿਹਰਿਆਂ ਨੂੰ ਸ਼ਾਮਲ ਕੀਤਾ। ਦੱਸਿਆ ਗਿਆ ਕਿ ਇਨ੍ਹਾਂ ਪ੍ਰਚਾਰ ਮੁਹਿੰਮਾਂ 'ਤੇ ਕਰੋੜਾਂ ਰੁਪਏ ਖਰਚ ਕੀਤੇ ਗਏ ਸਨ।

### ਇਸ਼ਤਿਹਾਰਾਂ ਨਾਲ ਜੁੜੇ ਸਿਤਾਰੇ ਹੁਣ ਜਾਂਚ ਅਧੀਨ

ਹਰਭਜਨ, ਯੁਵਰਾਜ, ਸੁਰੇਸ਼ ਰੈਨਾ ਤੇ ਉਰਵਸ਼ੀ ਰੌਤੇਲਾ ਨੇ ਇਨ੍ਹਾਂ ਐਪਾਂ ਨਾਲ ਸਬੰਧਤ ਇਸ਼ਤਿਹਾਰਾਂ 'ਚ ਹਿੱਸਾ ਲਿਆ ਸੀ। ਹੁਣ ਇਨ੍ਹਾਂ ਸਾਰਿਆਂ ਤੋਂ ਪੁੱਛਗਿੱਛ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਹਾਲਾਂਕਿ ਇਸ ਵਿਸ਼ੇ 'ਤੇ ਕਿਸੇ ਨੇ ਵੀ ਮੀਡੀਆ ਨਾਲ ਗੱਲ ਨਹੀਂ ਕੀਤੀ। ਈਡੀ ਦਾ ਮੰਨਣਾ ਹੈ ਕਿ ਇਨ੍ਹਾਂ ਮਸ਼ਹੂਰ ਹਸਤੀਆਂ ਦੇ ਪ੍ਰਚਾਰ ਨੇ ਆਮ ਲੋਕਾਂ ਵਿੱਚ ਇਨ੍ਹਾਂ ਐਪਸ ਦੀ ਕਾਨੂੰਨੀਤਾ ਬਾਰੇ ਭੰਬਲਭੂਸਾ ਫੈਲਾਇਆ ਅਤੇ ਕਰੋੜਾਂ ਦੀ ਸੱਟੇਬਾਜ਼ੀ ਹੋਈ।

### ਮੀਡੀਆ ਹਾਊਸਾਂ ਨੂੰ ਵੀ ਕਰੋੜਾਂ ਰੁਪਏ ਮਿਲੇ

ਇਹ ਖੁਲਾਸਾ ਹੋਇਆ ਹੈ ਕਿ ਕਈ ਮੀਡੀਆ ਪਲੇਟਫਾਰਮਾਂ ਨੂੰ ਇਨ੍ਹਾਂ ਗੈਰ-ਕਾਨੂੰਨੀ ਐਪਸ ਦੇ ਪ੍ਰਚਾਰ ਲਈ 50 ਕਰੋੜ ਤੋਂ ਵੱਧ ਦਾ ਭੁਗਤਾਨ ਕੀਤਾ ਗਿਆ ਸੀ। ਯਾਨੀ, ਇਹ ਮਾਮਲਾ ਸਿਰਫ਼ ਬ੍ਰਾਂਡ ਅੰਬੈਸਡਰਾਂ ਦਾ ਹੀ ਨਹੀਂ, ਸਗੋਂ ਇੱਕ ਪੂਰੇ ਈਕੋਸਿਸਟਮ ਦਾ ਹੈ, ਜਿਸ ਵਿੱਚ ਮੀਡੀਆ, ਡਿਜੀਟਲ ਪਲੇਟਫਾਰਮ ਅਤੇ ਮਾਰਕੀਟਿੰਗ ਏਜੰਸੀਆਂ ਸ਼ਾਮਲ ਹਨ।

### ਕਿਹੜੇ ਕਾਨੂੰਨਾਂ ਦੀ ਉਲੰਘਣਾ ਕੀਤੀ ਗਈ?

ਇਨ੍ਹਾਂ ਐਪਾਂ ਨੇ ਆਈਟੀ ਐਕਟ, ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ (FEMA) ਅਤੇ ਮਨੀ ਲਾਂਡਰਿੰਗ ਰੋਕਥਾਮ ਐਕਟ (PMLA) ਵਰਗੇ ਸਖ਼ਤ ਕਾਨੂੰਨਾਂ ਦੀ ਉਲੰਘਣਾ ਕੀਤੀ। ਉਹ ਆਪਣੇ ਆਪ ਨੂੰ ਗੇਮਿੰਗ ਐਪਸ ਕਹਿ ਕੇ ਸੱਟੇਬਾਜ਼ੀ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਰਹੇ, ਜਦੋਂ ਕਿ ਉਨ੍ਹਾਂ ਦਾ ਐਲਗੋਰਿਦਮ ਜੂਏ ਦੀ ਸ਼੍ਰੇਣੀ ਵਿੱਚ ਆਉਂਦਾ ਹੈ।

### ਲੱਖਾਂ ਪਰਿਵਾਰਾਂ ਨੂੰ ਵਿੱਤੀ ਝਟਕਾ ਲੱਗਾ

ਇੱਕ ਸ਼ਿਕਾਇਤਕਰਤਾ ਨੇ ਕਿਹਾ ਕਿ ਇਹ ਐਪਸ ਮੱਧ ਅਤੇ ਹੇਠਲੇ-ਮੱਧ ਵਰਗ ਨੂੰ ਨਿਸ਼ਾਨਾ ਬਣਾ ਰਹੇ ਹਨ, ਜਿਨ੍ਹਾਂ ਦੇ ਲੱਖਾਂ ਰੁਪਏ ਇਨ੍ਹਾਂ ਪਲੇਟਫਾਰਮਾਂ ਵਿੱਚ ਫਸੇ ਹੋਏ ਹਨ। ਉਨ੍ਹਾਂ ਦੇ ਅਨੁਸਾਰ, ਇਹ ਨਾ ਸਿਰਫ਼ ਗੈਰ-ਕਾਨੂੰਨੀ ਹੈ ਬਲਕਿ ਸਮਾਜ ਦੇ ਇੱਕ ਵੱਡੇ ਵਰਗ ਨੂੰ ਮੁਸੀਬਤ ਵਿੱਚ ਵੀ ਪਾ ਰਿਹਾ ਹੈ।

# ਕਬੱਡੀ ਪ੍ਰਮੋਟਰ ਮੋਹਣਾ ਜੋਧਾਂ ਅਤੇ ਉਹਨਾਂ ਦੀ ਟੀਮ ਨੇ ਆਸਟਰੇਲੀਆ ਵੱਸਦੇ "ਗਰੇਵਾਲ ਆਟਾ ਚੱਕੀ ਵਾਲੇ" ਕਮਲਜੀਤ ਮਨਸੂਰਾਂ ਦਾ ਸਿਆਟਲ ਵਿਖੇ ਕੀਤਾ ਵਿਸ਼ੇਸ਼ ਸਨਮਾਨ

ਸਿਆਟਲ ਤੋਂ ਵਿਸ਼ੇਸ਼ ਰਿਪੋਰਟ



ਆਸਟਰੇਲੀਆ ਦੀ ਵਿਕਟੋਰੀਆ ਸਟੇਟ ਦੇ ਚਰਚਿਤ ਸਿਟੀ ਮਿਲਡੂਰਾ ਦੇ ਵਾਸੀ ਕਮਲਜੀਤ ਸਿੰਘ ਗਰੇਵਾਲ ਮਨਸੂਰਾ ਵਾਲੇ ਜੋ ਪੂਰੇ ਆਸਟਰੇਲੀਆ ਦੇ ਵਿੱਚ "ਗਰੇਵਾਲ ਆਟਾ ਚੱਕੀ ਵਾਲੇ " ਵਜੋਂ ਮਕਬੂਲ ਹਨ। ਰੋਜ਼ ਦੀਆਂ ਖਾਣ ਪੀਣ ਦੀਆਂ ਵਸਤਾਂ ਤਿਆਰ ਕਰਨ ਵਿੱਚ ਗਰੇਵਾਲ ਭਰਾਵਾਂ ਦਾ ਪੂਰੇ ਆਸਟਰੇਲੀਆ ਵਿੱਚ ਕੋਈ ਸਾਨੀ ਨਹੀਂ ਹੈ। ਕਮਲਜੀਤ ਗਰੇਵਾਲ ਮਨਸੂਰਾ ਅੱਜ ਕੱਲ ਕਨੇਡਾ ਅਤੇ ਅਮਰੀਕਾ ਦੇ ਦੌਰੇ ਉੱਤੇ ਹਨ। ਕਮਲਜੀਤ ਸਿੰਘ ਮਨਸੂਰਾ ਵੱਲੋਂ ਖੇਡਾਂ ਦੇ ਖੇਤਰ ਵਿੱਚ, ਸਿੱਖਿਆ ਦੇ ਖੇਤਰ ਵਿੱਚ ਅਤੇ ਸਮਾਜ ਸੇਵੀ ਕੰਮਾਂ ਦੇ ਵਿੱਚ ਉਹਨਾਂ ਨੇ ਆਪਣਾ ਵਿਲੱਖਣ ਯੋਗਦਾਨ ਪਾਇਆ ਹੈ।

ਸਮਾਜ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਦੀ ਕਦਰ ਕਰਦੇ ਅਮਰੀਕਾ ਦੇ ਚਰਚਿਤ ਕਬੱਡੀ ਪ੍ਰਮੋਟਰ , ਜਰਖੜ ਖੇਡਾਂ ਦੇ ਖੇਡ ਪ੍ਰਬੰਧਕ ਮਨਮੋਹਨ ਗਰੇਵਾਲ ਉਰਫ ਮੋਹਣਾ ਜੋਧਾਂ ਅਤੇ ਉਹਨਾਂ ਦੀ ਟੀਮ ਦੇ ਸਾਥੀਆਂ ਵੱਲੋਂ ਕਮਲਜੀਤ ਸਿੰਘ ਗਰੇਵਾਲ ਮਨਸੂਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਿਆਟਲ ਦੇ ਸਥਾਨਕ ਤੁਲਾਲਿਪ ਰਿਜ਼ੋਰਟ ਵਿਖੇ ਇਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਾਦੇ ਸਮਾਗਮ ਦੌਰਾਨ ਦੇਸ਼ ਵਿਦੇਸ ਤੋਂ ਇਕੱਤਰ ਹੋਏ ਦੋਸਤਾਂ ਮਿੱਤਰਾਂ ਦੀ ਢਾਣੀ ਨੂੰ ਮਨਮੋਹਣ ਗਰੇਵਾਲ ਉਰਫ ਮੋਹਣਾ ਜੋਧਾਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਕਮਲਜੀਤ ਸਿੰਘ ਗਰੇਵਾਲ ਹੋਰਾਂ ਨੇ ਨਾ ਸਿਰਫ ਅਸਟਰੇਲੀਆ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਸਗੋਂ ਉਹ ਲੁਧਿਆਣਾ ਜ਼ਿਲ੍ਹੇ ਦੀ ਵੀ ਇੱਕ ਜਾਣੀ ਪਹਿਚਾਣੀ ਹਸਤੀ ਹਨ। ਉਹਨਾਂ ਨੇ ਪਿੰਡ ਜੋਧਾਂ ਅਤੇ ਪਿੰਡ ਮਨਸੂਰਾਂ ਦਾ ਨਾਮ ਪੂਰੀ ਦੁਨੀਆ ਵਿੱਚ ਰੋਸ਼ਨ ਕੀਤਾ ਹੈ। ਸਾਡੀ ਗਰੇਵਾਲ ਬਿਰਾਦਰੀ ਦਾ ਉਹ ਇੱਕ ਵੱਡਾ ਮਾਣ ਹਨ। ਉਹਨਾਂ ਦੀਆਂ ਸਮਾਜ ਪ੍ਰਤੀ ਸਿੱਖਿਆ, ਖੇਡਾਂ ਪ੍ਰਤੀ ਦਿੱਤੀਆਂ ਸੇਵਾਵਾਂ ਨੂੰ ਦੇਖਦਿਆਂ ਅੱਜ ਸਿਆਟਲ ਵਿਖੇ ਉਹਨਾਂ ਨੂੰ "ਗਰੇਵਾਲਾ ਦਾ ਮਾਣ" ਵਜੋਂ ਸਨਮਾਨ ਦੇ ਕੇ ਸਨਮਾਨਿਤ ਕਰਕੇ ਮਾਣ ਮਹਿਸੂਸ ਕਰ ਰਹੇ ਹਾਂ।

ਇਸ ਮੌਕੇ ਕਮਲਜੀਤ ਸਿੰਘ ਗਰੇਵਾਲ ਨੇ ਬੋਲਦਿਆਂ ਆਖਿਆ ਕਿ ਉਹਨਾਂ ਦੇ ਪਰਿਵਾਰ ਨੇ ਇੱਕ ਆਮ ਪਰਿਵਾਰ ਚੋਂ ਉੱਠ ਕੇ ਰੋਜੀ ਰੋਟੀ ਦੇ ਨਿਰਬਾਹ ਲਈ ਪਰਵਾਸ ਕੀਤਾ ਸੀ। ਪਰ ਪਰਮਾਤਮਾ ਦੀ ਕਿਰਪਾ ਨਾਲ ਅਤੇ ਉਹਨਾਂ ਦੀ ਅਣਥਕ ਮਿਹਨਤ ਨਾਲ ਆਸਟ੍ਰੇਲੀਆ ਵਿਖੇ ਮਿਲਡੂਰਾ ਸ਼ਹਿਰ ਵਿਖੇ ਆਮ ਰੋਜ਼ ਦੀਆਂ ਖਾਣ ਪੀਣ ਦੀਆਂ ਜ਼ਰੂਰੀ ਵਸਤਾਂ ਦੇ ਸ਼ੁਰੂ ਕੀਤੇ ਪ੍ਰੋਜੈਕਟ ਜਿਸਦੀ ਪਹਿਚਾਣ "ਗਰੇਵਾਲ ਆਟਾ ਚੱਕੀ" ਵਜੋਂ ਵਿਕਸਤ ਹੋਈ, ਉਸਦੀ ਮੰਗ ਆਸਟਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ ਤੋਂ ਬਾਹਰ ਤੱਕ ਹੈ। ਖੇਡਾਂ, ਸਿੱਖਿਆ ਅਤੇ ਸਮਾਜ ਦੀ ਸੇਵਾ ਕਰਨਾ ਉਹਨਾਂ ਦਾ ਇੱਕ ਇਸ਼ਟ ਹੈ। ਉਹ ਆਪਣੇ ਜਮਾਤੀ ਬਾਈ ਮੋਹਣਾ ਜੋਧਾਂ ਅਤੇ ਸਿਆਟਲ ਸਾਰੇ ਖੇਡ ਪ੍ਰਬੰਧਕਾਂ ਦੇ ਹਮੇਸ਼ਾ ਰਿਣੀ ਰਹਿਣਗੇ ਜਿਨਾਂ ਨੇ ਇੱਕ ਨਾ ਚੀਜ ਇਨਸਾਨ ਨੂੰ ਇਨਾ ਵੱਡਾ ਸਨਮਾਨ ਦਿੱਤਾ ਹੈ।

ਇਸ ਮੌਕੇ ਖੇਡ ਪ੍ਰਮੋਟਰ ਮਨਜੀਤ ਸਿੰਘ ਚਾਹਲ ਕਣਕਵਾਲ ਨੇ ਆਖਿਆ ਖੇਡਾਂ ਅਤੇ ਸਭਿਆਚਾਰ ਨੂੰ ਪ੍ਰਮੋਟ ਕਰਨ ਵਿੱਚ ਸਿਆਟਲ ਵਾਸੀਆਂ ਦਾ ਅਹਿਮ ਯੋਗਦਾਨ ਰਿਹਾ ਹੈ। ਕਮਲਜੀਤ ਸਿੰਘ ਗਰੇਵਾਲ ਦਾ ਸਨਮਾਨ ਇੱਕ ਸਿਆਟਲ ਵੱਸਦੇ ਪੰਜਾਬੀ ਭਾਈਚਾਰੇ ਦਾ ਸਨਮਾਨ ਹੈ। ਇਸ ਮੌਕੇ ਕਮਲਜੀਤ ਸਿੰਘ ਗਰੇਵਾਲ ਨੇ ਸਿਆਟਲ ਦੇ ਖੇਡ ਪ੍ਰਬੰਧਕਾਂ ਨੂੰ ਅਗਲੇ ਵਰੇ ਮਿੱਲਡੂਰਾ ਵਿਸਾਖੀ ਖੇਡ ਮੇਲਾ ਅਤੇ ਸਿੱਖ ਖੇਡਾਂ ਮੈਲਬੌਰਨ 2026 ਤੇ ਅਪ੍ਰੈਲ ਮਹੀਨੇ ਆਉਣ ਦਾ ਸੱਦਾ ਪੱਤਰ ਵੀ ਦਿੱਤਾ। ਇਸ ਮੌਕੇ ਕਬੱਡੀ ਪ੍ਰਮੋਟਰ ਪੰਮਾ ਰਤਨਾ ਸਿਆਟਲ, ਅੰਗਰੇਜ਼ ਸਿੰਘ, ਹਰਜਿੰਦਰ ਸਿੰਘ ਸੇਖੋਂ, ਪਰਮਿੰਦਰ ਸਿੰਘ ਧਾਲੀਵਾਲ ਪੱਖੋਵਾਲ, ਖੁਸ਼ ਔਲਖ, ਰਮਨਦੀਪ ਸਿੰਘ ਬੋਪਾਰਾਏ, ਸੈਂਟੀ ਤੂਰ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।







